ੴ ਸਤਿਗੁਰ ਪ੍ਰਸਾਦਿ ॥

# ਮਹਾਰਾਣੀ ਜਿੰਦਾਂ

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲੇਖਕ: ਜਸਬੀਰ ਸਿੰਘ

Ph. : (0172-2696891), 09988160484

Type Setting : Radheshyam Choudhary
Mob. : 098149- 66882

Download Free

ਲੇਖਕ: ਜਸਬੀਰ ਸਿੰਘ

## ਕਾਂਡ-1

# ਮਹਾਰਾਣੀ ਜਿੰਦਾਂ

**15 ਅਪ੍ਰੈਲ 1849**

ਰਾਤ ਦੇ ਹਨੇਰੇ ਵਿਚ ਚੁਨਾਰ ਦਾ ਕਿਲ੍ਹਾ ਕਾਲੇ ਪਹਾੜ ਵਾਂਗ ਦਿੱਸਦਾ ਹੈ ਅਤੇ ਉਸਦੇ ਚੌਗਿਰਦੇ ਚੁੱਪ ਦਾ ਰਾਜ ਹੈ। ਕਿਲ੍ਹੇ ਦੇ ਰਾਖਿਆਂ ਦੀ ਆਵਾਜ਼ ਕਦੀ ਕਦਾਈਂ ਚੁੱਪ ਦੇ ਜਾਦੂਨੂੰ ਤੋੜਦੀ ਹੋਈ ਨਿੱਕੀਆਂ ਪਹਾੜੀਆਂ ਦੀਆਂ ਖੱਡਾਂ ਅਤੇ ਹਨੇਰੇ ਵਿਚ ਗੁੰਮ ਹੋ ਜਾਂਦਾ ਹੈ। ਕਿਲ੍ਹੇ ਵਿਚ ਫ਼ੌਜ ਨਾਲੋਂ ਬਹੁਤੇ ਕਰਮਾਂ ਮਾਰੇ ਕੈਦੀ ਹਨ, ਜੋ ਆਜ਼ਾਦ ਜੀਵਨ ਦੇ ਸੁਪਨੇ ਲੈ ਰਹੇ ਹਨ।

ਕੁੱਕੜ ਦੀ ਪਹਿਲੀ ਬਾਂਗ ਦੇ ਨਾਲ ਹੀ ਕੈਦਣ ਮਹਾਰਾਣੀ ਜਿੰਦ ਕੌਰ ਆਪਣੇ ਪਲੰਘ ਤੋਂ ਉੱਠੀ ਅਤੇ ਫ਼ਰਸ਼ ਉਤੇ ਸੁੱਤੀ ਦਾਸੀ ਨੂੰ ਉਸ ਨੇ ਹਲੂਣ ਦੇ ਜਗਾਇਆ।

"ਸ਼ਾਮੋ, ਜੋ ਕੁਝ ਮੈਂ ਰਾਤੀਂ ਆਖਿਆ ਸੀ, ਉਹ ਹੁਣ ਮੈਂ ਕਰਨ ਲਗੀ ਹਾਂ। ਤੂੰ ਉਠ ਤੇ ਮੇਰੀ ਮਦਦ ਕਰ। ਮੈਨੂੰ ਤੇਰੇ ਤੇ ਪੂਰਾ ਭਰੋਸਾ ਹੈ।" ਦਾਸੀ ਨੂੰ ਸੰਬੋਧਨ ਕਰਕੇ ਮਹਾਰਾਣੀ ਨੇ ਆਖਿਆ।

"ਜਿਵੇਂ ਆਗਿਆ ਮਹਾਰਾਣੀ ਜੀ, ਦੱਸੋ ਮੈਂ ਕੀ ਕਰਾਂ?" ਆਪਣੇ ਫ਼ਰਸ਼ੀ ਬਿਸਤਰੇ ਤੋਂ ਉਠ ਕੇ ਖਲੋਂਦੀ ਹੋਈ ਦਾਸੀ ਸ਼ਾਮੋ ਨੇ ਪੁੱਛਿਆ।

"ਇਹ ਲੈ ਮੇਰੇ ਸੋਨੇ ਦੇ ਕੜੇ ਅਤੇ ਮੇਰੇ ਉਦਾਲੇ ਦੇ ਕੀਮਤੀ ਕਪੜੇ। ਇਨ੍ਹਾਂ ਨੂੰ ਪਾ ਕੇ ਤੂੰ ਮੇਰੀ ਥਾਂ ਮਹਾਰਾਣੀ ਬਣ ਕੇ ਮੇਰੇ ਪਲੰਘ ਤੇ ਸੌਂ ਜਾ। ਕੜੇ ਵਾਲੀ ਇਕ ਬਾਂਹ ਨੰਗੀ ਰਖ ਕੇ ਪਲੰਘ ਤੋਂ ਹੇਠਾਂ ਲਮਕਾ ਛੱਡੀਂ ਤਾਂ ਕਿ ਸੰਤਰੀ ਇਹ ਸਮਝੇ ਕਿ ਮਹਾਰਾਣੀ ਅਜੇ ਸੁਤੀ ਪਈ ਹੈ। ਉਠ ਛੇਤੀ ਕਰ ਸੰਤਰੀ ਚੱਕਰ ਕੱਟ ਕੇ ਵਾਪਸ ਔਣ ਵਾਲਾ ਹੈ।"

ਏਨਾ ਆਖ ਕੇ ਮਹਾਰਾਣੀ ਨੇ ਆਪਣੇ ਹਥੋਂ ਸੋਨੇ ਦੇ ਕੜੇ ਤੇ ਚੂੜੀਆਂ ਲਾਹ ਕੇ ਸ਼ਾਮੋ ਨੂੰ ਫੜਾ ਦਿੱਤੀਆਂ। ਸ਼ਾਮੋ ਦੇ ਹੱਥ ਵੀ ਮਹਾਰਾਣੀ ਵਾਂਗ ਗੋਰੇ ਤੇ ਭਾਰੇ ਸਨ। ਕਮਰੇ ਦੀਆਂ ਬਾਰੀਆਂ ਬੰਦ ਸਨ। ਫਿਰ ਵੀ ਹੋਰ ਉਹਲੇ ਹੋਕੇ ਮਹਾਰਾਣੀ ਨੇ ਆਪਣੇ ਉਦਾਲੇ ਦੇ ਸਾਰੇ ਕੀਮਤੀ ਲੀੜੇ ਲਾਹ ਕੇ ਸ਼ਾਮੋ ਨੂੰ ਦਿਤੇ ਤੇ ਉਸਦੇ ਦਾਸੀਆਂ ਵਾਲੇ ਮਮੂਲੀ ਕਪੜੇ ਆਪ ਪਾ ਲਏ। ਸਮੇਂ ਦੇ ਫੇਰ, ਸ਼ੇਰੇ ਪੰਜਾਬ ਦੀ ਪਿਆਰੀ ਮਹਾਰਾਣੀ ਅੱਜ ਦਾਸੀ ਬਣ ਗਈ, ਤਨ ਦੇ ਕਿਸੇ ਅੰਗ ਨਾਲ ਕੋਈ ਸੋਨੇ ਜਾਂ ਚਾਂਦੀ ਦਾ ਗਹਿਣਾ ਨਹੀਂ ਰਖਿਆ। ਸਿਰ ਦੇ ਵਾਲਾਂ ਦੀਆਂ ਮੇਢੀਆਂ ਖੋਲ੍ਹ ਦਿੱਤੀਆਂ ਅਤੇ ਉਨ੍ਹਾਂ ਨੂੰ ਮਲ ਕੇ ਅਨਵਾਹੇ ਜਹੇ ਕਰ ਲਿਆ। ਦੀਵੇ ਦੇ ਗੁਲ ਦੀ ਕਾਲਖ ਨਾਲ ਅੱਖਾਂ ਦੇ ਹੇਠਾਂ ਗੁਲਾਬੀ ਗੱਲਾਂ ਉਤੇ ਛੋਟੇ-ਛੋਟੇ ਕਾਲੇ ਦਾਗ ਪਾ ਲਏ, ਜਿਵੇਂ ਸ਼ਾਮੋ ਦੇ ਚਿਹਰੇ ਉਤੇ ਕੁਦਰਤੀ ਪਏ ਹੋਏ ਸਨ। ਸ਼ਾਮੋ ਦੀ ਠਿੱਬੀ ਤੇ ਪੁਰਾਣੀ ਜੁੱਤੀ ਪਾ ਲਈ।

"ਨਿੱਕੀਆਂ ਸੋਨੇ ਦੀਆਂ ਟੂਮਾਂ ਨਾਲ ਲੈ ਜਾਓ, ਵੇਲੇ ਕੁਵੇਲੇ ਕੰਮ ਆਉਣਗੀਆਂ।" ਸਿਆਣੀ ਦਾਸੀ ਨੇ

ਬੜੀ ਮੱਧਮ ਜਿਹੀ ਅਵਾਜ਼ ਵਿਚ ਹਮਦਰਦੀ ਨਾਲ ਕੰਬ ਰਹੇ ਹਿਰਦੇ ਉਤੇ ਹੱਥ ਰੱਖ ਕੇ ਆਖਿਆ।

"ਕਿਹੜੀਆਂ?"

"ਛਾਪਾਂ ਛਲੇ ਤੇ ਦੋ ਹਾਰ।"

"ਰੱਖਾਂ ਕਿੱਥ?"

"ਟਾਕੀ ਵਿਚ ਵਲ੍ਹੇਟ ਕੇ ਲੱਕ ਨਾਲ ਬੰਨ੍ਹ ਲਓ। ਹੋ ਸਕਦਾ ਹੈ ਸੰਤਰੀ ਤਲਾਸ਼ੀ ਨਾ ਲਵੇ। ਉਹ ਸੁਸਤ ਜਿਹਾ ਬੰਦਾ ਹੈ, ਉਸ ਨੇ ਕਦੀ ਮੈਨੂੰ ਕੁਝ ਪੁਛਿਆ ਹੀ ਨਹੀਂ।"

"ਗੱਲ ਤਾਂ ਤੇਰੀ ਠੀਕ ਹੈ।"

'ਭਾਵੇਂ ਗੋਮਾਂ ਕੋਲ ਮੈਂ ਬੜਾ ਕੁਝ ਛੱਡ ਆਈ ਹਾਂ,' ਦਾਸੀ ਬੋਲੀ ਗਈ, ਪਰ ਹੋ ਸਕਦਾ ਹੈ, ਉਸ ਨਾਲ ਟਾਕਰਾ ਨਾ ਹੋਵੇ, ਜਾਂ ਆਪਣੇ ਬਚਾ ਦੀ ਖ਼ਾਤਰ ਕਿਸੇ ਹੋਰ ਰਾਹ ਭਜਣਾ ਪਵੇ, ਇਸ ਵਾਸਤੇ ਪੱਲੇ ਕੋਈ ਨਾ ਕੋਈ ਆਸਰਾ ਹੋਣਾ ਬਹੁਤ ਜ਼ਰੂਰੀ ਹੈ। ਜਿਥੇ ਕੋਈ ਕਿਸੇ ਦਾ ਬੇਲੀ ਨਾ ਹੋਵੇ, ਉਥੇ ਸੋਨਾ ਸਾਰੇ ਕੰਮ ਸਾਰਦਾ ਹੈ। ਬਾਕੀ ਗੱਲਾਂ ਦਾ ਸਰਕਾਰ ਨੂੰ ਪਤਾ ਹੀ ਹੈ।

"ਉਹ ਲਿਖਿਆ ਕਾਗ਼ਜ ਵੀ ਮੈਂ ਵਾਲਾਂ ਵਿਚ ਰਖ ਲਿਆ ਹੈ," ਸਿਰ ਨੂੰ ਟੋਂਹਦੀ ਹੋਈ ਮਹਾਰਾਣੀ ਬੋਲੀ, ਦੇਖ ਸ਼ਾਮੋ ਮੇਰੀ ਖ਼ਾਤਰ, ਮੇਰੇ ਪੁੱਤਰ ਦੇ ਭਲੇ ਵਾਸਤੇ ਅਤੇ ਆਪਣੇ ਸਿਖ ਰਾਜ ਵਾਸਤੇ ਮੈਂ ਤੈਨੂੰ ਆਖਦੀ ਹਾਂ ਭਾਵੇਂ ਤੈਨੂੰ ਮਾਰ ਸੁੱਟਣ ਪਰ ਤੂੰ ਇਹ ਨਾ ਦੱਸੀਂ ਕਿ ਮੈਂ ਕਿਧਰ ਗਈ ਹਾਂ। ਜੇ ਮੇਰੇ ਦਿਨ ਫਿਰ ਗਏ ਅਤੇ ਤੇਰੀ ਜਾਨ ਬਚ ਗਈ ਤਾਂ ਤੈਨੂੰ ਜ਼ਰੂਰ ਮਾਲਾ ਮਾਲ ਕਰ ਦਿਆਂਗੀ।"

ਹਮਦਰਦ ਤੇ ਪਿਆਰ ਦੇ ਵਲਵਲੇ ਨਾਲ ਦਾਸੀ ਬੇਹਬਲ ਹੋ ਉੱਠੀ। ਉਸ ਦੀਆਂ ਅੱਖਾਂ ਵਿਚੋਂ ਅੱਥਰੂ ਕਿਰਨ ਲੱਗ ਪਏ ਤੇ ਡੱਡੇ-ਲਿਕੀ ਹੋ ਕੇ ਉਹ ਹੌਲੀ-ਹੌਲੀ ਬੋਲੀ ਗਈ, "ਸਰਕਾਰ, ਦਾਸੀ ਆਪ ਦੀ ਗੁਲਾਮ ਹੈ। ਜਾਨ ਵਾਰ ਦੇਵੇਗੀ ਪਰ ਕਿਸੇ ਨੂੰ ਇਹ ਨਹੀਂ ਦੱਸੇਗੀ ਕਿ ਮੇਰੀ ਪਿਆਰੀ ਮਹਾਰਾਣੀ ਮੈਨੂੰ ਛੱਡ ਕੇ ਕਿੱਥੇ ਗਈ ਹੈ? ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਜਾਓ, ਚਿੰਤਾ ਨਾ ਕਰੋ। ਵਾਹਿਗੁਰੂ ਤੁਸਾਂ ਨੂੰ ਕਾਮਯਾਬ ਕਰੇ। ਮਾਂ-ਪੁੱਤ ਦਾ ਮੇਲ ਹੋਵੇ ਤੇ ਪੰਜਾਬ ਦੇ ਦਿਨ ਫਿਰਨ।" ਅਥਰੂ ਪੂੰਝ ਕੇ ਰਤਾ ਹੌਸਲੇ ਨਾਲ, "ਮੈਂ ਹੋ ਕੇ ਬਦਸ਼ਗਨੀ ਨਹੀਂ ਕਰਨਾ ਚਾਹੁੰਦੀ, ਭਾਵੇਂ ਰੋਣਾ ਮੇਰੇ ਵੱਸ ਦੀ ਗੱਲ ਨਹੀਂ, ਤੁਸਾਂ ਤੋਂ ਵਿਛੜ ਕੇ ਮੈਂ ਕਿਵੇਂ ਜੀਵਾਂਗੀ। ਸਭ ਕੁਝ ਝੱਲਾਂਗੀ, ਮੇਰੀ ਪਿਆਰੀ ਮਹਾਰਾਣੀ ਜਾਓ!"

ਦਾਸੀ ਨੇ ਮਹਾਰਾਣੀ ਦੇ ਚਰਨਾਂ ਦੀ ਖ਼ਾਕ ਲੈ ਕੇ ਆਪਣੇ ਮੱਥੇ ਤੇ ਅੱਖਾਂ ਨੂੰ ਲਾਈ।

ਮਹਾਰਾਣੀ ਅੱਜ ਦਾਸੀ ਬਣ ਗਈ ਹੈ। ਉਸ ਪਿੱਤਲ ਦੀ ਗਾਗਰ ਨੂੰ ਢਾਕੇ ਚੁੱਕ ਲਿਆ ਹੈ, ਜੋ ਕਿ ਉਸਦੀ ਦਾਸੀ ਸ਼ਾਮੋ ਕਈਆਂ ਚਿਰਾਂ ਤੋਂ ਇਵੇਂ ਹੀ ਚੁੱਕਦੀ ਹੁੰਦੀ ਸੀ ਤੇ ਸੀਤਲ ਜਲ ਲਿਆ ਕੇ ਮਹਾਰਾਣੀ ਜੀ ਨੂੰ ਇਸ਼ਨਾਨ ਕਰਾਇਆ ਕਰਦੀ ਸੀ। ਜਿਵੇਂ ਸ਼ਿਵਾ ਜੀ ਮਰਹੱਟਾ ਔਰੰਗਜ਼ੇਬ ਦੀ ਕੈਦ ਵਿਚੋਂ ਚਲਾਕੀ ਨਾਲ ਨੱਸਿਆ ਸੀ ਤੇ ਆਪਣੀ ਕਿਸਮਤ ਨੂੰ ਚੰਗੇਰਾ ਬਣਾ ਲਿਆ ਸੀ, ਤਿਵੇਂ ਅੱਜ ਅੰਗਰੇਜ਼ ਦੀ ਕੈਦ ਵਿਚੋਂ ਇਹ ਆਜ਼ਾਦ ਹੋ ਕੇ ਆਪਣੇ

ਭਾਗਾਂ ਨੂੰ ਤੋਲਣਾ ਚਾਹੁੰਦੀ ਹੈ। ਪੁੱਤਰ-ਵਿਛੋੜੇ ਕਰਕੇ ਉਸ ਨੂੰ ਚੈਨ ਨਾਲ ਜੀਉਣ ਨਹੀਂ ਦੇਂਦੀ । ਤਿੰਨ ਸਾਲ ਹੋ ਗਏ ਹਨ ਪਿਆਰੇ ਬੱਚੇੜੇ ਦਾ ਮੂੰਹ ਤਕ ਨਹੀਂ ਦੇਖਿਆ ਤੇ ਉਸਨੂੰ ਲਾਡ ਨਹੀਂ ਲਡਾਏ। ਮਨ ਵਿਚ ਸੰਸਾ ਹੈ ਕਿ ਖ਼ਬਰੇ ਉਹ ਰਾਜ਼ੀ ਹੈ ਜਾਂ ਬੀਮਾਰ, ਸੁਖੀ ਹੈ ਜਾਂ ਦੁਖੀ? ਕਿਤੇ ਰਾਜ ਧਰੋਹੀਆਂ ਦੀ ਅੱਤ ਦਾ ਸ਼ਿਕਾਰ ਤਾਂ ਨਹੀਂ ਹੋ ਗਿਆ? ਉਸ ਨੂੰ ਰਾਜ-ਭਾਗ ਦੀ ਚਾਹ ਨਹੀਂ। ਬਸ ਇਹੋ ਲੋਚਦੀ ਹੈ ਕਿ ਪੁੱਤਰ ਮਿਲ ਜਾਵੇ ਤੇ ਉਹ ਸੌਂਤਰੀ ਰਹੇ। ਮਾਂ ਪੁੱਤਰ ਨੂੰ ਛਾਤੀ ਨਾਲ ਲਾਈ: ਮੰਗ ਕੇ ਵੀ ਖਾ ਲਵੇ ਤਾਂ ਉਸ ਨੂੰ ਕੋਈ ਦੁਖ ਨਹੀਂ ਹੁੰਦਾ।

ਸ਼ਾਮੋ ਮਹਾਰਾਣੀ ਦੇ ਪਲੰਘ ਤੇ ਲੇਟ ਗਈ। ਉਸ ਨੇ ਹੱਥ ਨੰਗਾ ਰੱਖ  ਲਿਆ, ਤਾਂ ਕਿ ਸਵੇਰੇ ਆਉਂਦਾ ਹੀ ਸੰਤਰੀ ਦੂਰੋਂ ਦੇਖ ਲਵੇ ਮਹਾਰਾਣੀ ਅਜੇ ਸੁੱਤੀ ਪਈ ਹੈ।

ਉਧਰ ਮਹਾਰਾਣੀ ਦਾਸੀ ਬਣ ਕੇ ਤੁਰ ਪਈ। ਉਸ ਨੇ ਇਹ ਪਿੱਤਲ ਦੀ ਗਾਗਰ ਨਹੀਂ ਸੀ ਚੁਕੀ ਸਗੋਂ ਉਸ ਨੇ ਆਪਣੀ ਕਿਸਮਤ ਨੂੰ ਚੁਕਿਆ ਸੀ।  ਹੋ ਸਕਦਾ ਹੈ ਕਿ ਇਹੋ ਗਾਗਰ ਉਸਨੂੰ ਸੁਖੀ ਕਰ ਦੇਵੇ ਜਾਂ ਫਿਰ ਪਹਿਲੇ ਨਾਲੋਂ ਵੀ ਦੁਖੀ। ਮਹਾਰਾਣੀ ਡਰਨਾ ਤੇ ਘਬਰਾਉਣਾ ਨਹੀਂ ਸਿਖੀ ਸੀ। ਉਹ ਨਿਰਭੈ ਤੇ ਅਡੋਲ ਬਾਹਰ ਨੂੰ ਤੁਰ ਪਈ। ਡਿਉਢੀ ਦੇ ਬੂਹੇ ਤੋਂ ਅਜੇ ਦੂਰ ਹੀ ਸੀ ਕਿ ਸੰਤਰੀ ਨੇ ਬੰਦੂਕ ਦਾ ਕੁੰਦਾ ਭੌਂ ਨਾਲ ਮਾਰ ਕ ਪੁਛਿਆ "ਕੌਣ?"

"ਮੈਂ ਹੂੰ ਦਾਸੀ ਸ਼ਾਮੋ" ਮਹਾਰਾਣੀ ਨੇ ਬਿਨਾਂ ਝਿਜਕ ਦੇ ਸ਼ਾਮੋ ਵਰਗੀ ਮੋਟੀ ਅਵਾਜ਼ ਵਿਚ ਉੱਤਰ ਦਿੱਤਾ।

ਸੰਤਰੀ ਫਿਰ ਬੋਲਿਆ, "ਕਿਸੇ ਦੀ ਦਾਸੀ?"

"ਮਹਾਰਾਣੀ ਜਿੰਦਾਂ ਜੀ ਕੀ,"

"ਇਸ ਸਮੇਂ ਕਹਾਂ ਜਾ ਰਹੀ ਹੈਂ?"

"ਮਹਾਰਾਣੀ ਕੇ ਇਸ਼ਨਾਨ ਕੇ ਲੀਏ ਗੰਗਾ ਮਈਆਂ ਸੇ ਜਲ ਲੇਨੇ।"

"ਹੱਛਾ ਆਓ।"

ਮਹਾਰਾਣੀ ਸੰਤਰੀ ਕੋਲ ਚਲੀ ਗਈ। ਉਸ ਨੇ ਦਰਵਾਜ਼ੇ ਦੀ ਬਾਰੀ ਦਾ ਜਿੰਦਰਾ ਖੋਲ੍ਹ ਦਿਤਾ। ਲਾਲਟੈਣ ਨੂੰ ਉੱਚੀ ਕਰਕੇ ਮਹਾਰਾਣੀ ਦੇ ਚਿਹਰੇ ਵੱਲ ਵੀ ਦੇਖਿਆ, ਪਰ ਉਸਨੂੰ ਕੋਈ ਸ਼ੱਕ ਨਾ ਪਿਆ। ਸੱਚ-ਮੁੱਚ ਮਹਾਰਾਣੀ ਉਸ ਵੇਲੇ ਦਾਸੀ ਸ਼ਾਮੋ ਹੀ ਪ੍ਰਤੀਤ ਹੁੰਦੀ ਸੀ। ਸ਼ਾਮੋ ਦਾ ਕੱਦ-ਕਾਠ ਵੀ ਮਹਾਰਾਣੀ ਵਾਂਗ ਹੀ ਸੀ ਤੇ ਰੰਗ ਦਾ ਥੋੜਾ ਬਹੁਤਾਂ ਫ਼ਰਕ ਸੀ, ਉਹ ਮਹਾਰਾਣੀ ਨੇ ਦੀਵੇ ਦੀ ਕਾਲਖ ਨਾਲ ਦੂਰ ਕਰ ਦਿੱਤਾ ਸੀ। ਨਾਲ ਹੀ ਮਹਾਰਾਣੀ ਨੂੰ ਇਸ ਕਿਲ੍ਹੇ ਵਿਚ ਆਇਆਂ ਥੋੜੇ ਹੀ ਦਿਨ ਹੋਏ ਸਨ, ਸਾਰੇ ਸਿਪਾਹੀ ਉਸ ਦੀ ਸ਼ਕਲ ਸੂਰਤ ਤੋਂ ਚੰਗੀ ਤਰ੍ਹਾਂ ਜਾਣੂ ਵੀ ਨਹੀਂ ਸਨ। ਉਹ ਨਵੇਕਲੀ ਥਾਂ ਤੇ ਰਹਿੰਦੀ ਸੀ ਤੇ ਦੋ ਕੁ ਸਿੱਖ ਅਫ਼ਸਰਾਂ ਅਤੇ ਇਕ ਅੰਗਰੇਜ਼ ਅਫ਼ਸਰ ਤੋਂ ਬਿਨਾਂ ਹੋਰ ਕੋਈ ਉਸ ਪਾਸੇ ਜਾਂਦਾ ਹੀ ਨਹੀਂ ਸੀ।

ਉਹ ਬਾਰੀ ਰਾਹੀਂ ਕਿਲ੍ਹੇ ਦੀ ਚਾਰ ਦੁਆਰੀ ਤੋਂ ਬਾਹਰ ਹੋ ਗਈ। ਬਾਰੀ ਫਿਰ ਬੰਦ ਹੋ ਗਈ।

# ਕਾਂਡ-2

ਚੁਨਾਰ ਦਾ ਕਿਲ੍ਹਾ ਸੂਬਾ ਯੂ.ਪੀ. ਦੇ ਜ਼ਿਲ੍ਹੇ ਮਿਰਜ਼ਾਪੁਰ ਵਿਚ ਹੈ। ਇਹ ਗੰਗਾ ਦੇ ਦੱਖਣੀ ਕੰਢੇ ਉਤੇ ਇਕ ਛੋਟੀ ਜਿਹੀ ਪਹਾੜੀ ਤੇ ਲਾਲ ਪੱਥਰ ਦਾ ਬਣਿਆ ਹੋਇਆ ਹੈ। ਅਜ ਕਲ੍ਹ ਇਸੇ ਹੀ ਨਾਂ ਦਾ ਇਕ ਛੋਟਾ ਜਿਹਾ ਸ਼ਹਿਰ ਇਸ ਦੇ ਲਾਗੇ ਆਬਾਦ ਹੈ।

ਕਿਲ੍ਹੇ ਦੀ ਇਮਾਰਤ ਪੁਰਾਣੀ ਕਾਰੀਗਰੀ ਦਾ ਚੰਗਾ ਨਮੂਨਾ ਹੈ। ਇਹ ਕਿਲ੍ਹਾ 800 ਗਜ਼ ਲੰਮਾ ਅਤੇ 133 ਤੋਂ 200 ਗਜ਼ ਤਕ ਚੌੜਾ ਹੈ। ਉਦਾਲੇ ਦੀ ਫ਼ਸੀਲ ਤੋਂ ਨਾਲੋਂ 80 ਤੋਂ 176 ਫੁਟ ਤਕ ਉੱਚੀ ਹੈ ਅਤੇ ਚੌਗਿਰਦੇ ਦਾ ਘੇਰਾ 2040 ਗਜ਼ ਹੈ। ਨਿਰਮਲ ਜਲ ਵਾਲੀ ਗੰਭੀਰ ਤੇ ਸ਼ਾਂਤ ਗੰਗਾ ਅਤੇ ਉਸ ਦੇ ਕੰਢੇ-ਕੰਢੇ ਹਰਿਆਵਲਾ ਜੰਗਲ ਕਿਲ੍ਹੇ ਦੀ ਫਬਤ ਤੇ ਸੁੰਦਰਤਾ ਨੂੰ ਚਾਰ ਚੰਨ ਲਾ ਰਿਹਾ ਸੀ।

ਆਖਿਆ ਜਾਂਦਾ ਹੈ ਕਿ ਏਸੇ ਹੀ ਅਸਥਾਲ ਉਤੇ ਉਜੈਨ ਦੇ ਰਾਜੇ ਬਿਕ੍ਰਮਾ ਦੱਤ ਦੇ ਭਰਾ ਭਰਥਰੀ ਨਾਥ ਨੇ ਤਪ ਕੀਤਾ ਸੀ। ਕਿਸੇ ਹਿੰਦੂ ਰਾਜੇ ਨੇ ਇਸ ਥਾਂ ਹੀ ਅਨੋਖੀ ਸੁੰਦਰਤਾ ਤੇ ਲੱਟੂ ਹੋ ਕੇ ਇਸ ਕਿਲ੍ਹੇ ਦੀ ਨੀਂਹ ਰਖੀ ਸੀ ਅਤੇ ਪਠਾਣਾਂ ਤੇ ਮੁਗਲਾਂ ਕੋਲੋਂ ਹੋ ਕੇ ਇਹ ਕਿਲ੍ਹਾ ਅੱਜ ਅੰਗਰੇਜ਼ਾਂ ਦੇ ਕਬਜ਼ੇ ਵਿਚ ਹੈ। ਸੰਨ 1818 ਤੋਂ 1890 ਤਕ ਇਹ ਸ਼ਾਹੀ ਕੈਦੀਆਂ ਦਾ ਬੰਦੀਖਾਨਾ ਬਣਿਆ ਰਿਹਾ। ਅਜ ਕਲ੍ਹ ਇਹ ਦੋਸ਼ੀ ਬੱਚਿਆਂ ਅਤੇ ਖਾਨਾ ਬਦੋਸ਼ਾਂ ਦੇ ਸੁਧਾਰ ਵਾਸਤੇ ਇਕ ਸੁਧਾਰਕ ਜੇਲ੍ਹ ਹੈ।

1847 ਵਿਚ ਮਹਾਰਾਦੀ ਜਿੰਦਾਂ ਨੂੰ ਲਾਹੌਰੋਂ ਜਲਾਵਤਨ ਕਰਕੇ ਸ: ਭੂਰਾ ਸਿੰਘ ਦੀ ਨਿਗਰਾਨੀ ਹੇਠ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਨਜ਼ਰ-ਬੰਦ ਕਰ ਦਿੱਤਾ ਗਿਆ ਸੀ। ਬਹਾਨਾ ਇਹ ਸੀ ਕਿ ਮਹਾਰਾਜਾ ਦਲੀਪ ਸਿੰਘ ਨੂੰ ਪੁੱਠੀਆਂ ਮੱਤਾਂ ਦੇਂਦੀ ਅਤੇ ਅੰਗਰੇਜ਼ਾਂ ਵਿਰੁਧ ਸਾਜ਼ਸ਼ਾਂ ਕਰਦੀ ਹੈ, ਪਰ ਉਥੋਂ ਛੇਤੀ ਹੀ ਮਹਾਰਾਣੀ ਦੀ ਮਰਜ਼ੀ ਵਿਰੁਧ ਉਸ ਨੂੰ ਅਲਾਹਬਾਦ ਦੇ ਕਿਲ੍ਹੇ ਵਿਚ ਲਿਆਕੇ ਬੰਦ ਕੀਤਾ ਗਿਆ। ਅਲਾਹਬਾਦੋਂ ਬਨਾਰਸ ਤੇ ਬਨਾਰਸੋਂ ਇਸ ਚੁਨਾਰ ਦੇ ਕਿਲ੍ਹੇ ਵਿਚ ਲਿਆਂਦਾ ਗਿਆ। ਅੰਗਰੇਜ਼ ਦੇ ਦਿਲ ਨੂੰ ਤਸੱਲੀ ਹੋ ਗਈ ਕਿ ਹੁਣ ਮਹਾਰਾਣੀ ਕਿਸੇ ਹਾਲਤ ਵਿਚ ਵੀ ਪੰਜਾਬ ਨਹੀਂ ਜਾ ਸਕਦੀ ਅਤੇ ਨਾ ਹੀ ਉਨ੍ਹਾਂ ਦੇ ਵਿਰੁਧ ਸਿੱਖ ਜਨਤਾ ਨੂੰ ਭੜਕਾ ਸਕਦੀ ਹੈ। ਪਰ ਸਿਆਣੀ ਮਹਾਰਾਣੀ ਨੂੰ ਵੀ ਇਹ ਗਿਆਨ ਹੋ ਗਿਆ ਕਿ ਹੁਣ ਜਿਉਂਦੇ-ਜੀ ਉਸ ਨੂੰ ਕੋਈ ਆਜ਼ਾਦ ਨਹੀਂ ਕਰੇਗਾ ਤੇ ਨਾ ਹੀ ਉਹ ਪਿਆਰੇ ਪੰਜਾਬ ਦੀ ਧਰਤੀ ਤੇ ਪੈਰ ਰੱਖ ਕੇ ਆਪਣੇ ਦਿਲ ਦੇ ਟੁਕੜੇ ਨੂੰਦੇਖ ਸਕੇਗੀ। ਉਸ ਸੋਚਿਆ ਜੇ ਉਹ ਪੁੱਤਰ ਨੂੰ ਦੇਖਣਾ ਤੇ ਅੰਗਰੇਜ਼ ਦੀ ਗੁਲਾਮੀ ਤੋਂ ਪੰਜਾਬ ਨੂੰ ਨਜਾਤ ਦਿਵਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਇਸ ਚੁਨਾਰ ਦੇ ਕਿਲ੍ਹੇ ਵਿਚੋਂ ਨਿਕਲ ਜਾਣਾ ਚਾਹੀਦਾ ਹੈ ਤੇ ਕੈਦਲ ਬਣ ਕੇ ਆਪਣੇ ਆਪ ਨੂੰ ਇਸ ਵਿਚ ਬੰਦ ਨਹੀਂ ਰੱਖਣਾ ਚਾਹੀਦਾ। ਇਸ ਖ਼ਿਆਲ ਨੇ ਕਿਲ੍ਹੇ ਵਿਚੋਂ ਨੱਸ ਜਾਣ ਦੀ ਇਹ ਸਕੀਮ ਬਣਾਈ ਜਿਸ ਵਿਚ ਉਸ ਨੂੰ ਸਫਲਤਾ ਹਾਸਲ ਹੋਈ।

ਪੱਛਮੀ ਸਭਿਅਤਾ ਅਤੇ ਖ਼ੁਰਾਕ ਦੇ ਘਾਟੇ ਨੇ ਅੱਜ ਪੰਜਾਬ ਦੇ ਮੁੰਡਿਆਂ ਕੁੜੀਆਂ ਨੂੰ ਗਿੱਠ-ਮੁਠੀਏ, ਨਿਰਬਲ ਤੇ ਡਰਾਕਲ ਬਣਾ ਦਿੱਤਾ ਹੈ। ਕੱਦ ਬਦਲ ਗਏ, ਉਮਰਾਂ ਬਦਲ ਗਈਆਂ। ਜਿਹੜਾ ਅਗੇ ਜੁਆਨੀ ਦਾ

ਸਮਾਂ ਸੀ, ਹੁਣ ਉਹ ਬੁਢੇਪਾ ਹੈ, ਜੋ ਬੁਢੇਪੇ ਦਾ ਸੀ, ਉਹ ਹੁਣ ਮੌਤ ਦਾ ਹੈ। ਅੱਜ ਕਲ੍ਹ ਦੇ ਗੱਭਰੂਆਂ ਤੇ ਮੁਟਿਆਰਾਂ ਦਾ ਨਾਂ ਹੀ 'ਡਾਲਡਾ ਗੱਭਰੂ' ਤੇ 'ਕੋਟਾਜਮ ਮੁਟਿਆਰਾਂ' ਪੈ ਗਿਆ ਹੈ। ਪਰ ਮਹਾਰਾਣੀ ਜਿੰਦਾਂ ਅੱਜ ਤੋਂ ਸੌ ਸਾਲ ਪਹਿਲਾਂ ਦੀ ਪੰਜਾਬਣ ਮੁਟਿਆਰ ਸੀ। ਉਸ ਵੇਲੇ ਘਿਉ ਦੁਧ ਦੀਆਂ ਨਹਿਰਾਂ ਵਗਦੀਆਂ ਸਨ। ਜਿੰਨੀਆਂ ਖੁਲ੍ਹਾਂ ਸਨ, ਉਨੇ ਹੀ ਖ਼ਿਆਲ ਪਵਿੱਤਰ ਤੇ ਹੌਸਲੇ ਬੁਲੰਦ ਸਨ। ਭਾਵੇਂ ਪਤੀ ਦੀ ਕੁਵੇਲੇ ਮੌਤ, ਪੁੱਤਰ ਦੇ ਵਿਛੋੜੇ ਅਤੇ ਫ਼ਰੰਗੀ ਦੀ ਕੈਦ ਨੇ ਉਸ ਦਾ ਲਹੂਸੁਕਾ ਦਿੱਤਾ ਸੀ, ਚਿੰਤਾ ਤੇ ਗ਼ਮ ਨਾਲ ਚਿਹਰੇ ਦੀ ਲਾਲੀ ਉੱਡ ਗਈ ਸੀ, ਫਿਰ ਵੀ ਉਹ ਮਰਦਾਂ ਵਾਂਗ ਨਿਡਰ ਕਿਲ੍ਹੇ ਵਿਚੋਂ ਨਿਕਲ ਕੇ ਹਰਨੀ ਵਾਂਗ ਚੁੰਗੀਆਂ ਭਰਦੀ ਹੋਈ ਉੱਚੀਆਂ ਨੀਵੀਆਂ ਥਾਂਵਾਂ ਨੂੰ ਲਿਤਾੜਦੀ ਦਾ ਰਹੀ ਸੀ। ਉਸ ਦੀ ਹਿੱਕ ਵਿਚ ਸੀ ਦਲੇਰ ਦਿਲ ਅਤੇ ਸਿਰ ਵਿਚ ਸੀ ਫ਼ਿਲਾਸਫਰਾਂ ਵਰਗਾ ਦਿਮਾਗ਼।

ਰਾਤ ਹਨੇਰੀ ਸੀ। ਪਿਛਲੀ ਰਾਤ ਦੇ ਤਾਰਿਆਂ ਦੀ ਲੋਅ ਦਾ ਚੋਖਾ ਚਾਨਣ ਸਿਰਫ਼ ਰਾਹ ਲੱਭਣ ਵਿਚ ਹੀ ਮਦਦ ਕਰਦਾ ਸੀ। ਦਰਿਆ ਗੰਗਾ ਦਾ ਰੇਤਲਾ ਕੰਢਾ, ਅਣਡਿੱਠਾ ਪਹਾੜੀ ਇਲਾਕਾ, ਵਿਸਾਖ ਦੇ ਪਹਿਲੇ ਦਿਨ ਹੋਣ ਕਰ ਕੇ ਠੰਢ ਵੀ ਚੋਖੀ ਅਤੇ ਪਿਛੋਂ ਵੈਰੀ ਦੇ ਆਉਣ ਦਾ ਡਰ! ਇਨ੍ਹਾਂ ਸਾਰਿਆਂ ਖ਼ਤਰਿਆਂ ਦਾ ਮੁਕਾਬਲਾ ਮਹਾਰਾਣੀ ਬੜੀ ਦਲੇਰੀ ਤੇ ਅਡੋਲਤਾ ਨਾਲ ਕਰਨ ਲਗੀ। -ਜਵੇਂ ਉਸ ਨੂੰ ਸਮਝਾਇਆ ਗਿਆ ਸੀ, ਤਿਵੇਂ ਹੀ ਉਹ ਦਰਿਆ ਨੂੰ ਜਾਣ ਵਾਲੀ ਪਗ-ਡੰਡੀ ਤੇ ਹੋ ਤੁਰੀ। ਉਸ ਹੌਂਸਲਾ ਨਹੀਂ ਛੱਡਿਆਂ, ਭਾਵੇਂ ਉਸ ਦੇ ਦੋਹੀਂ ਪਾਸੀਂ ਸੜਕਾਂ ਤੇ ਰੁੱਖ, ਅਤੇ ਕਿਤੇ ਉੱਚੀਆਂ ਢੱਡਿਆਂ, ਤੇ ਕਿਤੇ ਨੀਵੀਆਂ ਖੱਡਾਂ ਸਨ। ਕੁਦਰਤ ਸੁਤੀ ਹੋਈ ਸੀ। ਚਾਰੇ ਪਾਸੇ ਚੁਪ ਸੀ ਤੇ ਚੁਪ ਵਿਚ ਰਾਤ ਮੱਧਮ ਜਿਹੀ ਸੁਰ ਵਿਚ ਗਾ ਰਹੀ ਸੀ। ਸੱਪ ਟਿੱਡੀਆਂ ਅਤੇ ਹੋਰ ਕੀੜੇ-ਮਕੌੜੇ ਵੀ ਨੀਂਦ ਦੀ ਘੂਕੀ ਵਿਚ ਕੁਝ ਬੋਲ ਰਹੇ ਸਨ। ਪਰ ਮਹਾਰਾਣੀ ਦੀਆਂ ਅੱਖਾਂ ਵਿਚ ਬਾਲਕ ਮਹਾਰਾਜਾ ਦਲੀਪ ਸਿੰਘ ਦੀ ਸੂਰਤ ਸੀ ਤੇ ਕੰਨ ਉਸ ਇਕਾਗਰਤ ਵਿਚ ਪਿਛੇ ਦੀ ਵੌੜ ਲੈ ਰਹੇ ਸਨ।

ਉਹ ਅਜੇ ਦੋ ਕੁ ਗਜ਼ ਗਈ ਸੀ ਕਿ ਕਿਲ੍ਹੇ ਵਿਚੋਂ 'ਸਭ ਹੱਛਾ' ਦੀ ਅਵਾਜ਼ ਆਈ। ਉਸ ਨੇ ਹੋਰ ਕਾਹਲੀ-ਕਾਹਲੀ ਕਦਮ ਪੁਟੇ। ਇਕ ਦੋ ਥਾਂਈ ਪੈਰਾਂ ਨੂੰ ਠੇਡੇ ਲੱਗੇ ਠਿੱਬੀ ਜੁੱਤੀ ਦਾ ਇਕ ਛਿੱਤਰ ਪੈਰੋਂ ਲੱਥ ਗਿਆ। ਉਸ ਨੂੰ ਛੇਤੀ ਨਾਲ ਪੈਰ ਅੜਾ ਕੇ ਅਗੇ ਨੂੰ ਹੋਈ। "ਹੇ ਅਕਾਲ ਪੁਰਖ, ਮੇਰੀ ਮਦਦ ਕਰ। ਮੈਂ ਕੋਈ ਪਾਪ ਨਹੀਂ ਕਰ ਰਹੀ। ਆਪਣੇ ਦਲੀਪ ਨੂੰ ਦੇਖਣ ਖ਼ਾਤਰ ਇਹ ਸਿਰ-ਧੜ ਦੀ ਬਾਜ਼ੀ ਲਾ ਬੈਠੀ ਹਾਂ। ਮਾਵਾਂ ਤੋਂ ਬਿਨਾਂ ਪੁੱਤਰ ਰੁਲ ਜਾਂਦੇ ਨੇ ਤੇ ਪੁੱਤਰਾਂ ਬਿਨਾਂ ਮਾਵਾਂ ਤੜਪ ਤੜਪ ਕੇ ਮਰ ਜਾਂਦੀਆਂ ਹਨ।" ਮਹਾਰਾਣੀ ਦੇ ਦਿਲ ਦੀ ਇਹ ਆਵਾਜ਼ ਸੀ।

ਪੱਥਰਾਂ ਤੇ ਵੱਟਿਆਂ ਨਾਲ ਠੇਡੇ ਖਾਂਦੀ ਹੋਈ ਉਹ ਗੰਗਾ-ਕਿਨਾਰੇ ਜਾ ਪੁੱਜੀ।

ਗੰਗਾ ਦਾ ਸੂੱਛ ਤੇ ਸੀਤਲ ਜਲ ਹੌਲੀ-ਹੌਲੀ ਮਸਤ ਚਾਲੇ ਤੁਰਿਆ ਜਾਂਦਾ ਸੀ ਉਸ ਵਿਚ ਨਾ ਛੱਲਾਂ ਸਨ ਨਾ ਕਪਰ, ਹਾਂ ਕਦੀ ਕਦਾਈਂ ਕੋਈ ਮੱਛੀ ਉਛਲ ਕੇ ਉਸ ਦੀ ਇਕਾਗਰਤਾ ਤੇ ਮਸੁਰਤਾ ਨੂੰ ਤੋੜਦੀ ਸੀ। ਜਿਹੜੀ ਚੀਜ਼ ਸੁਖ ਵੇਲੇ ਸੋਹਣੀ ਲਗਦੀ ਹੈ, ਮੁਸੀਬਤ ਸਮੇਂ ਉਹੋ ਡਰਾਉਣੀ ਭਾਸਦੀ ਹੈ। ਸੂਰਜ ਚੜ੍ਹਨ ਤੋਂ ਪਹਿਲਾਂ ਜਿਸ ਦਰਿਆ ਨੂੰ ਉਹ ਝਰੋਖੇ ਵਿਚੋਂ ਦੇਖ-ਦੇਖ ਕੇ ਖ਼ੁਸ਼ ਹੋਇਆ ਕਰਦੀ ਸੀ, ਅਜ ਉਸ ਨੂੰ ਉਹ ਦੇਖਣਾ ਨਹੀਂ ਸੀ ਚਾਹੁੰਦੀ।

ਉਸ ਦੇ ਕੋਲ ਨਹੀਂ ਖਲੋਤੀ। ਉਸਨੇ ਗਾਗਰ ਨੂੰ ਗੰਗਾ ਦੇ ਕਿਨਾਰੇ ਟਿਕਾ ਦਿੱਤਾ। ਉਸ ਵਿਚੋਂ ਇਕ ਧੋਤੀ ਕੱਢੀ ਤੇ ਉਹ ਵੀ ਲਾਗੇ ਰੱਖ ਦਿੱਤੀ ਤਾਂਕਿ ਜੇ ਕੋਈ ਪਿਛੋਂ ਭਾਲਣ ਵੀ ਆ ਜਾਵੇ ਤਾਂ ਉਹ ਸਮਝੇ ਕਿ ਇਸ਼ਨਾਨ ਕਰਦੀ ਹੋਈ ਖਬਰੇ ਰੁੜ ਹੀ ਗਈ ਹੋਵੇ।

ਗਾਗਰ ਕੋਲ ਖਲੋ ਉਸ ਨੇ ਵੈਂੜ ਲਈ। ਉਸ ਦੇ ਕੰਨਾਂ ਨੂੰ ਯਕੀਨ ਹੋ ਗਿਆ ਕਿ ਮਨੁੱਖ ਦੀ ਜਾਤ ਨੇੜੇ ਤੇੜੇ ਨਹੀਂ ਕੁਸਕਦੀ। ਕੁੱਤੇ ਤੇ ਕੁੱਕੜ ਵੀ ਚੁਪ ਹਨ। ਕੁਦਰਤ ਉਸਦੀ ਆਸਾ ਪੂਰੀ ਕਰ ਰਹੀ ਹੈ। ਉਹ ਚੜ੍ਹਦੇ ਪਾਸੇ ਨੂੰ ਨੱਠ ਉਠੀ। ਵੀਹ ਵੀਹ ਗੋਲੀਆਂ ਨਾਲ ਬਾਹਰ ਨਿਕਲਣ ਵਾਲੀ ਮਹਾਰਾਣੀ ਅੱਜ ਇਕੱਲੀ ਜੰਗਲ ਦੀ ਹਰਨੀ ਵਾਂਗ ਸ਼ਿਕਾਰੀਆਂ ਪਾਸੋਂ ਡਰਦੀ ਹੋਈ ਨੱਸੀ ਜਾ ਰਹੀ ਹੈ। ਨਿੱਕੀ ਹੁੰਦੀ ਸ਼ਾਇਦ ਉਹ ਕਦੀ ਨੱਸੀ ਹੋਵੇਗੀ, ਰਾਜ-ਮਹੱਲ ਵਿਚ ਕਦੀ ਲੁਕਣ-ਮੀਚੀ ਖੇਡੀ ਹੋਵੇਗੀ, ਇਸ ਤੋਂ ਵੱਧ ਉਸ ਨੇ ਕਦੀ ਦੌੜ ਕੇ ਨਹੀਂ ਸੀ ਵੇਖਿਆ। ਉਸ ਵਾਸਤੇ ਇਹ ਪ੍ਰਤਾਵੇ ਦੀ ਪਹਿਲੀ ਘੜੀ ਸੀ।

ਦਰਿਆ ਦੇ ਕੰਢੇ-ਕੰਢੇ ਰੇਤ ਸੀ। ਰੇਤ ਵਿਚ ਠਿੱਬੀ ਜੁੱਤੀ ਨਾਲ ਭਜਿਆ ਨਹੀਂ ਸੀ ਜਾਂਦਾ, ਉਸ ਨੇ ਜੁੱਤੀ ਹੱਥ ਵਿਚ ਫੜ ਲਈ। ਠੰਢੀ ਰੇਤ ਉਤੇ ਉਨ੍ਹਾਂ ਨੰਗੀਆਂ ਤਲੀਆਂ ਨਾਲ ਦੌੜਨ ਲੱਗੀ, ਜਿਨ੍ਹਾਂ ਤਲੀਆਂ ਨੂੰ ਮਹਿੰਦੀ ਲਗਦੀ ਸੀ ਤੇ ਜੋ ਮੱਖਣ ਨਾਲ ਮਲ ਕੇ ਨਰਮ ਕੀਤੀਆਂ ਜਾਂਦੀਆਂ ਸਨ। ਜਿਨ੍ਹਾਂ ਪੈਰਾਂ ਨੂੰ ਸਾਰਾ ਸਾਰਾ ਦਿਨ ਗੋਲੀਆਂ ਝੱਸਦੀਆਂ ਤੇ ਘੁਟਦੀਆਂ ਰਹਿੰਦੀਆਂ ਸਨ, ਅਜ ਉਹ ਉੱਚੀ ਨੀਵੀਂ, ਰੇਤਲੀ ਤੇ ਪਥਰੀਲੀ ਭੋਂ ਉਤੇ ਧੱਪ-ਧੱਪ ਵੱਜ ਰਹੇ ਸਨ ਅਤੇ ਇਹ ਖ਼ਿਆਲ ਤਕ ਨਹੀਂ ਸੀ ਕਿ ਹੇਠਾਂ ਕੰਡੇ ਹਨ, ਕੋਈ ਲੱਕੜ ਹੈ ਜਾਂ ਕੋਈ ਠੀਕਰੀ।

ਮਹਾਰਾਣੀ ਪੁੱਜ ਕੇ ਜੁਆਨ ਸੀ। ਉਸ ਦੀਆਂ ਭਾਰੀਆਂ ਛਾਤੀਆਂ ਖੁਲ੍ਹੀਆਂ ਸਨ ਜੋ ਨੱਸਣ ਵਿਚ ਰੋਕ ਪਾਉਂਦੀਆਂ ਸਨ। ਉਹ ਕਦੀ ਸੱਜੇ ਤੇ ਕਦੀ ਖੱਬੇ ਹੱਥ ਨਾਲ ਉਨ੍ਹਾਂ ਨੂੰ ਘੁਟ ਕੇ ਬਹੁਤ ਨੱਸਣ ਦਾ ਜਤਨ ਕਰਦੀ ਸੀ, ਪਰ ਬਹੁਤਾ ਨੱਸਿਆ ਨਾ ਜਾਂਦਾ। ਉਸਨੇ ਝਟ ਤਰਕੀਬ ਸੋਚੀ ਤੇ ਸਿਰੇ ਦਾ ਲੀੜਾ ਲਾਹਕੇ ਉਸ ਨਾਲ ਛਾਤੀਆਂ ਘੁਟ ਕੇ ਬੰਨ੍ਹ ਲਈਆਂ । ਇਕ ਤਾਂ ਲੀੜਾ ਨਾ ਸੰਭਾਲਣਾ ਪਿਆ, ਦੂਸਰਾ ਛਾਤੀਆਂ ਦੀ ਰੋਕ ਦੂਰ ਹੋ ਗਈ। ਆਹ ! ਅਸਮਾਨ ਦੇ ਤਾਰੇ ਹੀ ਦੇਖ ਰਹੇ ਸਨ ਕਿ ਸ਼ੇਰੇ ਪੰਜਾਬ ਦੀ ਪਿਆਰੀ ਜਿੰਦਾਂ ਨੰਗੇ ਪੈਰਾਂ ਤੇ ਨੰਗੇ ਸਿਰ ਉਜਾੜ ਵਿਚ ਨੱਸੀ ਜਾ ਰਹੀ ਹੈ। ਪੈਰ ਹੰਭ ਗਏ ਹਨ ਤੇ ਲੱਤਾਂ ਫੁੱਲ ਗਈਆਂ ਹਨ। ਸਾਹ ਚੜ੍ਹ ਗਿਆ ਸੀ ਤੇ ਸਿਰ ਤੋਂ ਪੈਰਾਂ ਤਕ ਸਾਰਾ ਤਨ ਮੁੜ੍ਹਕੋ ਮੁੜ੍ਹਕੀ ਹੋ ਗਿਆ ਹੈ। ਅਣਡਿੱਠੀਆਂ ਥਾਵਾਂ ਹਨ ਰਾਹ ਦਾ ਕੋਈ ਪਤਾ ਨਹੀਂ, ਸਿਰਫ਼ ਗੰਗਾ ਕਿਨਾਰੇ ਦੀ ਸੇਧ ਹੈ ਤੇ ਦਾਸੀਆਂ ਦੇ ਦੱਸੇ ਹੋਏ ਨਿਸ਼ਾਨ ਹੀ ਯਾਦ ਕੀਤੇ ਹੋਏ ਹਨ।

ਉਸ ਨੂੰ ਦੱਸਿਆ ਗਿਆ ਸੀ ਕਿ ਚੜ੍ਹਦੇ ਪਾਸੇ ਜਦੋਂ ਤਿੰਨ ਕੋਹ ਦੂਰ ਚਲੀ ਜਾਏਂਗੀ ਤਾਂ ਇਕ ਪਿੰਡ ਆਏਗਾ। ਉਹ ਗੰਗਾ ਦੇ ਕਿਨਾਰੇ ਵੱਸਦਾ ਹੈ। ਉਸ ਪੱਤਣੋਂ ਪਹਿਲੀ ਬੇੜੀ ਰਾਹੀਂ ਗੰਗਾ ਨੂੰ ਪਾਰ ਕਰ ਲੈਣਾ। ਪਾਰਲੇ ਕੰਡਿਓਂ ਦੋ ਮੀਲ ਤੇ 'ਰਾਮ ਨਗਰ' ਨਾਂ ਦਾ ਇਕ ਛੋਟਾ ਜਿਹਾ ਪਿੰਡ ਹੈ। ਉਸ ਪਿੰਡ ਦੇ ਠਾਕਰ-ਦੁਆਰੇ ਵਿਚ ਗੋਮਤੀ

ਇਕ ਫ਼ਕੀਰਨੀ ਬਣ ਕੇ ਬੈਠੀ ਹੋਵੇਗੀ, ਉਸ ਨੂੰ ਜਾ ਮਿਲੀਂ। ਉਹ ਗੋਮਤੀ ਇਸੇ ਦੀ ਗੋਲੀ ਸੀ ਜਿਸ ਨੂੰ ਤਿੰਨ ਦਿਨ ਪਹਿਲਾਂ ਤੋਰਿਆ ਸੀ। ਇਸ ਪ੍ਰੋਗਰਾਮ ਅਨੁਸਾਰ ਉਸ ਵਾਸਤੇ ਜ਼ਰੂਰੀ ਸੀ ਕਿ ਉਹ ਬੇੜੀ ਦੇ ਪੱਤਣ ਲਾਗੇ ਜਾ ਲੁਕੇ। ਜਦੋਂ ਬੇੜੀ ਦਾ ਪੂਰ ਭਰੇ ਤਾਂ ਚੁਪ ਕਰਕੇ ਉਹ ਉਸ ਪੂਰ ਵਿਚ ਬੈਠ ਜਾਏ।

ਪੂਰਾ ਕੋਹ ਨੱਸੀ ਹੋਵੇਗੀ ਕਿ ਲੱਤਾਂ ਥੱਕ ਗਈਆਂ, ਪੈਰਾਂ ਦੀਆਂ ਤਲੀਆਂ ਦੁਖਣ ਲਗ ਪਈਆਂ, ਸਾਹ ਚੜ੍ਹ ਗਿਆ, ਹੌਂਕਣੀ ਲਗ ਗਈ ਅਤੇ ਸੰਘ ਖ਼ੁਸ਼ਕ ਹੋ ਗਿਆ। ਉਹ ਖਲੋਂ ਗਈ। ਇਕ ਹੱਥ ਨਾਲ ਮੱਥੇ ਤੋਂ ਮੁੜ੍ਹਕਾਂ ਪੂੰਝਿਆ। ਪੈਰਾਂ ਦੀ ਧੁਖ ਕੱਢਣ ਤੇ ਸਾਹ ਲੈਣ ਵਾਸਤੇ ਠੰਢੀ ਹੋਈ ਰੇਤ ਉਤੇ ਪਹਿਲਾਂ ਬੈਠਣ ਲੱਗੀ, ਪਰ ਇਕ ਪੱਥਰ ਦੀ ਚਟਾਨ ਨੇੜੇ ਹੀ ਦਿੱਸੀ, ਉਸ ਉੱਤੇ ਬੈਠੇ ਗਈ। ਉਸਦਾ ਦਿਲ ਤਾਂ ਕਰਦਾ ਸੀ ਕਿ ਲੇਟਕੇ ਲਕ ਵੀ ਸਿੱਧਾ ਕਰ ਲਵੇ, ਪਰ ਉਸ ਵਾਸਤੇ ਇਕ ਇਕ ਪਲ ਕੀਮਤੀ ਸੀ ਅਤੇ ਉਸ ਵਾਸਤੇ ਹੁਣ ਜੀਵਨ ਮੌਤ ਦਾ ਸਵਾਲ ਸੀ। ਥੋੜਾ ਜਿਹਾ ਆਲਸ ਉਸ ਨੂੰ ਕਿਸੇ ਦੀ ਗੋਲੀ ਦਾ ਨਿਸ਼ਾਨਾ ਬਣਾ ਸਕਦਾ ਸੀ। ਅੱਖਾਂ ਨੂੰ ਮਲ ਕੇ ਉਸ ਨੇ ਚੁਫੇਰੇ ਦੇਖਿਆ ਤਾਂ ਉਸ ਨੂੰ ਭੈ ਲਗਾ। ਖ਼ਿਆਲ ਆਇਆ ਜੇ ਕੋਈ ਜਾਨ-ਮਾਰੂਜਾਨਵਰ ਮਿਲ ਜਾਏ ਤਾਂ ਉਸਦਾ ਕੀ ਬਣੇਗਾ? ਜੇ ਕੋਈ ਰਾਹ-ਮਾਰ ਲੁਟੇਰਿਆਂ ਦਾ ਟੋਲਾ ਮਿਲ ਜਾਏ ਤਾਂ ਉਹ ਕੀ ਕਰੇਗੀ? ਉਹ ਜੁਆਨ ਇਸਤਰੀ ਹੈ, ਉਸ ਦੀ ਆਬਰੂ......। ਪਲ ਕੁ ਪਿਛੋਂ ਹੀ ਉਸ ਨੇ ਆਪਣੇ ਆਪ ਨੂੰ ਸੰਭਾਲ ਲਿਆ। ਉਸ ਦੀ ਬਲਵਾਨ ਤੇ ਪਵਿੱਤਰ ਆਤਮਾ ਬੋਲੀ, "ਜਿੰਦਾਂ ਤੂੰ ਘਬਰਾ ਨਾ। ਤੂੰ ਗੁਰੂਗੋਬਿੰਦ ਸਿੰਘ ਦੀ ਬੱਚੀ ਤੇ ਸ਼ੇਰੇ ਪੰਜਾਬ ਦੀ ਮਹਾਰਾਣੀ ਹੈ, ਤੈਨੂੰ ਹੱਥ ਲਾਉਣ ਵਾਲਾ ਕੋਈ ਮਰਦ ਕਿਸੇ ਮਾਂ ਨੇ ਨਹੀਂ ਜਾਇਆ। ਅੱਜ ਤੋਂ ਬਨਬਾਸਣ ਤੇ ਅਬਲਾ ਹੈ। ਸ਼ੇਰ, ਚੀਤਾ ਤੇ ਬਘਿਆੜ ਤੇਰੇ ਨੇੜੇ ਨਹੀਂ ਆਵੇਗਾ, ਜਿਵੇਂ ਸ਼ਕੁੰਤਲਾ ਜਾਂ ਸਤੀ ਸੀਤਾ ਦੇ ਜੰਗਲ ਵਿਚ ਰਹਿਣ ਤੇ ਉਸ ਕੋਲ ਕੋਈ ਜਾਨਵਰ ਨਹੀਂ ਸੀ ਆਉਂਦੇ। ਜਿਸ ਦਾ ਕੋਈ ਨਾ ਹੋਵੇ ਉਸ ਦਾ ਅਕਾਲ ਪੁਰਖ ਹੁੰਦਾ ਹੈ। ਭਿਆਨਕ ਤੋਂ ਭਿਆਨਕ ਖ਼ਤਰੇ ਵੇਲੇ ਜੋ ਔਰਤ ਆਪਣਾ ਦਿਲ ਕਰੜਾ ਕਰ ਕੇ ਦ੍ਰਿੜ੍ਹ-ਵਿਸ਼ਵਾਸਣ ਬਣ ਜਾਏ ਤਾਂ ਕੋਈ ਖ਼ਤਰਾ ਉਸ ਨੂੰ ਨਹੀਂ ਪੋਂਹਦਾ। ਜੋ ਡਰਦੇ ਹਨ, ਡਰ ਉਨ੍ਹਾਂ ਨੂੰ ਡਰਾਉਂਦਾ ਹੈ। ਤੂੰ ਦੂਰ ਜਾਣਾ ਹੈ, ਪੁੱਤਰ ਨੂੰ ਮਿਲਣ ਤੋਂ ਬਿਨਾਂ ਤੂੰ ਰਾਜ-ਭਾਗ ਵੀ ਸੰਭਾਲਣਾ ਹੈ। ਜੇ ਇਸ ਇਕੱਲਤਾ ਤੇ ਥੋੜੇ ਜਹੇ ਪੰਧ ਤੋਂ ਘਬਰਾ ਗਈ ਤਾਂ ਰਾਜ ਵਰਗੀਆਂ ਭਾਰੀਆਂ ਜ਼ਿਮੇਵਾਰੀਆਂ ਨੂੰ ਤੂੰ ਕਿਵੇਂ ਨਿਭਾਵੇਂਗੀ?" ਇਉਂ ਦਿਲ ਤਕੜਾ ਕਰ ਕੇ ਉਹ ਉਠੀ ਤੇ ਰਹਿੰਦਾ ਪੰਧ ਮੁਕਾਉਣ ਵਾਸਤੇ ਉਸਨੇ ਮੁੜ ਦੌੜਨਾ ਸ਼ੁਰੂਕਰ ਦਿੱਤਾ। ਉਹ ਨੱਸਦੀ ਹੋਈ ਪੈਰਾਂ ਦਾ ਖੜਕਾਰ ਵੀ ਨਹੀਂ ਸੀ ਹੋਣ ਦੇਂਦੀ।

# ਕਾਂਡ-3

"ਮੈਨੂੰ ਕੈਦ ਰੱਖਣਗੇ ਕਿ ਗੋਲੀ ਮਾਰ ਕੇ ਮਾਰ ਦੇਣਗੇ !"

"ਸ਼ਾਇਦ ਮੌਤ ਦੀ ਸਜ਼ਾ ਹੀ ਹੋ ਜਾਏ !"

"ਮੈਨੂੰ ਮਾਰ ਹੀ ਦੇਣਗੇ?"

"ਹਾਂ, ਤੈਨੂੰ ਮਾਰ ਹੀ ਦੇਣਗੇ !"

"ਚੰਗਾ ਇਕ ਦਿਨ ਤਾਂ ਮਰਨਾ ਹੀ ਹੈ, ਗੋਲੀ ਨਾਲ ਮਰ ਗਏ ਤਾਂ ਕੀ, ਜੇ ਬੀਮਾਰੀ ਨਾਲ ਮਰ ਗਏ ਤਦ ਕੀ।"

"ਤੈਨੂੰ ਮੌਤ ਕੋਲੋਂ ਡਰ ਨਹੀਂ ਆਉਣਾ।"

"ਮੌਤ ਮੇਰੇ ਕੋਲ ਆ ਕੇ ਮਰ ਜਾਂਦੀ ਹੈ।"

"ਸੱਚ ਜਾਣੀ ਸ਼ਾਮੋ, ਮੈਨੂੰ ਤੇਰੀ ਉਮਰ ਤੇ ਤਰਸ ਆਉਂਦਾ ਹੈ। ਮੈਂ ਤਾਂ ਆਖਦਾ ਹਾਂ ਅਕਲ ਤੋਂ ਕੰਮ ਲੈ ਤੇ ਸਾਹਿਬ ਨੂੰ ਦੱਸ ਦੇ ਕਿ ਮਹਾਰਾਣੀ ਕਿਥੇ ਗਈ ਹੈ? ਤੇਰੀ ਜਾਨ ਬਚ ਜਾਏਗੀ। ਉਸ ਨੇ ਫੜੀ ਤਾਂ ਜਾਣਾ ਹੀ ਹੈ, ਫ਼ਰੰਗੀ ਦੇ ਰਾਜ ਵਿਚ ਕੋਈ ਭਗੌੜਾ ਬਚ ਨਹੀਂ ਸਕਦਾ। ਫਿਰ ਮਹਾਰਾਣੀ ਨੂੰ ਉਹ ਕਦ ਛੱਡਣ ਲਗੇ ਹਨ !"

"ਤੈਨੂੰ ਪਤਾ ਹੈ ਕਿ ਮੈਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਮਹੱਲਾਂ ਦੀ ਦਾਸੀ ਹਾਂ। ਮੈਂ ਆਪਣੇ ਧੰਨ ਭਾਗ ਸਮਝਾਂਗੀ ਜੇ ਮਰ ਕੇ ਭੀ ਮੈਂ ਮਹਾਰਾਣੀ ਅਤੇ ਕੰਵਰ ਦਲੀਪ ਸਿੰਘ ਦੀ ਕੋਈ ਸੇਵਾ ਕਰ ਸਕਾਂ। ਤੈਨੂੰ ਮਾਂ ਦੇ ਦਿਲ ਦਾ ਕੀ ਪਤਾ ਹੋ ਸਕਦਾ ਹੈ ! ਮੈਂ ਹੀ ਜਾਣਦੀ ਹਾਂ ਕਿ ਮਹਾਰਾਣੀ ਆਪਣੇ ਲਾਡਲੇ ਦਲੀਪ ਤੋਂ ਵਿਛੜ ਕੇ ਕਿਵੇਂ ਮੱਛੀ ਵਾਂਗ ਤੜਫਦਿਆਂ, ਹਉਕੇ ਲੈਂਦਿਆਂ ਅਤੇ ਰੋਂਦਿਆਂ ਦਿਨ ਕੱਟ ਰਹੀ ਸੀ। ਮੇਰੇ ਤੋਂ ਇਹ ਨਹੀਂ ਸੀ ਦੇਖਿਆ ਜਾਂਦਾ। ਮੈਨੂੰ ਭੀ ਕੰਵਰ ਜੀ ਕੋਈ ਘੱਟ ਪਿਆਰੇ ਨਹੀਂ ਹਨ। ਹਾਏ ! ਕੰਵਰ ਜੀ ਤੁਸੀਂ ਹੁਣ ਕਿਸ ਹਾਲਤ ਵਿਚ ਤੇ ਕਿਥੇ ਹੋਵੇਗੇ। ਮੈਨੂੰ ਤਾਂ ਹੁਣ ਆਸ ਨਹੀਂ, ਪਰ ਮਹਾਰਾਣੀ ਜੀ ਦੀ ਛਾਤੀ ਨਾਲ ਲਗ ਕੇ ਉਨ੍ਹਾਂ ਦੀ ਵੈਰਾਨ ਹੋਈ ਦੁਨੀਆਂ ਨੂੰ ਜ਼ਰੂਰ ਆਬਾਦ ਕਰਨਾ।

"ਤੂੰ ਸਿੱਖ ਹੋ ਕੇ ਮੇਰੇ ਪਾਸੋਂ ਮਹਾਰਾਣੀ ਬਾਰੇ ਪੁਛਦਾ ਹੈਂ ! ਮੌਤ ਮੈਨੂੰ ਨਹੀਂ ਡਰਾ ਸਕਦੀ। ਮੈਨੂੰ ਪੂਰੀ ਆਸ ਹੈ ਕਿ ਮੇਰੀਆਂ ਅਰਦਾਸਾਂ ਅਜਾਈਂ ਨਹੀਂ ਜਾਣਗੀਆਂ ਅਤੇ ਮਰਨ ਤੋਂ ਪਹਿਲਾਂ ਮੇਰੇ ਕੰਨਾਂ ਵਿਚ ਅਵਾਜ਼ ਪਏਗੀ ਕਿ ਮਾਂ ਪੁਤ ਦਾ ਮੇਲ ਹੋ ਗਿਆ ਹੈ।"

ਉਪਰੋਕਤ ਗੱਲ ਬਾਤ ਇਕ ਸਿੱਖ ਸੰਤਰੀ ਅਤੇ ਸ਼ਾਮੋ ਦੇ ਵਿਚਕਾਰ ਹੋਈ। ਉਸ ਦੇ ਉਦਾਲੇ ਮਹਾਰਾਣੀ ਵਾਲੇ ਕੀਮਤੀ ਲੀੜੇ ਨਹੀਂ ਸਨ, ਸੋਨੇ ਦੇ ਕੜੇ ਤੇ ਚੂੜੀਆਂ ਹੱਥੋਂ ਲੱਥ ਚੁਕੀਆਂ ਸਨ। ਅੱਗੇ ਉਹ ਇਕ ਕੈਦਣ ਦੀ ਦਾਸੀ ਸੀ ਪਰ ਅਜ ਆਪ ਕੈਦਣ। ਉਸ ਨੂੰ ਉਥੇ ਹੀ ਕਿਲ੍ਹੇ ਦੀ ਕੋਠੜੀ ਵਿਚ ਬੰਦ ਕੀਤਾ ਹੋਇਆ ਸੀ ਅਤੇ ਉਸ ਦੇ ਸਾਹਮਣੇ ਚਵੀ ਘੰਟੇ ਸੰਤਰੀ ਨਿਗਰਾਨੀ ਵਾਸਤੇ ਹਾਜ਼ਰ ਰਹਿੰਦਾ ਸੀ ਕਿ ਇਹ ਵੀ ਕਿਤੇ ਨੱਠ ਨਾ ਜਾਏ। ਉਸ ਦੇ ਜ਼ਿਮੇ ਭਾਰੀ ਦੋਸ਼ ਇਹ ਸੀ ਕਿ ਉਸ ਨੇ ਸ਼ਾਹੀ ਕੈਦੀ ਦੇ ਨੱਠਣ ਵਿਚ ਪੂਰੀ ਮਦਦ ਕੀਤੀ ਹੈ।

ਸੰਤਰੀ ਸੱਜਣ ਸਿੰਘ ਪਟਿਆਲੇ ਦਾ ਗਭਰੂਸੀ। ਉਸ ਉਤੇ ਹਕੂਮਤ ਨੂੰ ਪੂਰਾ ਭਰੋਸਾ ਸੀ ਕਿ ਇਹ ਹਕੂਮਤ ਦਾ ਵਫ਼ਾਦਾਰ ਸਿਪਾਹੀ ਹੈ। ਉਸ ਨੂੰ ਇਹ ਵੀ ਆਖਿਆ ਗਿਆ ਸੀ ਕਿ ਉਹ ਸ਼ਾਮੋ ਕੋਲੋਂ ਕਿਵੇਂ ਨਾ ਕਿਵੇਂ ਮਹਾਰਾਣੀ ਦਾ ਪਤਾ ਪੁਛੇ, ਪਰ ਸ਼ਾਮੋਂ ਉਲਟਾ ਉਸ ਨੂੰ ਉਪਦੇਸ਼ ਕਰ ਰਹੀ ਸੀ ਕਿ ਤੂੰ ਫ਼ਰੰਗੀ ਦਾ ਮਿੱਤਰ ਬਣਨ ਦੀ ਥਾਂ ਆਪਣੀ ਮਹਾਰਾਣੀ ਦਾ ਪੱਖ ਕਰ।

ਕਾਫ਼ੀ ਦਿਨ ਚੜ੍ਹੇ ਕਿਲ੍ਹੇ ਦੇ ਅਫ਼ਸਰਾਂ ਨੂੰਪਤਾ ਲੱਗਾ ਕਿ ਮਹਾਰਾਣੀ ਜਿੰਦ ਕੌਰ ਕਿਲ੍ਹੇ ਵਿਚ ਨਹੀਂ, ਉਸ ਦੇ ਪਲੰਘ ਉਤੇ ਉਸ ਦੀ ਦਾਸੀ ਸ਼ਾਮੋ ਸੀ। ਨਾਲ ਹੀ ਦਾਸੀ ਗੋਮਾਂ ਵੀ ਗੁੰਮ ਸੀ। ਉਸ ਵੇਲੇ ਕਿਲ੍ਹੇ ਵਿਚ ਖ਼ਤਰੇ ਦਾ ਬਿਗਲ ਵੱਜ ਗਿਆ। ਜਿੰਨੀ ਫ਼ੌਜ ਕਿਲ੍ਹੇ ਦੀ ਰਾਖੀ ਵਾਸਤੇ ਸੀ, ਸਾਰੀ ਹਥਿਆਰ-ਬੰਦ ਹੋ ਕੇ ਕਿਲ੍ਹੇ ਦੇ ਵੱਡੇ ਅਫ਼ਸਰ ਕੋਲ ਆ ਗਈ। ਅਫ਼ਸਰ ਨੇ ਹੁਕਮ ਦਿੱਤਾ ਕਿ ਕਿਲ੍ਹੇ ਦਾ ਅੰਦਰਲਾ ਹਿੱਸਾ ਚੰਗੀ ਤਰ੍ਹਾਂ ਦੇਖਿਆ ਜਾਏ ਤੇ ਬਾਹਰ ਵੀ ਸਿਪਾਹੀ ਜਾਦ, ਦੂਰ-ਦੂਰ ਤਕ ਜਾ ਕੇ ਦੇਖਣ। ਜੰਗਲ ਦੀ ਹਰ ਇਕ ਝਾੜੀ, ਪਹਾੜ ਦੀ ਹਰ ਇਕ ਖੱਡ ਤੇ ਵੱਸੋਂ ਦੀ ਹਰ ਇਕ ਨੁੱਕਰ ਗਹੁ ਨਾਲ ਤੱਕੀ ਜਾਏ। ਗੰਗਾ ਦੇ ਪੱਤਣਾਂ ਤੇ ਆਦਮੀ ਭੇਜੇ ਜਾਣ, ਅਤੇ ਜ਼ਿਲ੍ਹੇ ਦੇ ਅਫ਼ਸਰਾਂ ਨੂੰ ਖ਼ਬਰ ਕੀਤੀ ਜਾਏ ਕਿ ਉਹ ਇਸ ਕੰਮ ਵਿਚ ਮਦਦ ਕਰਨ। ਰਾਹਾਂ, ਪੱਤਣਾਂ, ਸਰਾਵਾਂ ਵਿਚ ਮੁਸਾਫ਼ਰਾਂ ਨੂੰ ਰੋਕ ਕੇ ਉਨ੍ਹਾਂ ਵਿਚੋਂ ਮਹਾਰਾਣੀ ਨੂੰ ਲੱਭਿਆ ਜਾਏ। ਕਲਕੱਤੇ, ਬਨਾਰਸ ਤੇ ਲਾਹੌਰ ਨੂੰ ਉਸ ਵੇਲੇ ਤਾਰਾਂ ਭੇਜੀਆਂ ਗਈਆਂ। ਜਿੰਨੇ ਸਿਪਾਹੀ ਰਾਤ ਪਹਿਰੇ ਤੇ ਸਨ, ਉਨ੍ਹਾਂ ਸਾਰਿਆਂ ਨੂੰ ਕੈਦ ਕਰ ਕੇ ਕੋਠੜੀਆਂ ਵਿਚ ਸੁੱਟਿਆ ਗਿਆ। ਸਾਰੇ ਦੇਸ਼ ਵਿਚ ਹਲ-ਚਲ ਮਚ ਗਈ।

ਕਿਲ੍ਹੇ ਦੇ ਅੰਗਰੇਜ਼ ਅਫ਼ਸਰ ਦੇ ਸਾਹਮਣੇ ਸ਼ਾਮੋ ਪੇਸ਼ ਕੀਤੀ ਗਈ। ਉਸ ਨੇ ਪਿਆਰ, ਹਲੀਮੀ, ਡਰ ਤੇ ਧਮਕੀਆਂ ਨਾਲ ਉਸ ਕੋਲੋਂ ਪੁਛਿਆ ਕਿ ਮਹਾਰਾਣੀ ਕਿਧਰ ਤੇ ਕਦੋਂ ਗਈ ਹੈ? ਪਰ ਉਹ ਇਹੋ ਉੱਤਰ ਦੇਂਦੀ ਰਹੀ-"ਮੈਨੂੰ ਕੁਝ ਪਤਾ ਨਹੀਂ, ਮਹਾਰਾਣੀ ਨੇ ਮੈਨੂੰ ਭੰਗ ਪਿਲਾ ਕੇ ਬੇ-ਸੁਰਤ ਕਰ ਦਿੱਤਾ ਸੀ। ਉਹ ਆਪਣੇ ਕੱਪੜੇ ਮੇਰੇ ਗਲ ਪਾ ਗਈ ਤੇ ਮੇਰੇ ਉਹ ਪਾ ਕੇ ਚਲੀ ਗਈ। ਮੈਨੂੰ ਕੁਝ ਪਤਾ ਨਹੀਂ ਕਿਧਰ ਗਈ। ਮੇਰਾ ਅਜੇ ਸਿਰ ਚਕਰਾ ਕਿਹਾ ਹੈ।" ਉਸ ਦੇ ਇਸ ਬਿਆਨ ਨੂੰ ਕਿਸੇ ਸੱਚਾ ਨਾ ਮੰਨਿਆ। ਉਸਨੂੰ ਬਹੁਤ ਡਰਾਇਆ ਗਿਆ। ਗੁੱਸੇ ਵਿਚ ਆ ਕੇ ਅਫ਼ਸਰ ਨੇ ਚਪੇੜਾਂ ਵੀ ਮਾਰੀਆਂ, ਪਰ ਉਸਨੇ ਆਪਦੇ ਕਥਨ ਵਿਚ ਇਕ ਸ਼ਬਦ ਦੀ ਵੀ ਤਬਦੀਲੀ ਨਾ ਕੀਤੀ। ਉਸ ਨੇ ਕੋਈ ਚੀਕ-ਚਿਹਾੜਾ ਨਾ ਪਾਇਆ ਤੇ ਨਾ ਹੀ ਅੱਖੋਂ ਅੱਥਰੂਕੇਰੇ। ਉਹ ਅਡੋਲ ਖਲੋਤੀ ਧਰਤੀ ਵੱਲ ਵੇਖਦੀ ਰਹੀ।

ਇਕ ਪੰਜਾਬੀ ਅਫ਼ਸਰ ਉਸ ਨੂੰ ਆਪਣੇ ਪਾਸ ਲੈ ਗਿਆ। ਉਸ ਨੇ ਉਹਨੂੰ ਕਈ ਤਰ੍ਹਾਂ ਦੇ ਲਾਲਚ ਦਿੱਤੇ ਤੇ ਸਬਜ਼ ਬਾਗ ਦਿਖਾਏ, ਪਰ ਸ਼ਾਮੋ ਤੋਂ ਕੋਈ ਸੂਹ ਨਾ ਮਿਲ ਸਕੀ। ਸਾਰੇ ਹਾਰ ਹੁਟ ਕੇ ਬੈਠ ਗਏ। ਉਹਨੂੰ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ ਤੇ ਹੁਕਮ ਦਿੱਤਾ ਕਿ ਭੁੱਖੀ ਤੇ ਤੇ ਤ੍ਰਿਹਾਈ ਰੱਖ ਕੇ ਤੰਗ ਕੀਤਾ ਜਾਏ।

ਸ਼ਾਮੋ ਨੂੰ ਕੋਠੜੀ ਬੰਦ ਹੋਇਆਂ ਚਾਰ ਦਿਨ ਹੋ ਗਏ ਸਨ। ਹੁਸ਼ਿਆਰ ਤੇ ਜਾਗਦੇ ਸੰਤਰੀ ਉਸ ਦੇ ਬੂਹੇ ਅਗੇ ਪਹਿਰਾ ਦੇਂਦੇ ਸਨ। ਸੱਜਣ ਸਿੰਘ ਤੋਂ ਬਿਨਾਂ ਉਸ ਨਾਲ ਹੋਰ ਕੋਈ ਗੱਲ ਬਾਤ ਨਹੀਂ ਸੀ ਕਰ ਸਕਦਾ।

ਸ਼ਾਮੋ ਬੜੀ ਚਲਾਕ ਸੀ। ਉਹ ਦਿਨ ਰਾਤ ਕੈਦੋਂ ਬਾਹਰ ਹੋਣ ਦੀਆਂ ਸਕੀਮਾਂ ਸੋਚਦੀ। ਉਸਨੂੰ ਇਹ ਵੀ ਭੈ ਸੀ ਕਿ ਕਿਤੇ ਧੋਖਾ ਜਾਂ ਡਰ ਦੇ ਕਾਰਨ ਉਸ ਦੀ ਜ਼ਬਾਨੋਂ ਮਹਾਰਾਣੀ ਦਾ ਪਤਾ ਦੱਸਿਆ ਗਿਆ ਤਾਂ ਭਾਰੀ ਹਨੇਰ ਹੋਵੇਗਾ। ਉਸ ਨੇ ਇਕ ਤ੍ਰਿਅ-ਚਲਿੱਤ੍ਰ ਕਰਨ ਦੀ ਵਿਉਂਤ ਸੋਚੀ ਤੇ ਉਸ ਨੂੰ ਆਖਣ ਲੱਗੀ-"ਮੈਂ ਮਰ ਤਾਂ ਜਾਣਾ ਹੈ, ਇਹ ਮੈਨੂੰ ਪੱਕਾ ਯਕੀਨ ਹੋ ਗਿਆ ਹੈ, ਪਰ ਮੈਨੂੰ ਇਕ ਅਫ਼ਸੋਸ ਰਹੇਗਾ।"

"ਕਿਸ ਗੱਲ ਦਾ?" ਸੱਜਣ ਸਿੰਘ ਨੇ ਪੁਛਿਆ।

"ਦੱਸਣ ਦਾ ਕੀ ਲਾਭ" ਟੇਢੀ ਨਜ਼ਰ ਨਾਲ ਸੱਜਨ ਸਿੰਘ ਵੱਲ ਦੇਖਦਿਆਂ ਹੋਇਆ ਉਸ ਨੇ ਆਖਿਆ।

"ਦੱਸਣਾ ਜ਼ਰੂਰ ਚਾਹੀਏ, ਦਿਲ ਦੀ ਪੀੜ ਪਰਗਟ ਕਰੀਏ ਤਾਂ ਉਹ ਪੂਰੀ ਹੋ ਜਾਂਦੀ ਹੈ। ਪੀੜ ਹੋਵੇ ਤਾਂ ਦੂਰ ਹੋਣ ਦਾ ਕੋਈ ਵਸੀਲਾ ਬਣ ਜਾਂਦਾ ਹੈ।"

"ਦੱਸ ਹੀ ਦਿਆਂ?"

"ਜ਼ਰੂਰ।"

"ਮੈਂ ਤੁਸਾਂ ਨਾਲ ਪਿਆਰ ਕਰਦੀ ਹਾਂ", ਬੂਹੇ ਦੀਆਂ ਸੀਖਾਂ ਨੇੜੇ ਆਕੇ ਸ਼ਾਮੋ ਬੋਲੀ, ਇਸ ਬੰਦੀ ਖਾਨੇ ਵਿਚ ਆਕੇ ਮੈਂ ਜਦੋਂ ਦਾ ਤੁਸਾਂ ਨੂੰ ਦੇਖਿਆ ਹੈ, ਤਦੋਂ ਦਾ ਮੇਰਾ ਦਿਲ ਟਿਕਾਣੇ ਨਹੀਂ ਰਿਹਾ। ਅੱਖਾਂ ਤੁਸਾਂ ਨੂੰ ਦੇਖਦਿਆਂ ਨਹੀਂ ਰੱਜਦੀਆਂ। ਜਦੋਂ ਚਲੇ ਜਾਂਦੇ ਓ ਤਦੋਂ ਕਲੇਜੇ ਵਿਚ ਮੱਠੀ-ਮੱਠੀ ਪੀੜ ਜਹੀ ਹੋਣ ਲੱਗ ਪੈਂਦੀ ਹੈ। ਮੈਂ ਇਸ ਕੋਠੜੀ ਨੂੰ ਜੇਲ੍ਹ ਖਾਨਾ ਨਹੀਂ ਸਮਝਦੀ, ਸਗੋ ਇੰਜ ਮਲੂਮ ਹੁੰਦਾ ਹੈ, ਜਿਵੇਂ ਮੈਂ ਤੁਸਾਂ ਦੇ ਪਿਆਰ ਵਿਚ ਕੈਦ ਹਾਂ।"

"ਮੇਰੇ ਨਾਲ ਪਿਆਰ, ਸ਼ਾਮੋ!" ਕੁਝ ਹੈਰਾਨ ਜਿਹਾ ਹੋ ਕੇ ਉਸ ਵੱਲ ਦੇਖਦਾ ਹੋਇਆ ਸੱਜਨ ਸਿੰਘ ਬੋਲਿਆ।

"ਹਾਂ ਜੀ ਤੁਸਾਂ ਨਾਲ, ਤੁਸੀਂ ਮੈਨੂੰ ਬਹੁਤ ਪਿਆਰੇ ਲਗਦੇ ਓ," ਅੱਖਾਂ ਨੂੰ ਨੀਵੀਆਂ ਕਰ ਕੇ ਤੇ ਲੋਹੇ ਦੀਆਂ ਸੀਖਾਂ ਨੂੰ ਹੱਥਾਂ ਵਿਚ ਮਲਦੀ ਹੋਈ ਸ਼ਾਮੋ ਬੋਲੀ।

ਸ਼ਾਮੋ ਦੀ ਜ਼ਬਾਨ ਵਿਚ ਮਿਠਾਸ ਸੀ। ਉਸ ਨੇ ਐਸੇ ਨਖਰੇ ਨਾਲ ਗੱਲਬਾਦ ਕੀਤੀ ਕਿ ਉਸਦਾ ਪਿਆਰ-ਜਾਦੂ ਸੱਜਨ ਸਿੰਘ ਤੇ ਅਸਰ ਕਰਨ ਲੱਗਾ। ਉਸ ਨੇ ਬੰਦੂਕ ਨੂੰ ਮੋਢੇ ਤੋਂ ਹੇਠਾਂ ਕੀਤਾ। ਇਕ ਹੱਥ ਬੰਦੂਕ ਦੇ ਕੁੰਡੇ ਉਤੇ ਰਖਿਆ ਤੇ ਦੂਸਰੇ ਨਾਲ ਬੂਹੇ ਦੀ ਇਕ ਸੀਖ ਨੂੰ ਘੁੱਟ ਲਿਆ।

ਸ਼ਾਮੋ ਦੇ ਚਿਹਰੇ ਵਲ ਟਿਕ-ਟਿਕੀ ਲਾ ਕੇ ਦੇਖਣ ਲੱਗਾ। ਉਹ ਉਸ ਨੂੰ ਬੜੀ ਸੁੰਦਰ ਦਿੱਸੀ। ਵੀਹ ਸਾਲ ਦੀ ਮੁਟਿਆਰ ਸ਼ਾਹੀ ਖ਼ੁਰਾਕਾਂ 'ਤੇ ਪਲੀ ਹੋਈ ਅਤੇ ਨਾਲ ਹੀ ਪੰਜਾਬ ਦੀ ਜੰਮ-ਪਲ। ਕੋਈ ਹੈਰਾਨੀ ਦੀ ਗੱਲ ਨਹੀਂ ਸੀ ਕਿ ਸੱਜਨ ਸਿੰਘ ਵਰਗਾ ਉਠਦੀ ਜਵਾਨੀ ਵਾਲਾ ਗੱਭਰੂ ਉਸ ਦੇ ਪਿਆਰ-ਜਾਦੂ ਨਾਲ ਲਾ ਕੀਲਿਆ ਜਾਂਦਾ ਨੀਝ ਨਾਲ ਦੇਖਣ ਪਿਛੋਂ ਉਹ ਬੜੀ ਬੇਸਬਬਰੀ ਨਾਲ ਬੋਲਿਆਂ, "ਕੀ ਸੱਚ ਆਖਦੀ ਹੈਂ ਸ਼ਾਮੋ?"

"ਮੈਂ ਹਿਕ ਚੀਰ ਕੇ ਕਿਵੇਂ ਦਿਲ ਨੂੰ ਵਿਖਾਵਾਂ। ਰਤਾ ਹੱਥ ਅਗੇ ਕਰਕੇ ਦੇਖੋ ਨਾ ਮੇਰਾ ਦਿਲ, ਕਿਵੇਂ ਬੇਹਬਲ ਹੋ ਰਿਹਾ ਹੈ। ਉਹ ਆਪ ਹੀ ਬੜੀ ਬੇਸਬਰੀ ਨਾਲ ਬੋਲ-ਬੋਲ ਕੇ ਮੇਰੇ ਆਖਣ ਦੀ ਗੁਆਹੀ ਦੇ ਰਿਹਾ ਹੈ।" ਸ਼ਾਮੋਂ ਨੇ ਤ੍ਰਿਆ-ਜਾਲ ਨੂੰ ਫੈਲਾਇਆ ਅਤੇ ਸੱਜਨ ਸਿੰਘ ਦਾ ਉਹ ਹੱਥ ਘੁਟ ਲਿਆ ਜਿਸ ਨਾਲ ਉਸ ਨੇ ਦਰਵਾਜ਼ੇ ਦੀਆਂ

ਸੀਖਾਂ ਨੂੰ ਘੁਟਿਆ ਹੋਇਆ ਸੀ। ਜਿਉਂ ਹੀ ਸ਼ਾਮੋਂ ਦਾ ਨਿੱਘਾ ਹੱਥ ਉਸ ਦੇ ਹੱਥ ਨੂੰ ਛੋਹਿਆ ਅਤੇ ਤਿੱਖੀ ਨਿਗਾਹ ਨਾਲ ਉਸ ਨੇ ਉਹਦੇ ਵਲ ਦੇਖਿਆ ਤਾਂ ਬਿਨਾਂ ਤੀਰ ਵੱਜਣ ਦੇ ਉਹ ਘਾਇਲ ਹੋ ਗਿਆ। ਮੱਥੇ ਤੇ ਤ੍ਰੇਲੀ ਆ ਗਈ। ਹੌਲੀ-ਹੌਲੀ ਓਸ ਨੇ ਬੰਦੂਕ ਨੂੰ ਕੰਧ ਨਾਲ ਲਾ ਕੇ ਦੂਸਰੇ ਹੱਥ ਨੂੰ ਵੀ ਖ਼ਾਲੀ ਕਰ ਲਿਆ। ਉਹ ਖ਼ਾਲੀ ਹੱਥ ਸੀਖਾਂ ਕੋਲ ਆ ਗਿਆ ਕਿ ਉਸਨੂੰ ਵੀ ਸ਼ਾਮੋਂ ਦੇ ਪਿਆਰ ਭਰੇ ਨਿੱਘੇ ਹੱਥ ਘੁੱਟਣ । ਉਸ ਦੇ ਜੀਵਨ ਵਿਚ ਪਹਿਲਾ ਮੌਕਾ ਸੀ ਜਦ ਕਿ ਕਿਸੇ ਮੁਟਿਆਰ ਨੇ ਉਸ ਦੇ ਖਰਵੇ ਹੱਥਾਂ ਨੂੰ ਘੁੱਟਿਆ ਸੀ।

ਸੱਜਨ ਸਿੰਘ ਦਾ ਅੰਗ ਅੰਗ ਸੁਆਦ ਨਾਲ ਥਰ-ਥਰਾਉਣ ਲੱਗਾ। ਉਸ ਦੇ ਕੰਬਦੇ ਹੱਥਾਂ, ਚਿਹਰੇ ਦੀ ਬਦਲ ਰਹੀ ਹਾਲਤ ਤੇ ਅੱਖਾਂ ਦੀ ਅਡੋਲਤਾ ਦੇਖ ਕੇ ਸ਼ਾਮੋ ਇਕ ਦਮ ਹੋਰ ਅਗੇ ਹੋਈ। "ਸੱਚ ਦੱਸੋ ਨਾ ਜੀ, ਕੀ ਮੈਂ ਤੁਹਾਨੂੰ ਸੋਹਣੀ ਲੱਗਦੀ ਆਂ?"

"ਬਹੁਤ ਸੋਹਣੀ, ਬਹੁਤ ਹੀ ਸੋਹਣੀ, ਸ਼ਾਮੋ।" ਖ਼ੁਸੀ ਨਾਲ ਗਲ੍ਹਾਂ ਫੁਲਾਉਂਦਾ ਹੋਇਆ ਸੱਜਨ ਸਿੰਘ ਬੋਲਿਆ।

"ਤੁਸੀਂ ਵੀ ਫਿਰ ਮੇਰੇ ਨਾਲ ਪਿਆਰ ਕਰਦੇ ਓ?"

"ਪਹਿਲਾਂ ਨਹੀਂ ਸਾਂ ਕਰਦਾ, ਹੁਣ ਕਰਦਾ ਹਾਂ।"

"ਅਗੋ ਕਰੋਗੇ?"

"ਹਾਂ।"

"ਪੱਕਾ ਬਚਨ?"

"ਧਰਮ ਨਾਲ ਪੱਕਾ ਬਚਨ, ਮੇਰਾ ਦਿਲ ਕਰਦਾ ਹੈ........"

"ਕੀ?"

"ਇਹੋ ਕਿ ਬੂਹਾ ਖੋਲ੍ਹ ਕੇ ਤੇਰੇ ਕੋਲ ਹੀ ਬੈਠ ਜਾਵਾਂ।"

"ਮੇਰੇ ਕੋਲ ਬੈਠਣ ਨੂੰ ਦਿਲ ਕਰਦਾ ਜੇ?"

"ਬੜਾ।"

"ਫਿਰ ਇਕ ਗੱਲ ਮੰਨੋ......ਪਰ ਤੁਸਾ ਮੰਨਣੀ ਨਹੀਂ।"

"ਉਹ ਕਿਹੜੀ ਗੱਲ ਹੈ ਜੋ ਮੈਂ ਮੰਨਣੀ ਨਹੀਂ, ਮੈਂ ਜਾਨ ਵਾਰਨ ਨੂੰ ਤਿਆਰ ਹਾਂ।"

ਸੱਜਨ ਸਿੰਘ ਦੇ ਕੰਨ ਕੋਲ ਮੂੰਹ ਕਰਕੇ ਹੌਲੀ ਜਿਹੀ ਆਖਣ ਲੱਗੀ "ਕੋਈ ਵਿਓਂਤ ਸੋਚੀਏ ਨਾ, ਕਿਲ੍ਹੇ ਵਿਚੋਂ ਨਿਕਲ ਜਾਣ ਦੀ, ਮੇਰੀ ਜਾਨ ਬਚ ਜਾਏਗੀ। ਮੇਰੇ ਕੋਲ ਸੋਨਾ ਤੇ ਕੀਮਤੀ ਹੀਰੇ ਮੋਤੀ ਹਨ, ਉਨ੍ਹਾਂ ਨੂੰ ਖ਼ਰਚ ਕੇ ਝੱਟ ਨਿਭਾਈ ਜਾਵਾਂਗੇ। ਇਕ ਦੂਜੇ ਨਾਲ ਪਿਆਰ ਕਰਦੇ ਤੇ ਇਕ ਦੂਜੇ ਨੂੰ ਘੁੱਟ-ਘੁੱਟ ਜੱਫੀਆਂ ਪਾਉਂਦੇ ਹੋਏ ਇਸ ਧਰਤੀ ਤੇ ਹੀ ਸੁਰਗ ਬਣਾ ਲਵਾਂਗੇ। ਇਥੇ ਤੇਰਾਂ ਰੁਪਿਆ ਬਦਲੇ ਗੁਲਾਮੀ ਕਰਦੇ ਓ, ਪਰ ਰਾਤ ਦਿਨੇ ਚੈਨ ਨਹੀਂ ਮਿਲਦਾ। ਇਹ ਜੁਆਨੀ ਦੇ ਚਾਰ ਦਿਨ ਭੰਗ ਦੇ ਭਾੜੇ ਗਵਾਉਣ ਵਾਲੇ ਨਹੀਂ।"

ਸ਼ਾਮੋ ਦੇ ਇਨ੍ਹਾਂ ਵਾਕਾਂ ਨੇ ਸੁਤੇ ਹੋਏ ਸੱਜਨ ਸਿੰਘ ਨੂੰ ਚੇਤੰਨ ਕਰ ਦਿੱਤਾ। ਉਹ ਆਪਣੇ ਆਪ ਨੂੰ ਇੰਜ ਪ੍ਰਤੀਤ ਕਰਨ ਲੱਗ ਪਿਆ, ਜਿਵੇਂ ਸੁਪਨੇ ਵਿਚ ਪ੍ਰੀਤ-ਨਾਟਕ ਦਾ ਪਾਤਰ ਬਣ ਰਿਹਾ ਹੈ ਅਤੇ ਉਸ ਦੇ ਸਿਰ ਤੇ ਕੋਈ ਫ਼ਰਜ਼ ਦਾ ਭਾਰ ਨਹੀਂ। "ਪਰ ਕਿਲ੍ਹੇ ਵਿਚੋਂ ਨਿਕਲ ਜਾਣ ਦੀ ਵਿਉਂਤ ਸੋਚੀਏ!" ਦਾ ਵਾਕ ਸੁਣਦੇ ਸਾਰ ਉਸ ਨੂੰ ਯਾਦ ਆ ਗਿਆ ਕਿ ਉਹ ਇਕ ਸਿਪਾਹੀ ਹੈ, ਉਸ ਦੇ ਮੋਢਿਆਂ 'ਤੇ ਬੜੀ ਭਾਰੀ ਜ਼ਿਮੇਵਾਰੀ ਦੀ ਪੰਡ ਹੈ। ਚੰਗਾ ਸਿਪਾਹੀ ਕਦੇ ਨਮਕ ਹਰਾਮ ਨਹੀਂ ਹੋ ਸਕਦਾ। ਉਸ ਦੇ ਦੋਹਾਂ ਹੱਥਾਂ ਵਿਚੋਂ ਸੀਖਾਂ ਨਿਕਲ ਗਈਆਂ। ਹੌਲੀ-ਹੌਲੀ ਉਹ ਬੂਹੇ ਅਗੋਂ ਦੋ ਕਦਮ ਪਿਛੇ ਹਟ ਗਿਆ ਤੇ ਕੰਧ ਨਾਲ ਲੱਗੀ ਬੰਦੂਕ ਨੂੰ ਉਸ ਨੇ ਦੋਹਾਂ ਹੱਥਾਂ ਵਿਚ ਫੜ ਲਿਆ।

"ਨਹੀਂ ਇਹ ਨਹੀਂ ਹੋ ਸਕਦਾ। ਮੈਂ ਤੇਰੀ ਜਾਨ ਕਿਸੇ ਹੋਰ ਹੀਲੇ ਨਾਲ ਬਚਾ ਸਕਦਾ ਹਾਂ, ਪਰ ਚੋਰਾਂ ਵਾਂਗ ਤੈਨੂੰ ਕੱਢ ਕੇ ਨਹੀਂ ਭੱਜ ਸਕਦਾ। ਤੂੰ ਕੈਦਣ ਹੈਂ, ਮੈਂ  ਇਕ ਸਿਪਾਹੀ ਹਾਂ ਤੇ ਮੈਂ ਵਫ਼ਾਦਾਰੀ ਦੀ ਸੌਂਹ ਖਾਧੀ ਹੋਈ ਹੈ। ਇਸ ਕਸੂਰ ਦੀ ਸਜ਼ਾ ਮੈਨੂੰ ਮੌਤ ਮਿਲੇਗੀ।" ਬੰਦੂਕ ਨੂੰ ਮੋਢੇ ਉਤੇ ਰਖ ਕੇ ਘੁਟਦਾ ਹੋਇਆ ਸੱਜਨ ਸਿੰਘ ਨਾਲੇ ਇਉਂ ਬੋਲੀ ਗਿਆ ਨਾਲੇ ਕਦਮ ਕਦਮ ਪਿਛੇ ਹੁੰਦਾ ਗਿਆ, "ਮੈਂ ਸਿਪਾਹੀ ਹਾਂ, ਰਾਜ-ਧ੍ਰੋਹੀ ਨਹੀਂ ਬਣ ਸਕਦਾ!"

"ਅਜੇ ਹੁਣੇ ਹੀ ਧਰਮ ਦੀ ਸੌਂਹ ਖਾ ਕੇ ਤੁਸਾਂ ਬਚਨ ਦਿੱਤਾ ਸੀ ਕਿ  ਤੁਸੀਂ ਮੇਰੇ ਨਾਲ ਪਿਆਰ ਕਰਦੇ ਓ," ਸ਼ਾਮੋ ਨੇ ਉੱਤਰ ਵਿਚ ਕਿਹਾ।

"ਮਰਦ ਜੋ ਜ਼ਬਾਨੋਂ ਆਖਣ, ਉਹ ਪੂਰਾ ਕਰਦੇ ਹਨ। ਮੈਂ ਪਿਆਰ ਕਰਦਾ ਹਾਂ, ਕਰਦਾ ਰਹਾਂਗਾ, ਪਰ......"

"ਪਰ ਕੀ?

"ਇਕ ਖ਼ਤਰਨਾਕ ਕੈਦਣ ਨੂੰ ਲੈ ਕੇ ਨੱਸ ਨਹੀਂ ਸਕਦਾ।"

"ਕੀ ਤੁਸਾਂ ਦੀਆਂ ਅੱਖਾਂ ਵਿਚ ਵੀ ਮੈਂ ਕੈਦਣ ਹਾਂ?" ਓਏ ਮੇਰੇ ਦਿਲ ਤੂੰ ਕਿਸ ਪਿਛੇ ਲਟੂਹੋਈ ਫਿਰਦਾ ਏਂ?" ਨਖਰੇ ਨਾਲ ਮੱਥੇ ਨੂੰ ਹੱਥ ਮਾਰ ਕੇ ਸ਼ਾਮੋ ਬੋਲੀ।

"ਮੇਰੀਆਂ ਅੱਖਾਂ ਵਿਚ ਨਹੀਂ, ਕਾਨੂੰਨ ਦੀਆਂ ਅੱਖਾਂ ਵਿਚ।"

"ਹੱਛਾ!" ਆਖ ਕੇ ਸ਼ਾਮੋ ਨੇ ਮੂੰਹ ਦੂਸਰੇ ਪਾਸੇ ਕਰ ਲਿਆ। ਉਹ ਪਰਤਾਉਣਾ ਚਾਹੁੰਦੀ ਸੀ ਕਿ ਉਸ ਦੀ ਵਿਉਂਤ ਕਿਥੋਂ ਕੁ ਤਕ ਨੇਪਰੇ ਚੜ੍ਹੀ ਹੈ। ਉਸ ਨੇ ਨਿਹੋਰੇ ਨਾਲ ਦੇ ਚਾਰ ਤਫੋੜੇ ਵੀ ਸੁਟੇ ਤਾਂ ਕਿ ਸੱਜਨ ਸਿੰਘ  ਦਾ ਦਿਲ ਫਿਰ ਜਾਏ ਤੇ ਉਹ ਕਿਵੇਂ ਨਾ ਕਿਵੇਂ ਉਸ ਦੇ ਆਖੇ ਲਗੇ।

ਸੱਜਨ ਸਿੰਘ ਮਨ ਹੀ ਮਨ ਸੋਚਣ ਲੱਗਾ ਕਿ ਉਹ ਕੀ ਕਰੇ? ਇਕ ਪਾਸੇ ਸੁੰਦਰ ਮੁਟਿਆਰ ਹੈ ਜਿਹੜੀ ਉਸਨੂੰ ਪਿਆਰ ਕਰਨ ਵਾਸਤੇ ਆਪ ਦਾਹਵਤ ਦੇ ਰਹੀ ਹੈ, ਦੂਸਰੇ ਪਾਸੇ ਸਿਪਾਹੀ ਪੁਣੇ ਦੀ ਜ਼ਿਮੇਵਾਰੀ ਹੈ।...... ਪਰ ਉਸ ਨੇ ਉਸ ਨੂੰ ਕੈਦਣ ਕਿਉਂ ਆਖਣਾ ਸੀ? ਦੁਨੀਆਂ ਦੀ ਨਿਗਾਹ ਵਿਚ ਉਹ ਭਾਵੇਂ ਕੁਝ ਹੋਵੇ, ਪਰ ਸੱਜਣ ਸਿੰਘ ਦੀਆਂ ਅੱਖਾਂ ਵਿਚ ਤਾਂ ਉਸ ਦੀ ਪ੍ਰੇਮਕਾ ਹੈ ਨਾ।...... ਰਾਜ ਦੰਡ ਉਸ ਨੂੰਕਦੀ ਮਾਫ਼ੀ ਨਹੀਂ ਦੇਣ ਲੱਗਾ ਉਸ ਦਾ ਕਸੂਰ ਬਹੁਤ ਵੱਡਾ ਹੈ।...... ਪਰ ਉਸ ਦੀ ਪ੍ਰੇਮਿਕਾ।

ਏਸੇ ਨੂੰ ਸ਼ਾਮੋ ਨੇ ਮੁੜ ਸੱਜਨ ਸਿੰਘ ਵਲ ਮੂੰਹ ਭੁਆਇਆ ਤੇ ਇਕ ਨਿਰਾਲਾ ਹੀ ਤਫੋੜਾ ਸੁਟ ਕੇ ਬੋਲੀ, "ਸੋਚੀਂ ਪੈ ਗਏ? ਠੀਕ ਹੈ, ਮਰਦ ਦਾ ਪ੍ਰੇਮ ਮਤਲਬ ਦਾ ਹੈ। ਸੱਚਾ ਪ੍ਰੇਮੀ ਕਿਤੇ ਨਹੀਂ ਲੱਭਦਾ। ਅਗਲੇ ਪ੍ਰੇਮੀ ਤਾਂ ਆਪਣੀਆਂ ਪ੍ਰੇਮਿਕਾਂ ਉਤੋਂ ਜਾਨ ਤਕ ਵਾਰ ਦੇਂਦੇ ਸਨ ਸੁਣਿਆ ਹੈ ਮਹੀਂਵਾਲ ਨੇ ਪਟ ਅਤੇ ਫ਼ਰਿਹਾਦ ਨੇ ਸ਼ੀਰੀਂ ਖ਼ਾਤਰ ਪਹਾੜ ਚੀਰਿਆ। ਰਾਂਝੇ ਨੇ ਕੰਨ ਪੜਵਾਏ। ਆਹ ਕਿਸਮਤ!! ਅਜ ਦੇ ਪ੍ਰੇਮੀ ਜਿਸ ਨੂੰ ਆਪਣੀ ਜਾਨ ਤੋਂ ਪਿਆਰੀ ਕਹਿੰਦੇ ਹਨ ਉਸ ਨੂੰ ਕਾਲ ਕੋਠੜੀ ਵਿਚ ਸੜਦੀ ਦੇਖ ਕੇ ਖ਼ੁਸ਼ ਹੁੰਦੇ ਨੇ।"

ਸੱਜਨ ਸਿੰਘ ਨਾ ਸ਼ਾਮੋ ਵੱਲ ਦੇਖ ਸਕਿਆ ਤੇ ਨਾ ਹੀ ਉਸ ਦੇ ਬੋਲ ਸੁਣ ਸਕਿਆ। ਉਸ ਨੇ ਉਹਦੇ ਵਲ ਪਿੱਠ ਕਰ ਲਈ। ਪਰ ਉਹ ਬੋਲੀ ਗਈ, "ਓ ਦਿਲਾ, ਤੂੰ ਭਾਰੀ ਭੁਲ ਕੀਤੀ, ਪੱਥਰ ਨਾਲ ਨਿਹੁੰ ਲਾ ਬੈਠੀ। ਨਾ ਰੋਵੇ ਨਾ ਹੱਸੇ।" ਸਿਪਾਹੀ ਹੈ, ਠੀਕ ਆਖਦੇ ਨੇ, ਕੋਈ ਸਿਪਾਹੀ ਕਿਸੇ ਸੁੰਦਰੀ ਦੇ ਦਿਲ ਦੀ ਕਦਰ ਨਹੀਂ ਜਾਣ ਸਕਦਾ। ਉਸ ਨੂੰ ਪਤਾ ਹੀ ਨਹੀਂ ਹੁੰਦਾ ਕਿ ਇਕ ਮੁਟਿਆਰ ਦੇ ਦਿਲ ਦੀਆਂ ਕੀ ਸੱਧਰਾਂ ਹੁੰਦੀਆਂ ਹਨ। ਧੀਰਜ ਕਰ ਸ਼ਾਮੋ, ਇਹੋ ਮਤਲਬੀ, ਡਰਾਕਲ ਤੇ ਪੱਥਰ ਦਿਲ ਪ੍ਰੇਮੀ ਨਾਲੋਂ ਮੌਤ ਚੰਗੀ ਊ। ਇਸ ਨੇ ਤੈਨੂੰ ਅਧਵਾਟੇ ਹੀ ਛੱਡਣਾ ਸੀ। ਸਿਪਾਹੀ ਸੱਚੇ ਪ੍ਰੇਮੀ ਨਹੀਂ ਹੁੰਦੇ, ਇਹ ਤਾਂ....

ਸ਼ਾਮੋ ਦਾ ਨਫ਼ਰਤ ਭਰਿਆ ਅੰਤਲਾ ਵਾਕ ਅਜੇ ਅਧੂਰਾ ਹੀ ਸੀ ਕਿ ਸੱਜਨ ਸਿੰਘ ਬੜੀ ਘਬਰਾਹਟ ਨਾਲ ਦੋ ਕਦਮ ਅੱਗੇ ਹੋ ਕੇ ਬੋਲ ਪਿਆ, "ਸ਼ਾਮੋ! ਹੋਸ਼ ਕਰ! ਮੈਂ ਉਹਨਾਂ ਮਰਦਾਂ....!" ਉਸਦੀ ਜਬਾਨ ਰੁਕ ਗਈ। ਆਪਣੇ ਦਿਲੀ ਭਾਵਾਂ ਨੂੰ ਉਹ ਪਰਗਟ ਨਾ ਕਰ ਸਕਿਆ ਤੇ ਪਾਰੇ ਵਾਂਗ ਕੰਬਦਾ ਹੋਇਆ ਬਿਟਰ ਬਿਟਰ ਸ਼ਾਮੋ ਵਲ ਦੇਖਣ ਲੱਗ ਪਿਆ।

ਜ਼ਬਾਨੋਂ ਕੁਝ ਆਖਣ ਦੀ ਥਾਂ ਸ਼ਾਮੋ ਨੇ ਇਕ ਹੋਰ ਚਲਾਕੀ ਕੀਤੀ। ਉਹ ਝੱਟ ਆਪਣੀ ਥੜ੍ਹੀ 'ਤੇ ਜਾ ਬੈਠੀ ਤੇ ਸੱਜਨ ਸਿੰਘ ਵਲ ਕੰਡ ਕਰ ਲਈ। ਦੋਹਾਂ ਹੱਥਾਂ ਨਾਲ ਸਿਰ ਨੂੰ ਫੜ ਕੇ ਇੰਜ ਪਰਗਟ ਕੀਤਾ ਜਿਵੇਂ ਉਹ ਬਹੁਤ ਦੁਖੀ ਹੋ ਰਹੀ ਹੈ ਤੇ ਉਸ ਦਾ ਸਿਰ ਚਕਰਾ ਰਿਹਾ ਹੈ।

ਕੁਝ ਮਿੰਟਾਂ ਪਿਛੋਂ ਸੱਜਨ ਸਿੰਘ ਦੀ ਜ਼ਬਾਨ ਖੁਲ੍ਹੀ, "ਸ਼ਾਮੋਂ, ਪੰਜੇ ਉਂਗਲਾਂ ਇਕੋ ਜਹੀਆਂ ਨਹੀਂ ਹੁੰਦੀਆਂ। ਸਾਰੇ ਸਿਪਾਹੀ ਤਲੰਗੇ ਨਹੀਂ ਹੁੰਦੇ। ਸਿਪਾਹੀ ਦਾ ਦਿਲ ਪੱਥਰ ਵੀ ਹੈ ਤੇ ਮੋਮ ਵੀ।"

ਸ਼ਾਮੋ ਨੇ ਕੋਈ ਉਤਰ ਦੇਣ ਦੀ ਥਾਂ ਇਕ ਬਨਾਉਟੀ ਉੱਚਾ ਹੌਕਾ ਭਰਿਆ। ਉਸ ਹੌਕੇ ਨਾਲ ਉਸ ਦਾ ਸਾਰਾ ਸਰੀਰ ਕੰਬ ਗਿਆ।

"ਤੂੰ ਰੋ ਰਹੀ ਏਂ ਸ਼ਾਮੋ? ਇਕ ਵਾਰ ਏਧਰ ਤੱਕ!"

ਪਰ ਸ਼ਾਮੋ ਉੱਚੇ ਹੌਕੇ ਭਰਦੀ ਹੋਈ ਜਿਉਂ ਦੀ ਤਿਉਂ ਬੈਠੀ ਰਹੀ।

ਕਿਲ੍ਹੇ ਦੇ ਘੜਿਆਲ ਨੇ ਰਾਤ ਦੇ ਬਾਰ੍ਹਾਂ ਖੜ੍ਹਕਾ ਦਿਤੇ। ਸ਼ਾਮੋ ਨੇ ਤਾਂ ਸ਼ਾਇਦ ਗਿਣੇ ਨਹੀਂ ਕਿ ਬਾਰ੍ਹਾਂ ਖੜ੍ਹਕਾ ਦਿਤੇ। ਵਜ ਗਏ ਹਨ, ਪਰ ਸੱਜਨ ਸਿੰਘ ਦੇ ਕੰਨਾਂ ਵਿਚ ਸ਼ਾਮੋ ਦੇ ਬੋਲ ਕੁਬੋਲ ਗੂੰਜ ਰਹੇ ਸਨ। ਉਸ ਨੂੰ ਘੜਿਆਲ ਦੇ ਦਿਲ ਤੇ ਪਈਆਂ ਬਾਰ੍ਹਾਂ ਸੱਟਾਂ ਸੁਣਾਈ ਨਾ ਦਿੱਤੀਆਂ।

"ਸ਼ਾਮੋ ਭਾਵੇਂ ਕਿਵੇਂ ਵੀ ਹੋਵੇ" ਉਹ ਬੋਲੀ ਗਿਆ, "ਮੈਂ ਸਾਹਿਬ ਨੂੰ ਆਖ ਕੇ ਤੈਨੂੰ ਬਚਾ ਲਵਾਂਗਾ, ਪਰ ਕੰਧ ਟੱਪ ਕੇ ਚੋਰੀ ਨਹੀਂ ਨੱਸ ਸਕਦਾ। ਨੱਸਣ ਵਿਚ ਦੋਹਾਂ ਦੀ ਜਾਨ ਖ਼ਤਰੇ ਵਿਚ ਪੈ ਜਾਏਗੀ। ਤੂੰ ਤਫੋੜੇ ਨਾ ਸੁਟ, ਮੈਂ ਇਕ ਵਡੀ ਜ਼ਿਮੇਵਾਰੀ ਤੇ ਖਲੋਤਾ ਹਾਂ, ਰਾਜ ਨੇ ਮੇਰੇ ਤੇ ਭਰੋਸਾ ਕੀਤਾ ਹੈ।

ਉਹ ਚੁਪ ਰਹੀ, ਉਸ ਦੇ ਬੁਲ੍ਹਾਂ ਤੇ ਮੁਸਕਰਾਹਟ ਸੀ।

"ਸ਼ਾਮੋ! ਪਿਆਰੀ ਸ਼ਾਮੋ," ਸੱਜਨ ਸਿੰਘ ਬੜੇ ਤਰਲੇ ਤੇ ਪਿਆਰ ਦੇ ਲਹਿਜੇ ਵਿਚ ਹੋਰ ਕੁਝ ਕਹਿਣ ਹੀ ਲੱਗਾ ਸੀ ਕਿ ਕਿਸੇ ਦੇ ਬੂਟਾਂ ਦੀ ਠੱਪ-ਠੱਪ ਸੁਣਾਈ ਦਿੱਤੀ। ਉਸ ਨੇ ਕੰਨ ਚੁਕ ਕੇ ਸੱਜੇ ਪਾਸੇ ਵਲ ਦੇਖਿਆ। ਉਸ ਨੂੰ ਮਾਲੂਮ ਹੋ ਗਿਆ ਕਿ ਉਸ ਦੀ ਡਿਊਟੀ ਦਾ ਸਮਾਂ ਮੁਕ ਗਿਆ ਹੈ। ਆਉਣ ਵਾਲਾ ਦੂਸਰਾ ਸੰਤਰੀ ਹੈ। ਉਹ ਝਟ-ਪਟ ਸਾਵਧਾਨ ਹੋ ਗਿਆ ਤੇ ਬੰਦੂਕ ਨੂੰ ਮੋਢੇ ਤੇ ਕੱਸ ਕੇ ਆਕੜਦਾ ਹੋਇਆ ਘਬਰਾਹਟ ਵਿਚ ਬੋਲਿਆ, "ਕੌਣ ਏਂ?"

"ਚਰਾਗਦੀਨ" ਅਗੋਂ ਅਵਾਜ਼ ਆਈ।

## ਕਾਂਡ-4

ਹਰੀ ਭਰੀ ਤੇ ਮਸਕੀਨ ਜਿਹੀ ਪਹਾੜੀ ਦੇ ਚਰਨਾਂ ਵਿਚ ਰਾਮ ਨਗਰ ਨਾਂ ਦਾ ਇਕ ਛੋਟਾ ਜਿਹਾ ਪਿੰਡ ਵਸ ਰਿਹਾ ਹੈ। ਪਹਾੜੀ ਵਿਚੋਂ ਨਿਕਲੇ ਚਸ਼ਮੇ ਉਸ ਦੀਆਂ ਫ਼ਸਲਾਂ ਨੂੰ ਹਰਿਆ ਭਰਿਆ ਕਰਦੇ ਹਨ। ਥੋੜੀ ਜਿਹੀ ਮਾਸੂਮ ਵਸੋਂ ਹੈ। ਸਾਰੇ ਆਪੋ ਵਿਚ ਬਹੁਤ ਪਿਆਰ ਨਾਲ ਰਹਿੰਦੇ ਹਨ, ਤੇ ਸੰਸਾਰ ਦਿਆਂ ਝਗੜਿਆਂ ਅਤੇ ਰਾਜ ਦੀਆਂ ਅਦਲੀਆਂ ਬਦਲੀਆਂ ਵਿਚ ਘੱਟ ਹੀ ਦਖ਼ਲ ਦੇਂਦੇ ਹਨ।

ਭਗਵਾਨ ਦੀ ਪੂਜਾ ਅਤੇ ਆਤਮਾ ਦੀ ਸ਼ਾਂਤੀ ਵਾਸਤੇ ਪਿੰਡ ਵਾਸੀਆਂ ਨੇ ਪਿੰਡੋਂ ਬਾਹਰ ਨਿਵੇਕਲੀ ਥਾਂ ਤੇ ਇਕ ਮੰਦਰ ਬਣਾਇਆ ਹੋਇਆ ਹੈ। ਉਸ ਮੰਦਰ ਦੇ ਨਾਲ ਇਕ ਸਰਾਂ ਹੈ, ਜਿਸ ਵਿਚ ਆਏ ਗਏ ਯਾਤਰੂ ਅਰਾਮ ਕਰਦੇ ਅਤੇ ਰਾਤ ਕੱਟਦੇ ਹਨ। ਸਰਾਂ ਦੇ ਪਿਛਲੇ ਪਾਸੇ ਇਕ ਨਿਰਮਲ ਜਲ ਦਾ ਨਾਲਾ ਚਲਦਾ ਹੈ, ਜੋ ਯਾਤਰੂਆਂ ਵਾਸਤੇ ਕੁਦਰਤੀ ਛਬੀਲ ਹੈ। ਮੰਦਰ ਦਾ ਬੁੱਢਾ ਪੁਜਾਰੀ ਬੜਾ ਭਲਾ ਲੋਕ ਅਤੇ ਆਏ ਗਏ ਯਾਤਰੂ ਦੀ ਸੇਵਾ ਬੜੇ ਸਤਿਕਾਰ ਨਾਲ ਕਰਨ ਵਾਲਾ ਹੈ।

ਮੰਦਰ ਦੇ ਦਲਾਨ ਵਿਚ ਇਕ ਥੜ੍ਹਾ ਹੈ। ਉਸ ਬੜ੍ਹੇ ਉਤੇ ਅਠਾਰ੍ਹਾਂ-ਉਨ੍ਹੀ ਸਾਲ ਦੀ ਮੁਟਿਆਰ ਗੋਮਤੀ ਬੈਠੀ ਸੀ। ਉਹਦਾ ਰੰਗ ਗੋਰਾ ਤੇ ਚਿਹਰੇ ਦੇ ਨਕਸ਼ ਤਿੱਖੇ ਸਨ। ਭਾਵੇਂ ਕੱਦ-ਕਾਠ ਦੀ ਪਤਲੀ ਸੀ, ਪਰ ਡੀਲ- ਡੌਲ ਚੰਗੀ ਸੀ। ਹਰ ਇਕ ਅੰਗ ਵਿਚ ਮਜ਼ਬੂਤੀ ਤੇ ਚੁਸਤੀ ਸੀ। ਇਕ ਫ਼ਕੀਰਨੀ ਦੇ ਭੇਸ ਵਿਚ ਬੈਠੀ ਹੋਈ ਉਹ ਅੱਖਾਂ ਵਿਚਲੀ ਖਿੱਚ ਤੇ ਮਸਤੀ ਨੂੰ ਕੱਜਣ ਦਾ ਜਤਨ ਕਰ ਰਹੀ ਸੀ। ਉਸ ਦਾ ਜਨਮ ਕਾਂਗੜੇ ਦੀਆਂ ਪਹਾੜੀਆਂ ਵਿਚ ਹੋਇਆ ਸੀ, ਇਸ ਕਰਕੇ ਉਹ ਯੂ.ਪੀ ਤੇ ਬਿਹਾਰ ਦੀਆਂ ਪਹਾੜੀ ਔਰਤਾਂ ਨਾਲ ਮਿਲਦੀ ਜੁਲਦੀ ਸੀ। ਇਸ ਵਾਸਤੇ ਹੀ ਸ਼ਾਇਦ ਸ਼ਾਮੋ ਨੇ ਮਹਾਰਾਣੀ ਦੀ ਮਦਦ ਵਾਸਤੇ ਉਸ ਨੂੰ ਚੁਣਿਆ ਸੀ।

ਗੋਮਤੀ ਫ਼ਕੀਰਨੀ ਬਣੀ ਬੈਠੀ ਸੀ। ਉਸ ਨੇ ਮੈਲੀ ਤੇ ਲੀਰਾਂ ਦਾ ਬੁਕ ਧੋਤੀ ਬੱਧੀ ਹੋਈ ਸੀ ਅਤੇ ਸਿਰ ਤੇ ਪੈਰਾਂ ਤੋਂ ਨੰਗੀ ਸੀ। ਧੋਤੀ ਦਾ ਵਾਧੂ ਹਿੱਸਾ ਕਦੀ ਉਹ ਸਿਰ ਤੇ ਕਰ ਲੈਂਦੀ, ਕਦੀ ਉਹ ਮੋਢੇ ਤੇ ਹੀ ਪਿਆ ਰਹਿੰਦਾ। ਸਿਰ ਦੇ ਕਾਲੇ ਤੇ ਲੰਬੇ ਵਾਲਾਂ ਨੂੰ ਪਤਾ ਨਹੀਂ ਉਸ ਨੇ ਕੀ ਚੀਜ਼ ਲਾਈ ਕਿ ਉਹ ਜੁੜ ਕੇ ਸਾਧੂਆਂ ਦੀਆਂ ਜਟਾਵਾਂ ਵਾਂਗ ਲਿਟਾਂ ਬਣ ਗਏ ਸਨ। ਉਸ ਦੇ ਕੋਲ ਇਕ ਪਿੱਤਲ ਦਾ ਕੌਲਾਂ, ਛੋਟੀ ਜਿਹੀ ਪੋਟਲੀ ਅਤੇ ਇਕ ਰਜ਼ਾਈ ਸੀ ਜਿਸ ਨੂੰ ਅਨਗਿਣਤ ਟਾਕੀਆਂ ਲੱਗੀਆਂ ਹੋਈਆਂ ਸਨ। ਉਸ ਦੀ ਹਾਲਤ ਵੇਖ ਕੇ ਕਿਸੇ ਨੂੰ ਸੁਪਨਾ ਵੀ ਨਹੀਂ ਸੀ ਆ ਸਕਦਾ ਕਿ ਉਹ ਕਿਸੇ ਮਹਾਰਾਣੀ ਦੀ ਗੋਲੀ ਵੀ ਰਹੀ ਹੈ।

ਗੋਮਤੀ ਦੀਆਂ ਅੱਖਾਂ ਵਿਚ ਮਹਾਰਾਣੀ ਜਿੰਦਾ ਦੇ ਆਉਣ ਦੀ ਉਡੀਕ ਸੀ, ਉਹ ਬੜੀ ਬੇਸਬਰੀ ਨਾਲ ਉਡੀਕ ਕਰ ਰਹੀ ਸੀ। ਉਡੀਕ ਵਿਚ ਸਮਾਂ ਵੀ ਬਤੀਤ ਨਹੀਂ ਹੁੰਦਾ। ਬਹੁਤੀ ਘੇਰ ਉਸ ਨੂੰ ਇਸ ਵਾਸਤੇ ਪੈਂਦੀ ਸੀ ਕਿ ਮਹਾਰਾਣੀ ਨੂੰ ਦੁਪਹਿਰਾਂ ਤੋਂ ਪਹਿਲਾਂ ਰਾਮ ਨਗਰ ਪੁਜ ਜਾਣਾ ਚਾਹੀਦਾ ਸੀ, ਪਰ ਉਹ ਤ੍ਰਕਾਲਾਂ ਤੱਕ ਨਾ ਪੁੱਜੀ। "ਹਾਏ ਮੇਰੀ ਮਹਾਰਾਣੀ ਕਿਤੇ ਦੁਸ਼ਮਨ ਦੇ ਕਾਬੂ ਨਾ ਆ ਗਈ ਹੋਵੇ!" ਇਹ ਅਵਾਜ਼ ਉਸ ਦੇ ਦਿਲੋਂ ਪਲ ਪਲ ਪਿੱਛੋਂ ਉੱਠਦੀ ਸੀ, ਉਸ ਨੂੰ ਹੀ ਉਹ ਬੜੇ ਧਿਆਨ ਨਾਲ ਦੇਖਦੀ।

ਅਚਣ-ਚੇਤ ਇਕ ਦਾਸੀ ਦੇ ਭੇਸ ਵਿਚ ਉਸ ਦੀ ਮਹਾਰਾਣੀ ਸਰਾਂ ਦੇ ਵੱਡੇ ਦਰਵਾਜ਼ੇ ਵਿਚ ਆ ਖਲੋਤੀ। ਅਣਡਿੱਠੀ ਥਾਂ ਨੂੰ ਉਹ ਡੌਰ-ਭੌਰੀ ਹੋਈ ਤੱਕਣ ਅਤੇ ਮਿੱਤਰ ਵੈਰੀ ਦੀ ਪਛਾਣ ਕਰਨ ਲੱਗੀ। ਉਸ ਦਾ ਕਾਲਜਾ ਧੱਕ -ਧੱਕ ਵੱਜ ਰਿਹਾ ਸੀ। ਹਰ ਮਨੁੱਖ ਤੇ ਬ੍ਰਿਛ-ਪੱਤੇ ਕੋਲੋਂ ਉਸ ਨੂੰ ਡਰ ਆਉਂਦਾ ਸੀ।

ਪੈਂਡੇ ਦੀ ਚੂਰ ਕੀਤੀ ਹੋਈ ਮਹਾਰਾਣੀ ਦੀਆਂ ਮੋਟੀਆਂ ਅੱਖਾਂ ਸਾਹਮਣੇ ਬੈਠੀ ਗੋਮਤੀ ਨੂੰ ਨਾ ਪਛਾਣ ਸਕੀਆਂ । ਪਰ ਗੋਮਤੀ ਦੀ ਮ੍ਰਿਗ-ਨੈਣਾਂ ਨੇ ਉਸੇ ਵੇਲੇ ਹੀ ਆਉਣ ਵਾਲੇ ਨੂੰ ਸੰਞਾਣ ਲਿਆ। ਦੇਖਦੇ ਸਾਰ ਉਹ ਖ਼ੁਸ਼ੀ ਨਾਲ ਉਛਲ ਕੇ ਥੜ੍ਹੇ ਤੋਂ ਉਠੀ ਅਤੇ ਹੇਠ ਉਤਰ ਕੇ ਅਗੇ ਵਧੀ। ਪਹਿਲਾਂ ਤਾਂ ਉਸ ਨੇ ਆਪਣੀ ਮਹਾਰਾਣੀ ਨੂੰ ਮੱਥਾ ਟੇਕ ਕੇ ਸਤਿਕਾਰ ਕਰਨਾ ਚਾਹਿਆ, ਪਰ ਸਮੇਂ ਨੇ ਉਸ ਨੂੰ ਅਕਲ ਦਿੱਤੀ ਕਿ ਹੁਣ ਤੁਹਾਡਾ ਸੰਬੱਧ ਮਹਾਰਾਣੀ ਤੇ ਦਾਸੀ ਵਾਲਾ ਨਹੀਂ, ਸਗੋਂ ਦੋਵੇਂ ਇਕੋ ਜਹੀਆਂ ਫ਼ਕੀਰਨੀਆਂ ਭੈਣਾਂ ਹੈ। ਇਸ ਵਕਤ ਫ਼ਰਕ ਮਿਟ ਗਿਆ ਹੈ। ਜੇ ਫ਼ਰਕ ਦੱਸੋਗੀਆਂ ਤਾਂ ਹੋ ਸਕਦਾ ਹੈ ਕਿ ਕੋਈ ਵੱਡੀ ਬਿਪਤਾ ਤੁਹਾਡੇ ਸਿਰ ਆ ਵਾਪਰੇ। ਅਜ ਪਹਿਲੀ ਵਾਰ ਸੀ ਕਿ ਗੋਮਤੀ ਨੇ ਨਾ ਹੱਥ ਜੋੜੇ ਨਾ ਝੁਕ ਕੇ ਮੱਥਾ ਟੇਕਿਆ, ਸਗੋਂ ਮਲਕੜੇ ਜਹੇ ਲਾਗੇ ਜਾ ਕੇ ਧੀਮੀ ਅਵਾਜ਼ ਵਿਚ ਆਖਿਆ, "ਵਾਗਿਗੁਰੂ ਦਾ ਲੱਖ ਸ਼ੁਕਰ, ਤੁਸੀਂ ਆ ਗਏ ਉਡੀਕ ਵਿਚ ਬੈਠਿਆਂ ਮੇਰਾ ਮਨ ਦੁਚਿੱਤੀ ਵਿਚ ਗੋਤੇ ਖਾ ਰਿਹਾ ਸੀ।"

"ਆ ਗਈ !ਪਰ........" ਪੈਂਡੇ ਦੀ ਥੱਕੀ ਤੇ ਭੁੱਖ ਨਾਲ ਬੇਹਬਲ ਹੋਈ ਮਹਾਰਾਣੀ ਗੱਲ ਵੀ ਪੂਰੀ ਨਾ ਕਰ ਸਕੀ, "ਮੇਰੇ ਸਿਰ ਨੂੰ ਚੱਕਰ ਆ ਰਹੇ ਨੇ।" ਬੜੀ ਔਖਿਆਈ ਨਾਲ ਵਾਕ ਪੂਰਾ ਕਰਦੇ ਸਾਰ ਮਹਾਰਾਣੀ ਨੇ ਗੋਮਤੀ ਦਾ ਮੋਢਾ ਫੜ ਲਿਆ। "ਮੇਰਾ ਤੂੰ ਆਸਰਾ ਹੈਂ" ਹੌਲੀ-ਹੌਲੀ ਆਖਦੀ ਹੋਈ ਗੋਮਤੀ ਦੇ ਮੋਢੇ ਦੇ ਸਹਾਰੇ ਥੜ੍ਹੇ ਤੇ ਉਸ ਥਾਂ ਆ ਗਈ, ਜਿਥੋਂ ਗੋਮਤੀ ਉੱਠ ਕੇ ਗਈ ਸੀ।

ਮਹਾਰਾਣੀ ਦਾ ਸਿਰ ਚਕਰਾਉਣ ਲੱਗ ਪਿਆ, ਪਰ ਦਿਲ ਨਾ ਟੁੱਟਾ। ਜੇ ਦਿਲ ਟੁੱਟ ਜਾਂਦਾ ਤਾਂ ਪਹਿਲੀ ਮੰਜ਼ਲ ਨੂੰ ਉਹ ਪੂਰਿਆਂ ਨਾ ਕਰ ਸਕਦੀ। ਰਾਜ-ਭਾਗ ਪੁੱਤਰ, ਪਤੀ ਅਤੇ ਭਰਾਵਾਂ ਦੇ ਵਿਛੋੜੇ ਨੇ ਭਾਵੇਂ ਉਸ ਨੂੰ ਕਮਜ਼ੋਰ ਕਰ ਦਿਤਾ ਸੀ, ਚਿੰਤਾ ਉਸ ਦੇ ਸਰੀਰ ਨੂੰ ਘੁਣ ਵਾਂਗ ਅੰਦਰੋਂ ਅੰਦਰੀ ਖਾਈ ਜਾਂਦੀ ਸੀ, ਫਿਰ ਵੀ ਪੰਜਾਬਣ ਜੱਟੀ ਹੋਣ ਕਰ ਕੇ ਉਹ ਹਰ ਆਈ ਮੁਸੀਬਤ ਦਾ ਟਾਕਰਾ ਕਰਨ ਵਾਸਤੇ ਸਦਾ ਤਿਆਰ ਰਹਿੰਦੀ ਸੀ। ਉਸ ਦਾ ਹੌਂਸਲਾ ਮਰਦਾਂ ਨਾਲੋਂ ਵੱਧ ਸੀ। ਇਸ ਪੰਧ ਦੀਆਂ ਪੀੜਾਂ ਵਿਚ ਪੁੱਤਰ-ਮਿਲਾਪ ਤੇ ਰਾਜ-ਭਾਗ ਦੇ ਮੁੜ ਮਿਲਣ ਦੀ ਇਕ ਆਸ-ਕਿਰਨ ਸੀ। ਉਸ ਆਸ ਦੇ ਆਸਰੇ ਹੀ ਉਹ ਢਿੱਡੋਂ ਭੁੱਖੀ ਪੈਰੋਂ 'ਤੇ ਸਿਰੋਂ ਨੰਗੀ ਵਾਹੋ-ਦਾਹੀ ਇਨ੍ਹਾਂ ਅਣਡਿੱਠੀਆਂ ਥਾਵਾਂ 'ਤੇ ਪੁਜੀ ਸੀ।

"ਗੋਮਾ, ਮੈਨੂੰ ਕੁਝ ਖਾਣ ਵਾਸਤੇ ਦੇਹ ! ਮੈਂ ਸਵੇਰ ਦਾ ਕੁਝ ਨਹੀਂ ਖਾਧਾ, ਪਾਣੀ ਦੇ ਘੁੱਟ ਤੇ ਏਥੇ ਅੱਪੜੀ ਹਾਂ। ਮੇਰੇ ਢਿੱਡ ਪੀੜ ਹੋ ਰਹੀ ਹੈ।" ਮਹਾਰਾਣੀ ਨੇ ਆਪਣੀ ਵੱਖੀ ਤੇ ਸੱਜਾ ਹੱਥ ਰਖਦਿਆਂ ਹੋਇਆਂ ਆਖਿਆ।

"ਹਾਇ ! ਮੈਂ ਮਰੀ, ਸਵੇਰ ਦਾ ਕੁਝ ਨਹੀਂ ਖਾਧਾ। ਮੈਂ ਹੁਣੇ ਬਾਬਾ ਜੀ ਕੋਲ ਜਾ ਕੇ ਚੌਲ ਲਿਆਉਂਦੀ, ਹਾਂ," ਗੋਮਤੀ ਇਹ ਆਖਦੀ ਹੋਈ ਉੱਠੀ। ਪਰ ਉਸ ਵੇਲੇ ਹੀ ਕੁਝ ਸੋਚ ਕੇ, "ਮੈਂ ਤਾਂ ਅਗੇ ਚੌਲ ਲਿਆ ਕੇ ਖਾ ਚੁਕੀ ਹਾਂ, ਉਹ ਸ਼ਾਇਦ ਨਾਂਹ ਕਰ ਦੇਵੇ। ਤੁਹਾਨੂੰ ਮੰਗਣ ਵਾਸਤੇ ਆਪ ਜਾਣਾ ਪਵੇਗਾ।"

"ਮੈਨੂੰ ਮੰਗਣ ਵਾਸਤੇ ਜਾਣਾ ਪਵੇਗਾ?" ਮਹਾਰਾਣੀ ਹੈਰਾਨੀ ਨਾਲ ਬੋਲੀ। ਮੁੜ ਦਿਲ ਵਿਚ ਸੋਚਣ ਲੱਗੀ, "ਠੀਕ ਹੈ ਮੈਨੂੰਮੰਗਣਾ ਪਵੇਗਾ। ਮੈਂ ਫ਼ਕੀਰਨੀ ਬਣੀ ਰਹੀ ਹਾਂ, ਮਹਾਰਾਣੀ ਨਹੀਂ ਰਹੀ। ਰਾਜ ਨਹੀਂ, ਭਾਗ ਨਹੀਂ, ਪੁੱਤਰ ਤੇ ਕੋਈ ਸਨਬੰਧੀ ਨਹੀਂ, ਇਕ ਫ਼ਕੀਰਨੀ ਹਾਂ।" ਇਹ ਕੁਝ ਸੋਚਦਿਆਂ ਹੋਇਆਂ ਉਸ ਦੇ ਨੇਤਰ ਸਜਲ ਹੋ ਗਏ।

ਉਸਨੂੰ ਮੰਗਣ ਜਾਣ ਦਾ ਹੌਂਸਲਾ ਨਾ ਪਿਆ। ਉਹ ਆਪਣੇ ਆਪ ਨੂੰ ਸੰਭਾਲ ਕੇ ਬੋਲੀ, "ਮੈਂ ਥੱਕੀ ਟੁੱਟੀ ਹਾਂ। ਜਾਹ ਵਾਹਿਗੁਰੂਦਾ ਵਾਸਤਾ ਪਾ ਕੇ ਮੁੱਠੀ ਚੌਲ ਮੰਗ ਲਿਆ। ਅਜੇ ਮੈਨੂੰ ਮੰਗਣ ਦੀ ਜਾਚ ਨਹੀਂ।"

ਆਹ ! ਕਲ੍ਹ ਜੋ ਦਾਤਾ ਸੀ, ਅਜ ਭਿਖਾਰੀ ਹੈ। ਜਿਸ ਦੇ ਦਰ ਤੋਂ ਲੱਖਾਂ ਨੂੰ ਰੋਟੀ ਤੇ ਕਪੜਾ ਦਿੱਤਾ ਜਾਂਦਾ ਸੀ, ਉਹ ਅਜ ਮੁੱਠੀ ਚੌਲਾਂ ਵਾਸਤੇ ਕਿਸੇ ਅਗੇ ਹੱਥ ਟੱਡੇਗੀ।

ਗੋਮਤੀ ਬੁੱਢੇ ਪੁਜਾਰੀ ਕੋਲ ਗਈ। ਉਸ ਨੂੰ ਜਾ ਕੇ ਮੁੱਠੀ ਚੌਲਾਂ ਵਾਸਤੇ ਵਾਸਤਾ ਪਾਇਆ। ਉਹ ਬੜਾ ਤਰਸਵਾਨ ਸੀ। ਉਸ ਨੇ ਤਰਸ ਕਰ ਕੇ ਕੇਲੇ ਦੇ ਪੱਤਰ ਉਤੇ ਬੁੱਕ ਚੌਲ ਪਾ ਦਿੱਤੇ ਤੇ ਦੋ ਕੜਛੀਆਂ ਹਰਹਰ ਦੀ ਦਾਲ ਉਨ੍ਹਾਂ ਉਤੇ ਹੀ ਪਾ ਦਿਤੀ। ਗੋਮਤੀ ਨੇ ਉਹ ਲਿਆ ਕੇ ਮਹਾਰਾਣੀ ਦੇ ਅੱਗੇ ਰੱਖ ਦਿੱਤੇ। ਚਾਂਦੀ ਦੇ ਥਾਲਾਂ ਵਿਚ ਗਈ ਤਰ੍ਹਾਂ ਦੇ ਖਾਣੇ ਪ੍ਰੋਸ ਕੇ ਮਹਾਰਾਣੀ ਨੂੰ ਖੁਆਉਣ ਵਾਲੀ ਗੋੱਲੀ ਅਜ ਕੇਲੇ ਦੇ ਪੱਤੇ ਉਤੇ ਰੱਖ ਕੇ ਚੌਲ ਖੁਆ ਰਹੀ ਸੀ।

ਭੁੱਖ ਵੇਲੇ ਲਕੜਾਂ ਵੀ ਚੱਬ ਜਾਈਦੀਆਂ ਨੇ, ਉਹ ਤਾਂ ਫਿਰ ਚੌਲ ਸਨ। ਮਹਾਰਾਣੀ ਉਨ੍ਹਾਂ ਨੂੰ ਖਾ ਗਈ। ਖਾਂਦਿਆਂ ਹੋਇਆਂ ਤ੍ਰਿਪ-ਤ੍ਰਿਪ ਅੱਥਰੂਉਸ ਦੀਆਂ ਅੱਖਾਂ ਵਿਚੋਂ ਕਿਰਦੇ ਰਹੇ। ਉਸ ਨੂੰ ਅਜ ਪਤਾ ਲੱਗਾ ਕਿ ਭਾਰਤ ਦੇ ਕਿੰਨੇ ਮਨੁੱਖ ਹਨ ਜੋ ਸਾਰੀ ਉਮਰ ਕੇਲੇ ਦੇ ਪੱਤਰਾਂ ਉਤੇ ਹੀ ਮੁੱਠੀ ਚੌਲਾਂ ਦੀ ਰੱਖ ਕੇ ਖਾਦੇ ਹੋਏ ਜੀਵਨ ਦੇ ਦਿਨ ਕੱਟਦੇ ਹਨ।

ਰੱਬ ਦਾ ਭਾਣਾ ਮਿੱਠਾ ਮੰਨ ਕੇ ਉਹ ਸਬਰ ਕਰ ਬੈਠੀ। ਖਾ ਚੁਕਣ ਪਿਛੋਂ ਅੱਖਾਂ ਖੁਲ੍ਹੀਆਂ ਸਿਰ ਦੇ ਚੱਕਰ ਘਟੇ ਅਤੇ ਕੁਝ ਦਿਲ ਨੂੰ ਚੈਨ ਆਇਆ।

"ਏਥੇ ਕੋਈ ਡਰ ਤਾਂ ਨਹੀਂ?" ਚੌਗਿਰਦੇ ਨਿਗਾਹ ਮਾਰ ਕੇ ਮਹਾਰਾਣੀ ਨੇ ਗੋਮਤੀ ਕੋਲੋਂ ਪੁਛਿਆ, "ਹੋਰ ਵੀ ਰਾਹੀ ਇਥੇ ਰਾਤ ਕੱਟਣਗੇ?" ਦੂਰ ਬੈਠੇ ਚਾਰ ਮੁਸਾਫ਼ਰਾਂ ਵੱਲ ਉਸ ਦੇਖਿਆ, ਉਹ ਹੱਸ-ਹੱਸ ਕੇ ਗੱਲਾਂ ਕਰ ਰਹੇ ਸਨ। ਉਹਨਾਂ ਦਾ ਵਾਲ-ਵਾਲ ਖ਼ੁਸ਼ ਸੀ।

"ਡਰ ਤਾਂ ਕੋਈਂ ਨਹੀਂ, ਤੁਸਾਂ ਦੇ ਪੰਜਾਬੀ ਲੀੜਿਆਂ ਦੀ ਚਿੰਤਾ ਹੈ। ਇਨ੍ਹਾਂ ਨੂੰ ਲਾਹ ਦਿਉ। ਮੇਰੇ ਕੋਲ ਇਕ ਧੋਤੀ ਹੈ, ਉਹ ਬੰਨ੍ਹ ਲਵੋ ਤਾਂ ਕੋਈ ਫ਼ਿਕਰ ਨਹੀਂ। ਰਾਤ ਏਥੇ ਹੀ ਕੱਟਾਂਗੀਆਂ, ਸਵੇਰੇ ਅਗੇ ਦੇਖੀ ਜਾਏਗੀ।" ਏਨਾ ਆਖ ਕੇ ਗੋਮਤੀ ਨੇ ਪੋਟਲੀ ਖੋਲ੍ਹੀ ਤੇ ਇਕ ਚਿੱਟੀ ਧੋਤੀ ਕੱਢੀ ਜੋ ਫੋਕੇ ਪਾਣੀ ਨਾਲ ਧੋਤੀ ਹੋਈ ਸੀ ਤੇ ਜਿਸ ਨੂੰ ਇਕ ਦੋ ਥਾਈਂ ਟਾਕੀਆਂ ਵੀ ਲੱਗੀਆਂ ਹੋਈਆਂ ਸਨ।

"ਚਲੋ ਉਸ ਅੰਦਰ ਚਲੀਏ, ਉਹ ਮੁਸਾਫ਼ਰ ਦੇ ਰਹਿਣ ਵਾਸਤੇ ਹੈ। ਰਾਤ ਨੂੰ ਉਥੇ ਹੀ ਰਹਿਣਾ ਹੈ। ਏਥੇ ਸੀਤ ਬਹੁਤ ਪੈਂਦੀ ਹੈ। ਸਾਹਮਣੇ ਇਕ ਕੋਠੜੀ ਸੀ," ਉਸ ਵਲ ਇਸ਼ਾਰਾ ਕਰਕੇ ਗੋਮਤੀ ਬੋਲੀ।

ਦੋਵੇਂ ਉਥੋਂ ਉਠ ਬੈਠੀਆਂ ਤੇ ਉਸ ਕੋਠੜੀ ਵਿਚ ਚਲੀਆਂ ਗਈਆਂ ਪੰਜਾਂ-ਛਿਆਂ ਮੰਜੀਆਂ ਦੇ ਡੱਠਣ ਜੋਗੀ ਥਾ ਸੀ। ਪੱਥਰ ਦੀਆਂ ਉਸ ਦੀਆਂ ਨਿੱਕੀਆਂ ਕੰਧਾਂ ਸਨ ਤੇ ਉਪਰ ਘਾਸ ਫੂਸ ਪਾਇਆ ਹੋਇਆ ਸੀ। ਫ਼ਰਸ਼ ਉਤੇ ਸਫ਼ਾਂ ਪਈਆਂ ਹੋਈਆਂ ਸਨ। ਹੋਰ ਕੋਈ ਮੁਸਾਫ਼ਰ ਅਜੇ ਉਸ ਦੇ ਅੰਦਰ ਨਹੀਂ ਸੀ ਗਿਆ। ਦੋਵੇਂ ਇਕ ਨੁਕਰੇ ਬੈਠ ਗਈਆਂ।

ਮਹਾਰਾਣੀ ਨੇ ਪੰਜਾਬੀ ਲੀੜੇ ਲਾਹ ਦਿੱਤੇ ਤੇ ਧੋਤੀ ਬੰਨ੍ਹ ਲਈ। ਉਸ ਇਕੱਲੇ ਕੱਪੜੇ ਨਾਲ ਹੀ ਤਨ ਕੱਜ ਲਿਆ। ਪਹਿਲਾਂ ਤਾਂ ਦਾਸੀ ਸ਼ਾਮੋਂ ਵਾਲੇ ਲੀੜੇ ਇਕ ਪਾਸੇ ਰੱਖ ਲਏ, ਪਰ ਫਿਰ ਸਲਾਹ ਹੋਈ ਕਿ ਕਿਤੇ ਸੁੱਟ ਦਿੱਤੇ ਜਾਣ ਤਾਂ ਕਿ ਉਨ੍ਹਾਂ ਦੇ ਸ਼ੱਕ ਵਿਚ ਉਨ੍ਹਾਂ ਨੂੰ ਕੋਈ ਮੁਸੀਬਤ ਨਾ ਪੈ ਜਾਏ।

ਰਾਤ ਪੈ ਗਈ ਅਤੇ ਇਸ ਤਰ੍ਹਾਂ ਦੀ ਰਾਤ ਮਹਾਰਾਣੀ ਜਿੰਦ ਕੌਰ ਦੇ ਜੀਵਨ ਵਿਚ ਪਹਿਲੀ ਰਾਤ ਸੀ। ਜਦ ਉਹ ਪਹਿਲੀ ਵਾਰ ਭੌਂ-ਬਿਸਤਰੇ ਉਤੇ ਲੇਟੀ, ਪੈਂਡੇ ਨੇ ਉਸ ਦਾ ਅੰਗ-ਅੰਗ ਚੂਰ ਕੀਤਾ ਹੋਇਆ ਸੀ ਤੇ ਪੈਰਾਂ ਨੂੰ ਸੋਜਾਂ ਪਈਆਂ ਹੋਈਆਂ ਸਨ। ਗੋਮਤੀ ਨੇ ਉਸ ਦੇ ਪੈਰ ਤੇ ਉਹਦੀਆਂ ਲੱਤਾਂ ਘੁੱਟਣ ਲੱਗੀ। ਉਸ ਕਮਰੇ ਦੇ ਦੂਜੇ ਦੋ ਇਸਤ੍ਰੀਆਂ ਤੇ ਇਕ ਮਰਦ ਰਾਹੀ ਆ ਲੇਟੇ ਸਨ।

ਭੌਂ- ਬਿਸਤਰੇ ਉਤੇ ਲੇਟੀ ਹੋਈ ਮਹਾਰਾਣੀ ਆਪਣੇ ਬੀਤੇ ਜੀਵਨ ਉਤੇ ਝਾਤ ਮਾਰਦੀ ਰਹੀ। ਉਸ ਦੀਆਂ ਅੱਖਾਂ ਅਗੇ ਮਾਸੂਮ ਦਲੀਪ ਦਾ ਚਿੱਤਰ ਸੀ। ਉਸ ਚਿੱਤਰ ਨੂੰ ਦੇਖ ਕੇ ਉਹ ਆਪਣੇ ਆਪ ਨੂੰ ਕਹਿਣ ਲੱਗੀ, "ਉਹ ਸੁਭਾਗੀ ਘੜੀ ਕਦੋਂ ਆਏਗੀ ਜਦੋਂ ਮੇਰਾ ਪੁੱਤਰ ਮੇਰੀ ਗੋਦ ਵਿਚ ਹੋਵੇਗਾ, ਮੈਂ ਉਸ ਦਾ ਮੁਖੜਾ ਚੁੰਮਦੀ ਹੋਈ ਉਸ ਕੋਲੋਂ ਵਿਛੋੜੇ ਦੇ ਦਿਨਾਂ ਦੀ ਕਹਾਣੀ ਸੁਣ ਰਹੀ ਹੋਵਾਂਗੀ। ਇਨ੍ਹਾਂ ਹੀ ਖ਼ਿਆਲਾਂ ਵਿਚ ਉਸ ਨੂੰ ਨੀਂਦ ਆ ਗਈ। ਉਸ ਨੂੰ ਸੁੱਤੀ ਪ੍ਰਤੀਤ ਕਰ ਗੋੱਲੀ ਗੋਮਤੀ ਘੁਟਣੋਂ ਹੱਟ ਗਈ ਤੇ ਉਹਦੇ ਲਾਗੇ ਹੀ ਲੇਟ ਗਈ। ਅਜ ਗੋੱਲੀ ਤੇ ਮਹਾਰਾਣੀ ਇੰਜ ਸੁੱਤੀਆਂ ਸਨ ਜਿਵੇਂ ਗ਼ਰੀਬਾਂ ਦੀਆਂ ਜਾਈਆਂ ਦੋ ਭੈਣਾਂ ਬੜੀਆਂ ਮੁਹੱਬਤ ਨਾਲ ਇਕੱਠੀਆਂ ਸੌਂਦੀਆਂ ਹਨ।

# ਕਾਂਡ–5

ਰਾਜੇ ਮਹਾਰਾਜੇ ਤੇ ਹੋਰ ਅਮੀਰ ਆਦਮੀ ਆਪਣੇ ਸੁਖ ਦੀ ਖ਼ਾਤਰ ਜੋ ਚਾਹੁੰਦੇ ਹਨ ਜਾਂ ਉਨ੍ਹਾਂ ਦੇ ਬੱਤੀ ਦੰਦਾ ਵਿਚੋਂ ਜੋ ਨਿਕਲਦਾ ਹੈ ਉਨ੍ਹਾਂ ਦੇ ਪਾਸ ਹਾਜ਼ਰ ਹੋ ਜਾਂਦਾ ਹੈ, ਪਰ ਨੀਂਦ ਅਤੇ ਭੁੱਖ ਦੋ ਅਜਿਹੀਆਂ ਚੀਜ਼ਾਂ ਹਨ ਜਿਨ੍ਹਾਂ ਲਈ ਉਹ ਸਦਾ ਸਹਿਕਦੇ ਰਹਿੰਦੇ ਹਨ।

ਜਿਥੇ ਅਮੀਰ ਆਦਮੀ ਕਾਫ਼ੀ ਖ਼ਰਚ ਕਰ ਕੇ ਭੀ ਇਹ ਚੀਜ਼ਾਂ ਹਾਸਲ ਨਹੀਂ ਕਰ ਸਕਦੇ ਉਥੇ ਇਹ ਦੋਵੇਂ ਚੀਜ਼ਾਂ ਗ਼ਰੀਬਾਂ ਦਾ ਖਹਿੜਾ ਨਹੀਂ ਛੱਡਦੀਆਂ ।ਅਮੀਰ ਆਦਮੀ ਭੁੱਖ ਨੂੰ ਭੜਕਾਣ ਲਈ ਦਵਾਈਆਂ ਵਰਤਦੇ ਹਰ ਪਰ ਗਰੀਬਾਂ ਨੂੰ ਰੁੱਖੀ ਮਿੱਸੀ ਰੋਟੀ ਭੀ ਢਿੱਡ ਭਰਨ ਨੂੰ ਨਹੀਂ ਮਿਲਦੀ ਅਤੇ ਜੋ ਮਾੜਾ ਮੋਟਾ ਮਿਲਦਾ ਵੀ ਹੈ ਉਹ ਅਮੀਰ ਦੇ ਪਦਾਰਥ ਤੋਂ ਕਈ ਗੁਣਾ ਵਧ ਸੁਆਦੀ ਹੁੰਦਾ ਵੀ ਹੈ। ਦਿਨ ਭਰ ਮਿਹਨਤ ਮੁਸ਼ੱਕਤ ਕਰਨ ਸਦਕਾ ਉਹ ਐਸੇ ਘੂਕ ਸੌਂਦੇ ਹਨ। ਕਿ ਸਾਰੇ ਦੁਖ, ਥਕੇਵੇਂ ਅਤੇ ਚਿੰਤਾਵਾਂ ਉਨ੍ਹਾਂ ਨੂੰ ਭੁੱਲ ਜਾਂਦੀਆਂ ਹਨ। ਸੂਰਜ ਦੀਆਂ ਕਿਰਨਾਂ ਜਦ ਸੁੱਤਿਆਂ ਨੂੰ ਜਗਾਂਦੀਆਂ ਹਨ ਤਾਂ ਸਮੇਂ ਨਾਲ ਘੋਲ ਘੁਲਣ ਲਈ ਤਰੋ–ਤਾਜ਼ਾ ਹੋ ਕੇ ਉਠ ਬੈਠਦੇ ਹਨ। ਹਰ ਰਾਤ ਉਹ ਉਸ ਸੁਖ ਨੂੰ ਮਾਣਦੇ ਹਨ ਜਿਸ ਦਾ ਸਾਰੀ ਦਿਹਾੜੀ ਖ਼ਿਆਲ ਕਰਦੇ ਰਹਿੰਦੇ ਹਨ।

ਸਾਡੀ ਮਹਾਰਾਣੀ ਵੀ ਅੱਜ ਗ਼ਰੀਬੀ ਭੇਸ ਵਿਚ ਬਹੁਤ ਚਿਰ ਡੂੰਘੀ ਨੀਂਦ ਕਰੜੀ ਜ਼ਮੀਨ ਉਤੇ ਹੀ ਸੁੱਤੀ। ਕਦੇ ਕਦੇ ਉਹ ਨਵਾਰੀ ਪਲੰਘ ਉਪਰ ਵਿਛੇ ਮਖ਼ਮਲੀ ਬਿਸਤਰੇ ਵਿਚ ਕਈ ਨੁਕਸ ਕੱਢਦੀ ਹੁੰਦੀ ਸੀ ।ਅੱਜ ਥਕੇਵੇ ਨੇ ਉਸ ਦੇ ਅੰਗ–ਅੰਗ ਨੂੰ ਚੂਰ ਕੀਤਾ ਹੋਇਆ ਸੀ ਤੇ ਉਹ ਮਹਾਰਾਣੀ ਤੋਂ ਫ਼ਕੀਰਨੀ ਨਣੀ ਸੀ ਤੇ ਜਿੰਦ ਕੌਰ ਦੀ ਥਾਂ ਉਸ ਨੇ ਆਪਣਾ ਨਾਂ ਚੰਦਾ ਦੇਵੀ ਰਖਿਆ ਸੀ। ਉਸ ਦੀ ਨੀਂਦ ਵਿਚ ਖਲਲ ਪਾਉਣ ਵਾਲਾ ਇਕੋ ਮਾਮਲਾ ਸੀ ਕਿ ਉਸ ਨੂੰ ਕੋਈ ਜਾਣ ਨਾ ਜਾਏ, ਉਸ ਨੂੰ ਢੂੰਡਣ ਵਾਸਤੇ ਸਿਪਾਹੀ ਨਾ ਆ ਜਾਣ। ਉਹ ਫ਼ਿਕਰ ਵੀ ਇਸ ਕਰ ਕੇ ਘਟ ਗਿਆ ਸੀ ਕਿ ਉਸ ਦਾ ਵਿਚਾਰ ਸੀ ਕਿ ਰਾਜ–ਪਰਬੰਧਕ ਉਸ ਦੀ ਖੋਜ ਵਾਸਤੇ ਆਦਮੀ ਪੱਛਮ ਵੱਲ ਭੇਜਣਗੇ, ਜਿਧਰ ਪੰਜਾਬ ਹੈ, ਉੱਤਰ ਵੱਲ ਲੱਭਣ ਦੀ ਉਹ ਖੇਚਲ ਨਹੀਂ ਕਰਨ ਲੱਗੇ। ਉੱਜ ਤਾਂ ਭਾਵੇਂ ਗੂੜ੍ਹੀ ਨੀਂਦੇ ਨਾ ਸੌਂਦੀ, ਜੇ ਉਸ ਨੂੰ ਲੰਮੇਰੇ ਪੰਧ ਦਾ ਥਕੇਵਾਂ ਨੀਂਦ ਦੀ ਗੋਦ ਵਿਚ ਨੱਪ ਘੁਟ ਕੇ ਨਾ ਰੱਖਦਾ।

ਸਰਾਂ ਦੇ ਉਸ ਕਮਰੇ ਵਿਚ ਜਿੰਨੇ ਯਾਤਰੂਸਨ, ਉਹ ਸੌਂ ਗਏ। ਅੰਦਰ ਬਾਹਰ ਚੁਪ ਤੇ ਹਨੇਰਾ ਸੀ। ਸਾਰੇ ਸੁਪਨਿਆਂ ਦੀ ਖੇਡ ਵਿਚ ਖੇਡਦੇ ਹੋਏ ਉਡਾਰੀਆਂ ਲਾਉਂਦੇ ਸਨ। ਗੋਮਤੀ ਕੋਈ ਸੁਪਨਾ ਦੇਖ – ਦੇਖ ਕੇ ਹੈਰਾਨ ਹੋ ਰਹੀ ਸੀ। ਕਦੀ ਉਹ ਰਾਣੀ ਬਣਦੀ ਸੀ ਕਦੀ ਗੋੱਲੀ। ਕਦੀ ਬਾਗਾਂ ਵਿਚ ਸੈਰ ਕਰਦੀ ਸੀ ਤੇ ਕਦੀ ਗਲੀਆਂ ਵਿਚ ਫ਼ਕੀਰਨੀਆਂ ਵਾਂਗ ਦਰ–ਬ–ਦਰ ਮੰਗਦੀ ਫਿਰਦੀ ਸੀ। ਕੋਈ ਉਸ ਨੂੰ ਖ਼ੈਰ ਪਾਉਂਦਾ ਤੇ ਕੋਈ ਉਸ ਨੂੰ ਦੁਰਕਾਰ ਕੇ ਪਿਛੇ ਹਟਾ ਦੇਂਦਾ ਸੀ।

ਪਰ ਜੋ ਸੁਪਨਾ ਮਹਾਰਾਣੀ ਨੇ ਦੇਖਿਆ ਉਹ ਉਸਦੇ ਬਚਪਨ ਤੇ ਜਵਾਨੀ ਦੀ ਝਾਕੀ ਸੀ। ਸੁਪਨੇ ਨੇ ਕਈ ਸਾਲਾਂ ਦਾ ਬੀਤਿਆ ਸਮਾਂ ਅੱਖਾਂ ਸਾਹਮਣੇ ਮੁੜ ਲਿਆ ਦਿੱਤਾ ਤਦੇ ਤਾਂ ਕਿਸੇ ਨੇ ਕਿਹਾ ਹੈ:–

**ਸੁਪਨਿਆਂ ਤੂੰ ਸੁਲਤਾਨ ਹੈਂ, ਉੱਤਮ ਤੇਰੀ ਜਾਤ।**
**ਸੌ ਸਾਲਾਂ ਦੇ ਵਿਛੜੇ ਆਣ ਮਿਲਾਵੇਂ ਰਾਤ।**

ਉਸ ਨੇ ਸੁਪਣੇ ਵਿਚ ਦੇਖਿਆ, ਉਹ ਆਪਣੇ ਬਾਬਲ ਦੇ ਪਿੰਡ ਚਾਹੜ (ਪਿੰਡ ਚਾਹੜ ਜ਼ਿਲ੍ਹਾ ਸਿਆਲਕੋਟ ਤਸੀਲ ਜ਼ਫ਼ਰਵਾਲ ਵਿਚ ਹੈ। ਮਹਾਰਾਣੀ ਚੰਦ ਕੌਰ ਦਾ ਪਿਤਾ ਸ: ਮੰਨਾ ਸਿੰਘ ਔਲਖ ਏਸੇ ਹੀ ਪਿੰਡ ਦਾ ਤਕੜਾ ਜ਼ਿਮੀਂਦਾਰ ਸੀ।) ਵਿਚ ਹੈ। ਬਸੰਤ ਦੇ ਦਿਨ ਹਨ। ਪਿੰਡ ਦੇ ਚੌਗਿਰਦੇ ਸਾਰੀ ਬਨਾਸਪਤੀ ਮੌਲੀ ਪਈ ਹੈ। ਸਰਸੋਂ ਦੇ ਖੇਤ ਪੀਲੇ ਹੀ ਪੀਲੇ ਕਈ ਵਿਰਿਆਂ ਵਿਚ ਦਿਖਾਈ ਦੇ ਰਹੇ ਹਨ। ਧਰਤੀ ਦੀ ਛਾਤੀ ਤੇ ਸੋਨਾ ਖਿਲਰਿਆ ਹੋਇਆ ਦੇਖ ਕੇ ਕਿਸਾਨ ਦਾ ਪਰਵਾਰ ਖ਼ੁਸ਼ ਹੋ ਰਿਹਾ ਹੈ। ਤਿੰਨਾਂ ਸਹੇਲੀਆਂ ਨੂੰ ਨਾਲ ਲੈ ਕੇ ਜਿੰਦਾ ਉਨ੍ਹਾਂ ਖੇਤਾਂ ਵਿਚ ਜਾਂਦੀ ਹੈ। ਉਸ ਦੀ ਉਮਰ ਕੋਈ ਚੌਦ੍ਹਾਂ-ਪੰਦਰਾਂ ਸਾਲਾਂ ਦੀ ਹੈ। ਕੁਆਰੀ ਜੁਆਨੀ ਅਤੇ ਸੁੰਦਰਤਾ ਉਸਨੂੰ ਪਰਤੱਖ ਦੇਵੀ ਬਣਾ ਰਹੀ ਹੈ। ਅੱਖਾਂ ਵਿਚ ਮਸਤੀ ਤੇ ਸੰਗ, ਪਰ ਅੰਗਾਂ ਵਿਚ ਫੁਰਤੀ ਹੈ। ਪਲ-ਪਲ ਪਿਛੋਂ ਆਕੜ ਲੈਂਦੀ ਹੋਈ ਹਾਣਨਾਂ ਕੁੜੀਆਂ ਨੂੰ ਮੋਢਾਂ ਮਾਰਦੀ ਹੈ ਤੇ ਕਦੀ ਦੋਂਹ ਸਹੇਲੀਆਂ ਦੇ ਮੋਢਿਆਂ ਨਾਲ ਹੱਥ ਰੱਖ ਕੇ ਆਪਣੇ ਆਪ ਨੂੰ ਤੋਲਣ ਦਾ ਜਤਨ ਕਰਦੀ ਹੈ। ਚਾਰੇ ਸਹੇਲੀਆਂ ਕਣਕਾਂ ਤੇ ਸਰਸੋਂ ਦੇ ਖੇਤਾਂ ਵਿਚ ਦੂਰ ਨਿਕਲ ਜਾਂਦੀਆਂ ਹਨ। ਸਰ੍ਹੋਂ ਦੇ ਫੁੱਲਾਂ ਨੂੰ ਤੋੜ ਕੇ ਇਕ ਕੁੜੀ ਜਿੰਦਾਂ ਦੇ ਗਲ ਹਾਰ ਪਾ ਦੇਂਦੀ ਹੈ ਤੇ ਨਾਲ ਹੀ ਇਹ ਗੀਤ ਗਾਉਣ ਲਗ ਪੈਂਦੀ ਹੈ:-

ਆਈ ਬਸੰਤ ਸੁਹਾਣੀ, ਮੈਂ ਰਾਜਾ, ਤੇ ਤੂੰ ਰਾਣੀ।
ਚੁਣ-ਚੁਣ ਫੁੱਲ ਮੈਂ ਹਾਰ ਬਣਾਇਆ। ਸੱਧਰਾਂ ਨਾਲ ਤੇਰੇ ਗਲ ਪਾਇਆ।
ਇਹ ਪ੍ਰੀਤ ਨਿਸ਼ਾਨੀ ਜਾਣੀ। ਆਈ ਬਸੰਤ ਸੁਹਾਣੀ, ਮੈਂ ਰਾਜਾ, ਤੇ ਤੂੰ ਰਾਣੀ।

ਬਾਕੀ ਦੀਆਂ ਦੋ, ਨਾਲੇ ਹੀਰ ਦੇ ਟੱਪੇ ਗਾਂਦੀਆਂ ਹਨ ਨਾਲੇ ਹੱਸਦੀਆਂ ਹਨ। ਜਿੰਦਾਂ ਹਾਰ ਪਾਉਣ ਵਾਲੀ ਸਹੇਲੀ ਨੂੰ ਜੱਫੀ ਪਾ ਕੇ ਆਖਦੀ ਹੈ, "ਹੱਛਾ ਰਾਜਾ ਜੀ ਮਹਾਰਾਜਾ, ਮੈਂ ਤੁਸਾਂ ਦੀ ਰਾਣੀ ਸਹੀ, ਪਰ ਦੱਸੋ ਤੁਸਾਂ ਦਾ ਰਾਜ ਕਿਥੇ ਹੈ?"

ਰਾਜਾ ਰਾਣੀ ਦੇ ਖੇਡ ਪੂਰੀ ਨਹੀਂ ਹੁੰਦੀ ਕਿ ਝਾਕੀ ਹੋਰ ਆ ਜਾਂਦੀ ਹੈ। ਖੇਤਾਂ ਵਿਚੋਂ ਫਿਰ ਕੇ ਜਿੰਦਾ ਘਰ ਆਉਂਦੀ ਹੈ ਕਿ ਉਸ ਦੀ ਭੈਣ ਉਸਨੂੰ ਖ਼ੁਸ਼ਖਬਰੀ ਦੱਸਦੀ ਹੈ ਕਿ ਉਹ ਤਾਂ ਮਹਾਰਾਜਾ ਰਣਜੀਤ ਸਿੰਘ ਨਾਲ ਮੰਗੀ ਗਈ ਹੈ। ਉਹ ਮਹਾਰਾਣੀ ਬਣੇਗੀ, ਪੰਜਾਬ ਦੀ ਮਾਲਕ । ਉਸ ਦੀ ਡੋਲੀ ਰਾਜ ਮਹੱਲ ਵਿਚ ਜਾਏਗੀ। ਭੈਣ ਕੇ ਕਹੇ ਤੇ ਉਸ ਨੂੰ ਯਕੀਨ ਨਹੀਂ ਆਉਂਦਾ। ਉਹ ਸਮਝਦੀ ਹੈ ਕਿ ਉਸ ਨੂੰ ਤੰਗ ਕਰਨ ਦੀ ਮਾਰੀ ਉਸ ਦੀ ਭੈਣ ਉਸ ਨੂੰ ਇਹ ਕੁਝ ਕਹਿ ਰਹੀ ਹੈ। ਉਸ ਉਸ ਨਾਲ ਗੁੱਸੇ ਹੋ ਜਾਂਦੀ ਹੈ ਤੇ ਅੰਦਰ ਜਾ ਕੇ ਮਾਂ ਕੋਲ ਫ਼ਰਿਆਦ ਲਾਉਂਦੀ ਹੈ, "ਮਾਤਾ ਜੀ, ਭੈਣ ਜੀ ਨੂੰ ਕਹੋ ਮੈਨੂੰ ਤੰਗ ਨਾ ਕਰੇ। ਹੁਣ ਆਖਦੀ ਏ, ਤੇਰੀ ਮੰਗਣੀ ਮਹਾਰਾਜਾ ਰਣਜੀਤ ਸਿੰਘ ਨਾਲ ਹੋ ਗਈ ਹੈ, ਜੋ ਇਕ ਅੱਖੋਂ ਕਾਣਾ ਹੈ। ਉਹ ਬਣੇ ਕਾਣੇ ਦੀ ਰੰਨ, ਮੈਂ ਕਿਉਂ ਬਣਾਂ?" ਇਹ ਸੁਣ ਕੇ ਉਸ ਦੀ ਮਾਤਾ ਹੱਸ ਪੈਂਦੀ ਹੈ ਤੇ ਉਸ ਦੇ ਭੋਲੇ-ਪਣ ਨੂੰ ਪ੍ਰਤੀਤ ਕਰਕੇ ਉਸ ਨੂੰ ਲਾਡ ਨਾਲ ਆਖਦੀ ਹੈ, "ਉਹ ਬੜੀ ਸ਼ੁਦੈਣ ਹੈ। ਮੰਗਣੀ ਤਾਂ ਤੇਰੀ ਹੋਣ ਲੱਗੀ ਹੈ ਮਹਾਰਾਜੇ ਨਾਲ ਹੀ, ਪਰ ਤੈਨੂੰ ਕੀ, ਜਾਹ ਤੂੰ ਬੈਠ। ਉਸ ਨੂੰ ਮੈਂ ਮਾਰਾਂਗੀ ਜੇ ਉਹ ਤੈਨੂੰ ਤੰਗ ਕਰੇਗੀ ਤਾਂ। ਜਾ ਕੇ ਪੰਜ ਗ੍ਰੰਥੀ ਪੜ੍ਹ ਬਾਬਾ ਜੀ ਹੁਣ ਪੜ੍ਹਾਉਣ ਆਉਣਗੇ।

ਮਾਂ ਕੋਲੋਂ ਇਹ ਕੁਝ ਸੁਣ ਕੇ ਦਿਲੋਂ ਖ਼ੁਸ਼ ਤੇ ਉਪਰੋਂ ਸ਼ਰਮਾਉਂਦੀ ਹੋਈ ਜ਼ਿੰਦਾਂ ਦੂਸਰੇ ਕਮਰੇ ਵੱਲ ਚਲੀ ਜਾਂਦੀ ਹੈ। ਹੱਥ ਮੂੰਹ ਧੋ ਕੇ ਪੰਜ ਗ੍ਰੰਥੀ ਦੀ ਪੋਥੀ ਪੜ੍ਹਨ ਲੱਗ ਪੈਂਦੀ ਹੈ, ਪਰ ਪੜ੍ਹਨ ਵਿਚ ਸੁਰਤ ਨਹੀਂ ਟਿਕਦੀ। ਦਿਮਾਗ਼ ਵਿਚ ਇਹੋ ਵਿਚਾਰ ਹੈ, "ਮੈਂ ਮਹਾਰਾਜੇ ਨਾਲ ਵਿਆਹੀ ਜਾਵਾਂਗੀ, ਬਣਾਂਗੀ ਮਹਾਰਾਣੀ, ਮੌਜਾਂ ਹੋਣਗੀਆਂ!"

ਗੁਰਦੁਆਰੇ ਦਾ ਬੁੱਢਾ ਭਾਈ ਆਇਆ ਤੇ ਪੋਥੀ ਦੀ ਸੰਥਾ ਦੇ ਕੇ ਤੁਰ ਗਿਆ। ਉਸ ਨੇ ਧਿਆਨ ਦੇ ਕੇ ਨਾ ਸੰਥਾ ਪੜ੍ਹੀ ਤੇ ਨਾ ਪਿਛੋਂ ਯਾਦ ਕੀਤੀ। ਪੋਥੀ ਠੱਪ ਕੇ ਬਾਹਰ ਨੂੰ ਚਲੀ ਗਈ ਤਾਂਕਿ ਇਹ ਪਤਾ ਕੱਢੇ ਕੇ ਉਸ ਦੀਆਂ ਅੰਗ-ਸਹੇਲੀਆਂ ਨੂੰ ਭੀ ਇਸ ਗੱਲ ਦੀ ਖ਼ਬਰ ਹੈ ਜਾਂ ਨਹੀਂ।

ਉਹ ਨਜ਼ਾਰਾ ਵੀ ਅੱਖਾਂ ਅੱਗੇ ਆਇਆ, ਜਦੋਂ ਸਚ-ਮੁਚ ਹੀ ਉਸ ਦਾ ਵਿਆਹ ਰਚਿਆ ਗਿਆ। ਭਾਵੇਂ ਉਹ ਅੱਗੇ ਹੀ ਮਾੜੇ ਲੀੜੇ ਨਹੀਂ ਸੀ ਪਾਉਂਦੀ, ਪਰ ਉਸ ਦਿਨ ਤਾਂ ਉਸ ਨੂੰ ਜਨਾਨੀਆਂ ਨੇ ਗੀਤਾਂ ਦੀ ਧੁਨ ਹੇਠ ਇਸ਼ਨਾਨ ਕਰਾ ਕੇ ਵਧੀਆ ਜੋੜਾ ਪਹਿਨਾਇਆ। ਚੂੜਾ ਪਿਆ, ਹੱਥੀਂ ਕਲੀਰੇ ਬੰਨ੍ਹੇ ਗਏ, ਸਾਰੇ ਪਿੰਡ ਦੀਆਂ ਕੁੜੀਆਂ ਉਸ ਨੂੰ ਦੇਖਣ ਵਾਸਤੇ ਆਈਆਂ। ਉਹ ਇਸ ਕੋਲੋਂ ਬਹੁਤ ਕੁਝ ਪੁਛਦੀਆਂ ਰਹੀਆਂ, ਪਰ ਸ਼ਰਮਾਕਲ ਜ਼ਿੰਦਾਂ ਨੀਵਾਂ ਸਿਰ ਪਾ ਕੇ ਚੁਪ ਰਹੀ ਜਾਂ ਉਸ ਨੇ ਬੁਲ੍ਹਾਂ ਵਿਚ ਮੁਸਕਰਾ ਛਡਿਆ।

ਅੰਦਰ ਬੈਠਿਆਂ ਹੀ ਉਸ ਨੇ ਸੁਣਿਆ ਕਿ ਉਸ ਦੀ ਜੰਞ ਆ ਗਈ ਹੈ। ਵਾਜੇ ਵਜ ਰਹੇ ਹਨ, ਹਾਥੀ ਉਤੇ ਬੈਠਾ ਮਹਾਰਾਜਾ ਰਣਜੀਤ ਸਿੰਘ ਉਸ ਨੂੰ ਵਿਆਹੁਣ ਵਾਸਤੇ ਆਇਆ ਹੈ। ਜੰਞ ਢੁਕੀ ਤੇ ਬੈਠਾਈ ਗਈ। ਕੁੜੀਆਂ ਜ਼ਿੰਦਾਂ ਕੋਲ ਨੱਸ ਕੇ ਆਉਂਦੀਆਂ ਹਨ। ਉਹ ਨਹੀਂ ਪੁਛਦੀ ਸਗੋਂ ਉਹ ਦੱਸਦੀਆਂ ਹਨ, "ਨੀ ਜ਼ਿੰਦਾਂ, ਮਹਾਰਾਜਾ ਤਾਂ ਬੁੱਢਾ ਹੈ, ਤੇਰੇ ਬਾਬੇ ਦੀ ਉਮਰ ਦਾ। ਉਸ ਦੀ ਇਕ ਅੱਖ ਵੀ ਕਾਣੀ ਊ। ਨੀ ਇਹ ਕੀ ਕੀਤਾ ਤੇਰੇ ਮਾਪਿਆਂ ਨੇ-ਊਠ ਗਲ ਟੱਲੀ।" ਇਕ ਨੇ ਨਹੀਂ, ਦੋਂਹ ਨੇ ਨਹੀਂ ਸਗੋਂ ਸਾਰੀਆਂ ਕੁੜੀਆਂ ਉਸ ਨੂੰ ਇਹੋ ਦੱਸਦੀਆਂ ਹਨ। ਉਹ ਸੱਚ ਮੰਨ ਕੇ ਉਦਾਸ ਹੋ ਜਾਂਦੀ ਹੈ। ਉਸ ਦੇ ਦਿਲ ਦੀ ਖ਼ੁਸ਼ੀ ਮੱਧਮ ਹੋ ਜਾਂਦੀ ਹੈ, ਅੱਖਾਂ ਵਿਚ ਅੱਥਰੂ ਆਉਂਦੇ ਹਨ, ਪਰ ਉਨ੍ਹਾਂ ਨੂੰ ਝਿੰਮਣੀਆਂ ਨਾਲ ਨੱਪ ਲੈਂਦੀ ਹੈ।

ਦਿਲ ਵਿਚ ਕਾਹਲ ਉਤਪੰਨ ਹੁੰਦੀ ਹੈ ਕਿ ਕਿਵੇਂ ਨਾ ਕਿਵੇਂ ਉਹ ਆਪ ਅੱਖੀਂ ਦੇਖੇ, ਕੀ ਸਚਮੁਚ ਉਸ ਦਾ ਪਤੀ ਮਹਾਰਾਜਾ ਅੱਖੋਂ ਕਾਣਾ ਤੇ ਬੁੱਢਾ ਹੈ। ਉਹਨੇ ਜਿੰਨੀਆਂ ਕੁੜੀਆਂ ਦੇ ਵਿਆਹ ਹੁੰਦੇ ਵੇਖੇ ਸਨ ਉਨ੍ਹਾਂ ਵਿਚ ਕੋਈ ਵੀ ਬੁੱਢਾ ਲਾੜਾ ਨਹੀਂ ਸੀ ਢੁੱਕਾ।

ਲਾਵਾਂ ਹੋ ਜਾਂਦੀਆਂ ਹਨ। ਗੁਰਮਤਿ ਤੇ ਗ੍ਰਹਿਸਤ ਦੇ ਅਸੂਲ ਰਸਮੀ ਤੌਰ ਤੇ ਦੱਸੇ ਜਾਂਦੇ ਹਨ। ਰਸਮ ਪੂਰੀ ਹੋਣ ਪਿਛੋਂ ਉਸ ਦੀ ਡੋਲੀ ਤੁਰ ਪੈਂਦੀ ਹੈ। ਤੁਰਨ ਲਗਿਆਂ ਉਹ ਖ਼ੂਬ ਰੋਂਦੀ ਹੈ, ਜਿਵੇਂ ਸਾਰੀਆਂ ਕੁੜੀਆਂ ਰੋਂਦੀਆਂ ਹਨ ਮਾਪਿਆਂ ਦੇ ਵਿਛੜਨ ਕਾਰਨ। ਪਰ ਇਹ ਬਹੁਤ ਰੋਂਦੀ ਹੈ ਕਿ ਉਸ ਨੂੰ ਬੁੱਢੇ ਨਾਲ ਵਿਆਹਿਆ ਗਿਆ। ਸਹੇਲੀਆਂ ਟਿਚਕਰਾਂ ਕਰਿਆ ਕਰਨੀਗੀਆਂ, "ਬੁੱਢਾ ਵੀ ਅੱਖੋਂ ਕਾਣਾ.....।"

ਉਹ ਝਾਕੀ ਵੀ ਉਸ ਨੂੰ ਯਾਦ ਆਉਂਦੀ ਹੈ, ਜਦੋਂ ਸ੍ਰੀ ਅੰਮ੍ਰਿਤਸਰ ਦੇ ਰਾਮ ਬਾਗ ਦੀ ਸ਼ਾਹੀ ਕੋਠੀ ਵਿਚ ਉਸ ਦੀ ਡੋਲੀ ਆਉਂਦੀ ਹੈ, ਮਹਾਰਾਜੇ ਦੀਆਂ ਪਹਿਲੀਆਂ ਰਾਣੀਆਂ (ਮਹਾਰਾਣੀ ਜ਼ਿੰਦਾ ਤੋਂ ਬਿਨਾਂ ਸ਼ੇਰੇ ਪੰਜਾਬ ਦੀਆਂ

ਇਹ ਰਾਣੀਆਂ ਸਨ–ਮਹਾਰਾਣੀ ਮਹਿਤਾਬ ਕੌਰ, ਮਹਾਰਾਣੀ ਰਾਜ ਕੌਰ, ਰੂਪ ਕੌਰ ਲਖ਼ਸ਼ਮੀ, ਮਹਿਤਾਬ ਦੇਵੀ, ਰਾਜ ਬੰਸੋ, ਰਾਜ ਦੇਵੀ, ਹਰਦੇਵੀ ਦੇਵਨੋ, ਮੋਹਰਾਂ ਗੁਲ ਬੇਗਮ, ਰਾਮ ਦੇਵੀ, ਰਤਨ ਕੌਰ, ਦਇਆ ਕੌਰ, ਚੰਦ ਕੌਰ, ਮਹਿਤਾਬ ਕੌਰ, ਗੁਲਾਬ ਕੌਰ।) ਵਡਿਆਈ ਸੁਣ ਕੇ ਮਨ ਹੀ ਮਨ ਵਿਚ ਬਹੁਤ ਖ਼ੁਸ਼ ਹੁੰਦੀ ਹੈ।

ਕੋਠੀ ਦੀ ਉਪਰਲੀ ਛੱਤ ਉਪਰ ਉਸ ਨੂੰ ਆਰਾਮ ਕਰਨ ਵਾਸਤੇ ਨਿਵੇਕਲੀ ਥਾਂ ਦਿੱਤੀ ਜਾਂਦੀ ਹੈ। ਉਹ ਥਾਂ ਜਿਸ ਨੂੰ ਸੁਆਰਨ ਵਿਚ ਮਾਲੀਆਂ, ਨੌਕਰਾਂ ਤੇ ਸੇਵਕਾਂ ਨੇ ਆਪਣੀ ਸਾਰੀ ਅਕਲ ਖ਼ਰਚ ਕਰ ਦਿੱਤੀ ਸੀ। ਉਸ ਵੱਡੇ ਸਾਰੇ ਕਮਰੇ ਵਿਚ ਗੋਲੋਆਂ ਉਸ ਦਾ ਘੁੰਡ ਚੁਕ ਦੇਂਦੀਆਂ ਹਨ। ਜਿਸ ਪਲੰਘ ਤੇ ਉਸਨੂੰ ਬਿਠਾਇਆ ਜਾਂਦਾ ਹੈ ਉਹ ਵੀ ਅਸਚਰਜ ਹੈ। ਉਸ ਉਤੇ ਜੋ ਬਿਸਤਰਾ ਵਿਛਿਆ ਹੈ ਪਤਾ ਨਹੀਂ ਕਾਸਦਾ ਉਹ ਕੂਲਾ ਤੇ ਪੋਲਾ ਹੈ। ਬੁੱਢੇ ਤੇ ਕਾਣੇ ਨਾਲ ਵਿਆਹੀ ਜਾਣ ਦਾ ਜੋ ਉਸ ਨੂੰ ਸੱਲ ਲੱਗਾ ਸੀ ਕਮਰੇ ਦਾ ਨਜ਼ਾਰਾ ਤੱਕ ਕੇ ਉਸ ਤੇ ਅੰਗੂਰ ਆਉਣ ਲੱਗਾ, ਉਸ ਦੇ ਦਿਲ ਹਉਮੈ ਆਈ, "ਮੈਂ ਕਿੰਨੇ ਭਾਗਾਂ ਵਾਲੀ ਹਾਂ, ਮਹਾਰਾਜ ਨਾਲ ਵਿਆਹੀ ਗਈ। ਇਹ ਚੀਜ਼ਾਂ ਕਿੰਨੀਆਂ ਕੀਮੀ ਹਨ, ਜਿਨ੍ਹਾਂ ਦੇ ਨਾਂ ਨਾ ਮੈਂ ਜਾਣਦੀ ਹਾਂ ਅਤੇ ਨਾ ਕਦੀ ਦੇਖੀਆਂ ਹਨ, ਕੁੜੀਆਂ ਪਾਗਲ ਸਨ, ਉਨ੍ਹਾਂ ਐਵੇਂ ਮੇਰਾ ਦਿਲ ਖੱਟਾ ਕਰ ਦਿੱਤਾ। ਭਲਾ ਮੇਰੇ ਵਰਗਾ ਸਹੁਰਾ ਘਰ ਕਿਹੜੀ ਵਡ–ਗਾਲੜ ਨੂੰ ਮਿਲਿਆ ਹੈ?" ਉਹ ਹੈਰਾਨ ਹੋ ਕੇ ਕਮਰੇ ਦੀ ਇਕ ਇਕ ਸ਼ੈ ਨੂੰ ਬੜੇ ਧਿਆਨ ਨਾਲ ਦੇਖਦੀ ਹੈ।

ਅੱਗੇ ਉਹ ਆਪ ਆਪਣੇ ਲੀੜੇ ਬਦਲਦੀ ਤੇ ਆਪ ਇਸ਼ਨਾਲ ਕਰਦੀ ਸੀ, ਪਰ ਅੱਜ ਉਸ ਵਾਸਤੇ ਗੋੱਲੀਆਂ ਉਸ ਦੇ ਅੱਗੇ ਖਲੋਤੀਆਂ ਆਖ ਰਹੀਆਂ ਸਨ–"ਸਰਕਾਰ ਚੱਲੋ, ਇਸ਼ਨਾਨ ਕਰਾ ਦਿੱਤਾ ਜਾਏ ਫਿਰ ਨਵਾਂ ਜੋੜਾ ਤੇ ਗਹਿਣੇ ਪਾਓ, ਪਾਣੀ ਗਰਮ ਹੈ।"

ਉਹ ਵੀ ਨਜ਼ਾਰਾ ਨਜ਼ਰੀਂ ਪਿਆ, ਜਦੋਂ ਚੰਬੇਲੀ ਤੇ ਗੁਲਾਬ ਦੀਆਂ ਕੂਲੀਆਂ ਪੱਤੀਆਂ ਨਾਲ ਕੱਜੇ ਹੋਏ ਸੁਹਾਗ–ਰਾਤ ਦੇ ਪਲੰਘ ਉਤੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਪੱਟ ਉਤੇ ਸਿਰ ਰੱਖ ਕੇ ਲੇਟੀ ਹੋਈ ਸੀ। ਉਸ ਵੇਲੇ ਸ਼ੇਰੇ ਪੰਜਾਬ ਮਹਾਰਾਜਾ ਨਹੀ ਸੀ, ਸਗੋਂ ਇਕ ਸਾਧਾਰਨ ਮਨੁੱਖ ਦੀ ਹੈਸੀਅਤ ਵਿਚ ਪ੍ਰਤੀਤ ਹੁੰਦਾ ਸੀ। ਹੰਕਾਰ, ਦੌਲਤ ਤੇ ਰਾਜ–ਭਾਗ ਦਾ ਨਸ਼ਾ ਨਹੀਂ ਸੀ, ਉਹ ਇਕ ਸੱਚਾ ਪ੍ਰੇਮੀ ਬਣਿਆ ਬੈਠਾ ਸੀ। ਅਣਛੋ ਕਲੀ, ਬਸੰਤ ਰਾਣੀ ਦੀ ਭੈਣ ਸੁੰਦਰਤਾ ਦੀ ਦੇਵੀ ਜਿੰਦਾਂ ਸੋਨੇ ਤੇ ਹੀਰੇ ਮੋਤੀਆਂ ਦੀ ਜੜ੍ਹਤ ਜੜ੍ਹੇ ਗਹਿਣਿਆਂ ਨਾਲ ਸ਼ਿੰਗਾਰੀ ਹੋਈ ਪਿਆਰ ਭਰੀਆਂ ਮਿੱਠੀਆਂ–ਮਿੱਠੀਆਂ ਗੱਲਾਂ ਕਰ ਰਹੀ ਸੀ। ਬਹੁਮੁਲੇ ਲੀੜਿਆਂ, ਕੀਮਤੀ ਗਹਿਣਿਆਂ, ਚਮਕਦੇ ਮੋਤੀਆਂ ਹੀਰਿਆਂ ਤੇ ਰਣਜੀਤ ਸਿੰਘ ਦੇ ਨੂਰ ਭਰੇ ਚਿਹਰੇ ਅਤੇ ਉਸ ਦੀਆਂ ਪਿਆਰ ਭਰੀਆਂ ਮਿੱਠੀਆਂ ਗੱਲਾਂ ਨੇ ਉਸ ਦਾ ਦਿਲ ਜਿੱਤ ਲਿਆ ਸੀ। ਉਹ ਇਹ ਭੁਲ ਹੀ ਗਈ ਸੀ ਕਿ ਉਸ ਦਾ ਪਤੀ ਬੁੱਢਾ ਹੈ ਤੇ ਉਹ ਭਰ ਜਵਾਨ।

"ਅੱਜ ਮੇਰਾ ਬੁਢੇਪਾ ਦੂਰ ਹੋ ਗਿਆ ਹੈ, ਮੈਂ ਮੁੜ ਜੁਆਨ ਹੋ ਗਿਆ ਹਾਂ। ਪਤਝੜ ਪਿਛੋਂ ਬਸੰਤ ਆਉਂਦੀ ਹੈ, ਇਸ ਭੇਦ ਦਾ ਮੈਨੂੰ ਅੱਜ ਪਤਾ ਲੱਗਾ ਹੈ। ਬਸੰਤੀ ਖੇੜਾ ਅਜ ਮੇਰੇ ਅੰਗ ਅੰਗ ਨੂੰ ਚੁਸਤ ਕਰ ਰਿਹਾ ਹੈ," ਜਿੰਦਾਂ ਦੇ ਕਾਲੇ ਤੇ ਕੂਲੇ ਵਾਲਾਂ ਉਤੇ ਪੋਲਾ ਪੋਲਾ ਹੱਥ ਫੇਰਦਿਆਂ ਹੋਇਆਂ ਸ਼ੇਰੇ ਪੰਜਾਬ ਬੋਲੀ ਜਾਂਦਾ ਸੀ, "ਤੇਰਾ ਨਾਂ ਜਿੰਦਾਂ ਹੈ।......ਠੀਕ ਕੁਦਰਤ ਨੇ ਤੇਨੂੰ ਸਚਮੁਚ ਹੀ ਮੇਰੀ ਜਿੰਦ ਬਣਾਇਆ। ਤੇਰੇ ਕੋਲੋਂ ਮੈਂ ਨਵੀਂ ਜ਼ਿੰਦਗੀ ਲਵਾਂਗਾ।..... ਪਿਆਰ ਜੀਵਨ ਦੇਂਦਾ ਹੈ।

ਏਥੇ ਹੀ ਬੱਸ ਨਹੀਂ ਸਗੋਂ ਜਿੰਦਾਂ ਦੀਆਂ ਗੁਲਾਬੀ ਗਲ੍ਹਾਂ ਨੂੰ ਸੱਜੇ ਹੱਥ ਦੀਆਂ ਉਂਗਲਾਂ ਨਾਲ ਘੁੱਟ ਕੇ ਅਤੇ ਉਸ ਤੇ ਮਿਰਗ ਨੈਣਾਂ ਦੀਆਂ ਪੁਤਲੀਆਂ ਵਿਚ ਹੀ ਆਪਣੇ ਚਿਹਰੇ ਨੂੰ ਤੱਕ ਕੇ ਸ਼ੇਰੇ ਪੰਜਾਬ ਬੋਲਿਆ "ਜਿੰਦਾਂ ! ਤੇਰੀ ਸੂਰਤ ਦੇਖ ਕੇ ਸਭ ਕੁਝ ਭੁੱਲ ਗਿਆ ਹਾਂ ....। ਜਿੱਥੇ ਜੀ ਕਰੇ, ਜਾ ਕੇ ਨਿਆਂ ਕਰਾ। ਮੈਂ ਤਨੋ ਮਨੋ ਤੇਰਾ ਹੋ ਗਿਆ ਹਾਂ, ਤੈਨੂੰ ਮਹਾਰਾਣੀ ਬਣਾਉਂਦਾ ਹਾਂ ....। ਮੈਂ ਹੁਣ ਕਾਲ ਅੱਗੇ ਬੇਨਤੀ ਕਰਾਂਗਾ ਕਿ ਉਹ ਮੇਰੀ ਉਮਰ ਨੂੰ ਬਹੁਤ ਲੰਮੇਰੀ ਕਰੇ, ਕਿਉਂਕਿ ਗੁਆਚੀ ਹੋਈ ਖ਼ੁਸ਼ੀ ਮੈਨੂੰ ਅੱਜ ਪ੍ਰਾਪਤ ਹੋਈ ਹੈ।

ਮਾਪਿਆਂ ਦੇ ਘਰ ਜਿੰਦਾਂ ਸੂਰਜ ਡੁਬਦੇ ਨਾਲ ਸੌਂਦੀ ਤੇ ਸੂਰਜ ਚੜ੍ਹੇ ਤੱਕ ਹੋਸ਼ ਨਾ ਕਰਦੀ, ਪਰ ਉਸ ਰਾਤ ਉਸ ਦੀਆਂ ਅੱਖਾਂ ਵਿਚ ਨੀਂਦ ਨਾ ਆਈ, ਪਿਆਰ ਭਰੀਆਂ ਗੱਲਾਂ ਸੁਣਦਿਆਂ ਤੇ ਕਰਦਿਆਂ ਹੋਇਆਂ ਉਸ ਨੇ ਸਾਰੀ ਰਾਤ ਗੁਜ਼ਾਰ ਦਿੱਤੀ ਸੀ।

ਆਖਦੇ ਨੇ ਪਾਰਸ ਇਕ ਧਾਤ ਹੈ। ਉਸ ਨਾਲ ਜੇ ਲੋਹਾ ਛੋਹ ਜਾਵੇ ਤਾਂ ਉਹ ਸੋਨਾ ਹੋ ਜਾਂਦਾ ਹੈ। ਇਹ ਗੱਲ ਸੁਣੀ ਬਹੁਤਿਆਂ ਨੇ ਪਰ ਦੇਖੀ ਕਿਸੇ ਵਿਰਲੇ ਨੇ ਹੀ ਹੈ। ਪਰ ਅੰਲ੍ਹੜ ਕੁੜੀ ਜਿੰਦਾਂ ਦੀ ਕਹਾਣੀ ਦੱਸਦੀ ਹੈ ਕਿ ਮਨੁੱਖ ਪਾਰਸ ਦਾ ਪਰਤੱਖ ਰੂਪ ਹੈ। ਇਹ ਆਪਣੇ ਗੁਣ ਕਰਮ ਤੇ ਸੁਭਾ ਦੀ ਰੰਗਣ ਦੂਸਰੇ ਮਨੁੱਖ ਤੇ ਬਹੁਤ ਛੇਤੀ ਚਾੜ੍ਹ ਕੇ ਉਸ ਨੂੰਆਪਣੇ ਵਰਗਾ ਕਰ ਲੈਂਦਾ ਹੈ। ਥੋੜ੍ਹੇ ਦਿਨਾਂ ਵਿਚ ਹੀ ਸ਼ੇਰੇ ਪੰਜਾਬ ਨਾਲ ਸੰਗਤ ਕਰ ਕੇ ਉਹ ਸਿਆਣੀਆਂ ਗੱਲਾਂ ਸਿਖ ਗਈ। ਉਹ ਸਿਆਣੀ ਤੇ ਚਲਾਕ ਬਣ ਜਾਂਦੀ ਹੈ, ਉਸ ਕੋਲ ਦਲੇਰੀ, ਦਇਆ, ਪਿਆਰ, ਨੇਕੀ ਅਤੇ ਦੂਰ-ਅੰਦੇਸ਼ੀ ਆ ਜਾਂਦੀ ਹੈ।

ਘਾਸ-ਫੂਸ ਦੀ ਛੱਤ ਹੇਠ ਸੁੱਤੀ ਫ਼ਕੀਰਨੀ ਜਿੰਦਾਂ ਨੇ ਆਪਣਾ ਉਹ ਜੀਵਨ ਵੀ ਤੱਕਿਆ ਜਦੋਂ ਉਹ ਲਾਹੌਰ ਦੇ ਸੰਮਨ ਬੁਰਜ ਵਿਚ ਮਹਾਰਾਣੀ ਬਣ ਕੇ ਗਈ ਸੀ। ਸ਼ਾਲਾਮਾਰ ਬਾਗ ਦੀਆਂ ਫੁਲਵਾੜੀਆਂ ਵਿਚ ਆਪਣੇ ਪਤੀ ਸ਼ੇਰੇ -ਪੰਜਾਬ ਨਾਲ ਬੜੇ ਚਾਅ ਤੇ ਮਲ੍ਹਾਰ ਨਾਲ ਸੈਰ ਕਰਦੀ ਰਹੀ ਸੀ। ਉਸ ਦੇ ਨਖ਼ਰੇ ਤੇ ਇਸ਼ਾਰੇ ਉਤੇ ਪੰਜਾਬ ਦਾ ਮਹਾਰਾਜਾ ਅਨੇਕਾਂ ਪੁਰਸ਼ਾਂ ਨੂੰ ਕੰਗਾਲ ਤੋਂ ਸ਼ਾਹ ਕਰਦਾ ਰਿਹਾ। ਕਈ ਵਾਰ ਪ੍ਰੀਤ-ਨਾਟਕ ਨੂੰ ਖੇਲ੍ਹਦਾ ਹੋਇਆ, ਉਹ ਹੁਸਨ ਤੇ ਜਵਾਨੀ ਦਾ ਗੁਲਾਮ ਬਣ ਕੇ ਉਸ ਦੇ ਅੱਗੇ ਹੱਥ ਜੋੜ ਕੇ ਮੁਲਜ਼ਮਾਂ ਵਾਂਗ ਮਾਫ਼ੀਆਂ ਮੰਗਦਾ ਰਿਹਾ।

ਹਾਂ, ਉਹ ਵੇਲਾ ਵੀ ਚੇਤੇ ਆਇਆ, ਜਦੋਂ ਸਿਆਣੀ ਗੋੱਲੀ ਨੇ ਇਕ ਦਿਨ ਉਸ ਨੂੰ ਆਖਿਆ ਸੀ, "ਮਹਾਰਾਣੀ ਜੀ, ਤੁਸੀਂ ਹੁਣ ਨੱਸਿਆ ਟੱਪਿਆਂ ਨਾ ਕਰੋ, ਨਾ ਹੀ ਕੋਈ ਗਰਮ ਸ਼ੈ ਖਾਇਆ ਕਰੋ, ਕਿਉਂਕਿ ਪਰਮਾਤਮਾ ਤੁਸਾਂ ਤੇ ਮਿਹਰਬਾਨ ਹੋਇਆ ਹੈ।"

"ਚੰਗਾ ਪ੍ਰਮਾਤਮਾ ਮਿਹਰਬਾਨ ਹੋਇਆ ਹੈ, ਜੋ ਮੈਨੂੰ ਖੇਡਣ ਤੇ ਖਾਣ ਪੀਣ ਤੋਂ ਰੋਕਦਾ ਹੈ।" ਗੱਲ ਕੀ, ਮਹਾਰਾਣੀ ਨੇ ਬੜੇ ਨਿਹੋਰੇ ਨਾਲ ਬੁਲ੍ਹਾਂ ਨੂੰ ਮਰੋੜ ਕੇ ਤੇ ਮੱਥੇ ਤੇ ਹਲਕੀ ਜਿਹੀ ਲਾਡ ਦੀ ਤਿਊੜੀ ਪਾ ਕੇ ਪੁੱਛਿਆ ਸੀ।

"ਮਹਾਰਾਣੀ ਜੀ, ਤੁਸਾਂ ਦੀ ਕੁਖ ਹਰੀ ਹੋਈ ਹੈ- ਤੁਸੀਂ ਕਿਸੇ ਸ਼ਾਹਜਾਦੇ ਦੀ ਮਾਂ ਬਣਨ ਵਾਲੇ ਹੋ।" ਗੋੱਲੀ ਨੇ ਸਾਫ਼ ਸ਼ਬਦਾਂ ਵਿਚ ਦੱਸ ਦਿੱਤਾ ਸੀ।

"ਓ...ਹੋ, ਮੈਨੂੰ ਤਾਂ ਪਤਾ ਨਹੀਂ ਲੱਗਾ" ਇਕ ਖ਼ੁਸ਼ੀ ਦੀ ਮੁਸਕਰਾਹਟ ਵਿਚ ਮਹਾਰਾਣੀ ਬੋਲੀ, "ਸਤ ਬਚਨ ਸੀ, ਹੁਕਮ ਦੀ ਪਾਲਣਾ ਹੋਵੇਗੀ, ਪਰ ਸਰਕਾਰ ਨੂੰ ਅਜੇ ਨਾ ਦੱਸਣਾ। ਜੇ ਦੱਸਿਆ ਤਾਂ ਕੁਝ ਇਨਾਮ ਲੈ ਕੇ ਦੱਸੀਂ।

"ਪਹਿਲਾਂ ਮਹਾਰਾਣੀ ਜੀ ਤਾਂ ਇਨਾਮ ਬਖ਼ਸ਼ਣ ਦੀ ਕ੍ਰਿਪਾਲਤਾ ਕਰਨ ਖਾਂ, ਸਰਕਾਰ ਕੋਲੋਂ ਤਾਂ ਮੈਂ ਇਨਾਮ ਲੈ ਹੀ ਲੈਣਾ ਹੈ।"

"ਹੱਛਾ, ਲੈ ਫਿਰ" ਇਹ ਆਖ ਕੇ ਮਹਾਰਾਣੀ ਨੇ ਸੁੱਚੇ ਮੋਤੀਆਂ ਦੀ ਮਾਲਾ ਗਲੋਂ ਲਾਹ ਕੇ ਗੋੱਲੀ ਨੂੰ ਬਖ਼ਸ਼ੀਸ਼ ਕਰ ਦਿੱਤੀ ਸੀ। ਇਕ ਜੋੜਾ ਜੋ ਦੋ ਕੁ ਵਾਰ ਅਜੇ ਪਹਿਨਿਆ ਸੀ, ਪੁਰਾਣਾ ਸਮਝ ਕੇ ਦੇ ਦਿੱਤਾ।

ਦਿਨੋ ਦਿਨ ਕੁੱਖ ਭਾਰੀ ਹੁੰਦੀ ਗਈ। ਮਹੀਨੇ ਲੰਘ ਗਏ ਅਤੇ ਜਦ ਕੇਵਲ ਦਿਨ ਹੀ ਰਹਿ ਗਏ ਤਾਂ ਰੱਜ ਪੁੱਜ ਕੇ ਪੁੰਨ ਦਾਨ ਕੀਤਾ। ਕੰਗਾਲਾਂ ਨੂੰ ਰੋਟੀ, ਕੱਪੜਾ, ਬ੍ਰਾਹਮਣਾਂ ਤੇ ਭਾਈਆਂ ਨੂੰ ਪੂਜਾ ਪਾਠ ਵਾਸਤੇ ਸਮੱਗ੍ਰੀ ਮੰਦਰਾਂ, ਗੁਰਦੁਆਰਿਆਂ ਤੇ ਮਸੀਤਾਂ ਵਿਚ ਲੰਗਰ ਲਗਵਾਏ ਗਏ ਸਨ। ਖ਼ੁਸ਼ੀ ਦੇ ਦਿਨ ਵੀ ਉਡੀਕ ਸਾਰੇ ਰਾਜ-ਮਹੱਲ ਵਿਚ ਸਭ ਨੂੰ ਸੀ।

ਸੁਪਨੇ ਵਿਚ ਉਸ ਨੇ ਦੇਖਿਆ, ਸੱਚ ਮੁੱਚ ਉਹ ਦਿਨ ਨੇੜੇ ਆ ਗਿਆ ਜਦੋਂ ਜਨਣ-ਪੀੜਾਂ ਵਿਆਕੁਲ ਕਰਨ ਲੱਗੀਆਂ। ਰਾਜ -ਦਾਈਆਂ ਤੇ ਸਿਆਣੀਆਂ ਗੋੱਲੀਆਂ ਨੇ ਉਸ ਦੇ ਚੌਗਿਰਦੇ ਝੁਰਮਟ ਪਾ ਦਿੱਤਾ। ਰਾਜ ਵੈਦ ਤੇ ਹਕੀਮ ਮਹੱਲ ਦੇ ਅਗੇ ਆ ਖਲੋਤੇ ਕਿ ਕਿਸੇ ਵੇਲੇ ਉਨ੍ਹਾਂ ਦੀ ਸਲਾਹ ਦੀ ਲੋੜ ਨਾ ਪੈ ਜਾਏ। ਅੰਤ ਉਹ ਸਮਾਂ ਆ ਪੁੱਜਾ ਜਦ ਗੁਲਾਬ ਦੇ ਫੁੱਲ ਵਰਗੇ ਸੁੰਦਰ ਬਾਲ ਨੇ ਜਨਮ ਲਿਆ। (ਮਹਾਰਾਜਾ ਦਲੀਪ ਸਿੰਘ ਦਾ ਜਨਮ 23 ਭਾਦਰੋਂ 1894 ਮੁਤਾਬਿਕ 7 ਸਤੰਬਰ 1837 ਦਾ ਹੈ।) ਪਹਿਲੀ ਵਾਰ ਅੱਖ ਪੁੱਟਣ ਦੇ ਨਾਲ ਹੀ ਉਹ ਰੋਇਆ ਤੇ ਖ਼ੂਬ ਰੋਇਆ। ਉਸ ਬਾਲਕ ਦੇ ਰੋਣ ਤੇ ਸਾਰਾ ਸੰਮਨ ਬੁਰਜ ਵਧਾਇਆਂ ਨਾਲ ਗੂੰਜਿਆ ਹੀ ਨਾ, ਸਗੋਂ ਸਾਰੇ ਕਿਲ੍ਹੇ ਵਿਚ ਵਾਜੇ ਵੱਜੇ, ਤੋਪਾਂ ਦੇ ਫਾਇਰ ਹੋਏ। ਮਹਾਰਾਜਾ ਰਣਜੀਤ ਸਿੰਘ ਨੇ ਬੁਢੇਪੇ ਵਿਚ ਪੁੱਤਰ ਹੋਣ ਦੀ ਖ਼ੁਸ਼ੀ ਵਿਚ ਖ਼ਜ਼ਾਨਿਆਂ ਤੇ ਸਰਕਾਰੀ ਮੋਦੀਖ਼ਾਨਿਆਂ ਦੇ ਬੂਹੇ ਖੋਲ੍ਹ ਦਿੱਤੇ।

ਉਹ ਜੰਮਣ-ਪੀੜਾਂ ਨਾਲ ਬੇਸੁਰਤ ਹੋਈ ਪਈ ਸੀ। ਉਸ ਦੇ ਕੰਨੀ ਜਦੋਂ ਇਹ ਸ਼ਬਦ ਪਏ, "ਰਾਜ-ਕੁਮਾਰ ਹੈ, ਮੁੰਡਾ ਹੈ, ਸ਼ਾਹਜ਼ਾਦਾ ਹੈ, ਬੇਬੇ ਵਧਾਇਓਂ। ਜਾ ਨੀ ਕੁੜੇ ਗੋਮਾਂ, ਸਰਕਾਰ ਨੂੰ ਖ਼ੁਸ਼ਖ਼ਬਰੀ ਸੁਣਾ ਤੇ ਇਨਾਮ ਪਾ।" ਤਾਂ ਉਸ ਨੂੰ ਸੁਰਤ ਆ ਗਈ। ਪੁੱਤਰ ਹੋਣ ਦੀ ਖ਼ੁਸ਼ੀ ਨੇ ਦਰਦਾਂ ਦੀ ਪੀੜ ਮੱਠੀ ਕਰ ਦਿੱਤੀ। ਰੋ ਰਹੇ ਪੁੱਤਰ ਨੂੰ ਉਹ ਹਿੱਕ ਨਾਲ ਘੁਟ ਕੇ ਲਾਉਣ ਵਾਸਤੇ ਤਿਆਰ ਸੀ, ਪਰ ਗੋੱਲੀਆਂ ਉਹਦੇ ਪੁੱਤਰ ਨੂੰ ਨੇੜੇ ਨਹੀਂ ਸਨ ਕਰਦੀਆਂ। ਉਹ ਰੋਈ ਜਾਂਦਾ ਸੀ, ਬੱਚੇ ਦੇ ਉਸ ਰੋਣ ਨੇ ਉਹਨੂੰ ਐਨਾ ਵਿਆਕੁਲ ਕੀਤਾ ਕਿ ਸੁਪਨੇ ਦੀ ਦੁਨੀਆਂ ਅਲੋਪ ਹੋ ਗਈ ਤੇ ਉਹ ਸੁੱਤੀ ਜਾਗ ਪਈ। ਜਦੋਂ ਉਸ ਨੇ ਅੱਖਾਂ ਖੋਲ੍ਹੀਆਂ ਤਾਂ ਹਨੇਰਾ ਹੀ ਹਨੇਰਾ ਸੀ, ਹੱਥ ਪਸਾਰਿਆਂ ਭੀ ਨਹੀਂ ਸੀ ਲੱਭਦਾ। "ਵਾਹਿਗੁਰੂਵਾਹਿਗੁਰੂ" ਆਖਦੀ ਹੋਈ ਉੱਠ ਕੇ ਬੈਠ ਗਈ। ਭਾਵੇਂ ਠੰਢ ਬਹੁਤ ਸੀ, ਪਰ ਉਸਦੇ ਮੱਥੇ ਤੇ ਤਰੇਲੀ ਆਈ ਹੋਈ ਸੀ ਤੇ ਉਹਦਾ ਕਾਲਜਾ ਧੜਕੀ ਜਾਂਦਾ ਸੀ। ਉਹਨੇ ਹੱਥ ਨਾਲ ਟੋਹ ਕੇ ਗੋਮਤੀ ਨੂੰ ਲੱਭਿਆ। ਉਹ ਪਤਲੇ ਜਿਹੇ ਲੀੜੇ ਵਿਚ ਗੁੱਛਾ ਮੁੱਛਾ ਹੋ ਕੇ ਉਹਦੇ ਲਾਗੇ ਪਈ ਹੋਈ ਸੀ।

"ਓ ਅਕਾਲ ਪੁਰਖ ਇਹ ਸੁਪਨਾ ਸੀ। ਬੀਤੇ ਜੀਵਨ ਦੀ ਚਿਰੋਕੀ ਭੁਲੀ ਕਹਾਣੀ ਯਾਦ ਕਿਉਂ ਕਰਾਈ? ਕੀ ਮੇਰਾ ਦਲੀਪ ਮੈਥੋਂ ਵਿਛੜ ਕੇ ਰੋਂਦਾ ਫਿਰਦਾ ਹੈ? ਪ੍ਰਭਾਤ ਦਾ ਮੇਰਾ ਸੁਪਨਾ ਸੱਚ ਹੀ ਹੁੰਦਾ ਰਿਹਾ ਹੈ। ਉਹ ਜ਼ਰੂਰ ਮਾਂ ਤੋਂ ਵਿਛੜ ਕੇ ਵਿਆਕੁਲ ਹੋਇਆ ਮਾਂ! ਮਾਂ! ਕਰਦਾ ਰੋਂਦਾ ਕੁਰਲਾਂਦਾ ਹੋਵੇਗਾ। ਹਾਏ! ਮੇਰੇ ਰੱਬਾ! ਉਸ ਦੀ ਜ਼ਿੱਦ ਕਰਨ ਦੀ ਆਦਤ ਹੋ ਗਈ ਸੀ ਹੁਣ ਉਸ ਦੀਆਂ ਕੌਣ ਮੰਨਦਾ ਹੋਵੇਗਾ।" ਮਹਾਰਾਣੀ ਦੀਆਂ ਅੱਖਾਂ ਅਗੇ ਉਸ ਵੇਲੇ ਦਾ ਮਨਹੂਸ ਨਜ਼ਾਰਾ ਆਇਆ ਜਦ ਸ: ਗੁਲਾਬ ਸਿੰਘ ਅਟਾਰੀ ਵਾਲਾ ਸੈਰ ਕਰਾਣ ਦੇ ਬਹਾਨੇ ਮਹਾਰਾਜਾ ਦਲੀਪ ਸਿੰਘ ਨੂੰ ਉਸ ਦਾ ਪਾਸੋਂ ਲੈ ਗਿਆ ਸੀ।

ਪੁੱਤਰ ਦਾ ਵਿਛੋੜਾ ਯਾਦ ਆਉਣ ਤੇ ਰਾਣੀ ਬੁਰੇ ਹਾਲ ਹੋ ਗਈ ਅਤੇ ਬੇਵਸ ਪ੍ਰਮਾਤਮਾ ਅਗੇ ਅਰਦਾਸ ਕਰਨ ਲੱਗੀ, "ਕਿਰਪਾਲੂ ਤੇ ਸਰਬ ਰਖਯਕ ਜੀਓ! ਮੈਂ ਰਾਜ ਭਾਗ, ਸੁਖ ਅਰਾਮ ਜਾਂ ਧਨ ਦੌਲਤ ਕੁਝ ਨਹੀਂ ਮੰਗਦੀ, ਪਰ ਪੁੱਤਰ ਦਾ ਵਿਛੋੜਾ ਮੇਰੇ ਤੋਂ ਨਹੀਂ ਸਹਾਇਆ ਜਾਂਦਾ। ਸਰਬਸ਼ਕਤੀ ਮਾਨ ਜੀਓ! ਮੈਂ ਗ਼ਰੀਬੀ ਵਿਚ ਦਿਨ ਕੱਟ ਲਾਂਗੀ। ਫ਼ਕੀਰਣੀ ਬਣ ਆਪਣਾ ਅਤੇ ਆਪਣੇ ਦਲੀਪ ਦਾ ਪੇਟ ਭਰ ਲਾਂਗੀ। ਮੇਹਰ ਕਰੋ ਤੇ ਮੇਰਾ ਦਲੀਪ ਮੇਰੀ ਝੋਲੀ ਪਾਓ। ਮੈਂ ਉਸ ਨੂੰ ਛਾਤੀ ਨਾਲ ਲਾਉਣ ਤੇ ਸਾਰੇ ਬੀਤੇ ਦੁਖ ਭੁਲ ਜਾਵਾਂਗੀ।" ਇਸ ਤਰ੍ਹਾਂ ਦੇ ਕੀਰਨੇ ਪਾ ਰਹੀ ਸੀ ਕਿ ਮੰਦਰ ਦਾ ਘੜਿਆਲ ਕੜਕਿਆ ਅਤੇ ਨਾਲ ਹੀ ਦਿਲ ਦਾ ਡਰ ਵਧ ਗਿਆ ਤੇ ਛੇਤੀ ਨਾਲ ਕਹਿਣ ਲੱਗੀ–

"ਗੋਮਤੀ ਰੀ ਗੋਮਤੀ, ਦੇਖ ਤੋ ਸਵੇਰ ਹੋ ਗਈ।" ਹਿੰਦੁਸਤਾਨੀ ਵਿਚ ਬੋਲਣ ਦਾ ਯਤਨ ਕਰਦਿਆਂ ਹੋਇਆਂ, ਮਹਾਰਾਣੀ ਨੇ ਗੋਮਤੀ ਨੂੰ ਅਵਾਜ਼ ਦਿੱਤੀ ਤਾਂਕਿ ਉਹ ਉਠ ਕੇ ਦੇਖੇ, ਜੇ ਅਗੇ ਤੁਰਨ ਦਾ ਵੇਲਾ ਹੈ ਤਾਂ ਲੋਕਾਂ ਦੀਆਂ ਅੱਖੀਆਂ ਤੋਂ ਉਹਲੇ ਹੋ ਜਾਣ ਅਤੇ ਕੋਈ ਸੂਹ ਲੈਣ ਵਾਲਾ ਨਾ ਆ ਨਿਕਲੇ।

## ਕਾਂਡ–6

ਦੂਸਰੇ ਸੰਤਰੀ ਦੇ ਆਉਣ ਕਰਕੇ ਸ਼ਾਮੋ ਚੁਪ ਕਰ ਕੇ ਆਪਣੇ ਬਿਸਤਰੇ ਉਤੇ ਲੇਟ ਗਈ। ਉਸ ਦਾ ਤਨ ਕੈਦ ਸੀ, ਪਰ ਰੂਹ ਆਜ਼ਾਦ ਸੀ। ਉਸ ਸੁਰਤੀ ਦੀ ਉਡਾਰੀ ਨਾਲ ਆਪਣੀ ਮਹਾਰਾਣੀ ਦੀ ਰੱਖਿਆ ਵਾਸਤੇ ਉਸ ਦੇ ਪਿਛੇ ਉੱਡ ਤੁਰੀ। ਜੇ ਨੀਂਦ ਨਾਲ ਅੱਖਾਂ ਮੀਟੀਆਂ ਗਈਆਂ ਤਾਂ ਸੁਪਨਿਆਂ ਦੇ ਰੂਪ ਵਿਚ ਵੀ ਉਹ ਪ੍ਰਤੀਤ ਕਰਨ ਲੱਗੀ ਕਿ ਉਹ ਬਾਲਕ ਮਹਾਰਾਜਾ ਦਲੀਪ ਸਿੰਘ ਅਤੇ ਮਹਾਰਾਣੀ ਦੀ ਸੇਵਾ ਕਰ ਰਹੀ ਹੈ। ਕਿਸੇ ਨੂੰ ਪਾਣੀ ਪੀਣ ਵਾਸਤੇ ਦੇਂਦੀ ਹੈ ਤੇ ਕਿਸੇ ਦੀਆਂ ਮੁਠੀਆਂ ਭਰਦੀ ਹੈ। ਜਿਨ੍ਹਾਂ ਨਾਲ ਅਟੁਟ ਪ੍ਰੀਤਾਂ ਪਾਈਆਂ ਉਹ ਹੀ ਚੇਤੇ ਰਹੇ। ਸੱਜਣ ਸਿੰਘ ਨਾਲ ਪਿਆਰ-ਦਿਖਾਵੇ ਦੀ ਇਕ ਝੂਠੀ ਖੇਡ ਖੇਡਣੀ ਚਾਹੀ ਤਾਕਿ ਉਹ ਕਿਵੇਂ ਨਾ ਕਿਵੇਂ ਬੰਦੀਖਾਨੇ ਵਿਚੋਂ ਅਜ਼ਾਦ ਹੋ ਗਏ। ਉਸ ਨੂੰ ਜਾਨ ਦੀ ਪ੍ਰਵਾਹ ਨਹੀਂ ਸੀ, ਫਿਰ ਵੀ ਉਹ ਕੈਦੋਂ ਇਸ ਵਾਸਤੇ ਨੱਸਣਾ ਚਾਹੁੰਦੀ ਸੀ ਕਿ ਉਸ ਨੂੰ ਭੈ ਸੀ ਕਿ ਉਹ ਕਿਸੇ ਲਾਲਚ ਜਾਂ ਡਰ ਨਾਲ ਮਹਾਰਾਣੀ ਦਾ ਪਤਾ ਨਾ ਦੱਸ ਬੈਠੇ। ਭਾਵੇਂ ਉਹ ਆਪਣੇ ਵਲੋਂ ਬੜੀ ਪੱਕੀ ਸੀ ਫਿਰ ਵੀ ਸਮਝਦੀ ਸੀ ਕਿ ਕਮਜ਼ੋਰੀ ਆ ਜਾਣੀ ਕੋਈ ਵੱਡੀ ਗੱਲ ਨਹੀਂ। ਮੁਸੀਬਤ ਬੁਰੀ ਚੀਜ਼ ਹੈ, ਪੈਗੰਬਰ ਮਸੀਹ ਦੇ ਚੇਲੇ ਕੁਕੜ ਦੀ ਬਾਂਗ ਤੋਂ ਪਹਿਲਾਂ ਪਹਿਲਾਂ ਉਸ ਦੇ ਈਮਾਨ ਤੋਂ ਮੁਕਰ ਗਏ ਸਨ। ਉਸ ਦੇ ਹੀ ਚੇਲੇ ਨੇ

ਚਾਂਦੀ ਦੀਆਂ ਚੰਦ ਠੀਕਰੀਆਂ ਲੈ ਕੇ ਉਸ ਨੂੰ ਗ੍ਰਿਫ਼ਤਾਰ ਕਰਾ ਦਿਤਾ ਸੀ। ਮਨੁੱਖੀ ਕਮਜ਼ੋਰੀ ਤੋਂ ਡਰਦੀ ਹੋਈ ਉਹ ਜਿਵੇਂ ਵੀ ਹੋਵੇ ਕਿਲ੍ਹੇ ਵਿਚੋਂ ਨੱਸ ਜਾਣ ਚਾਹੁੰਦੀ ਸੀ। ਉਹ ਸੱਜਨ ਸਿੰਘ ਨੂੰ ਭੁੱਲ ਗਈ, ਕਿਉਂਕਿ ਉਸ ਨਾਲ ਉਹਦੀ ਸੱਚੀ ਮੁਹੱਬਤ ਨਹੀਂ ਸੀ।

ਸੱਜਨ ਸਿੰਘ ਸ਼ਾਮੋ ਨੂੰ ਨਾ ਭੁਲ ਸਕਿਆ। ਉਹ ਜਦੋਂ ਆਪਣੇ ਮੰਜੇ ਤੇ ਜਾ ਕੇ ਲੇਟਿਆ ਤਾਂ ਉਸ ਦੀਆਂ ਅੱਖਾਂ ਵਿਚ ਨੀਂਦ ਦੀ ਥਾਂ ਸ਼ਾਮੋ ਦੀ ਸ਼ਕਲ-ਸੂਰਤ ਸੀ। ਉਸ ਦਾ ਮਨ ਸ਼ਾਮੋ ਦੀ ਤਿੱਖੀ ਨੁਹਾਰ ਦੇਖ ਕੇ ਲੱਟੂਹੋ ਰਿਹਾ ਸੀ। ਪਰ ਜਦੋਂ ਕਿਲ੍ਹੇ ਵਿਚੋਂ ਚੋਰੀ ਨੱਸ ਜਾਣ ਲਈ ਸੋਚਦਾ ਤਾਂ ਉਹ ਘਬਰਾ ਉਠਦਾ । ਉਹ ਸ਼ਾਮੋ ਦੇ ਪਿਆਰ ਨੂੰ ਵੀ ਜਿੱਤਣਾ ਚਾਹੁੰਦਾ ਸੀ, ਪਰ ਰਾਜ-ਧਰੋਹੀ ਵੀ ਨਹੀਂ ਸੀ ਬਣਨਾ ਚਾਹੁੰਦਾ । ਉਹ ਨਹੀਂ ਸੀ ਚਾਹੁੰਦਾ ਕਿ ਉਹਦੀ ਸ਼ਾਮੋ ਦੀ ਜਾਨ ਖ਼ਤਰੇ ਵਿਚ ਪਏ। ਪਰ ਪਿਆਰ ਦਾ ਇਹੀ ਸੁਭਾ ਹੈ ਕਿ ਉਹ ਆਪਣੇ ਪ੍ਰੇਮ-ਪਾਂਧਆਂ ਨੂੰ ਦੁਖਾਂ ਤੇ ਔਕੜਾਂ ਵਿਚ ਸੁਟ ਕੇ ਪਰਤਾਉਂਦਾ ਹੈ।

ਉਹ ਸੋਚਦਾ ਰਿਹਾ ਕਿ ਕਿਵੇਂ ਉਹ ਸ਼ਾਮੋ ਦੀ ਜਾਨ ਬਚਾ ਸਕਦਾ ਸੀ। ਉਸ ਨੇ ਖ਼ਿਆਲ ਕੀਤਾ ਕਿ ਜੇ ਉਹ ਕਿਲ੍ਹੇ ਦੇ ਅਫ਼ਸਰ ਅੱਗੇ ਤਰਲਾ ਕਰੇ ਕਿ ਉਸ ਦੀ ਜਾਨ ਬਚੇ, ਤਾਂ ਹੋ ਸਕਦਾ ਹੈ ਅਫ਼ਸਰ ਨੂੰ ਸ਼ੱਕ ਪੈ ਜਾਏ ਕਿ ਇਸ ਦਾ ਵੀ ਹੱਥ ਮਹਾਰਾਣੀ ਦੇ ਨੱਸ ਜਾਣ ਦੀ ਸਾਜ਼ਸ਼ ਵਿਚ ਹੈ ਤੇ ਉਹ ਵੀ ਕੈਦ ਕੀਤਾ ਜਾਏ। ਜੇ ਕਿਲ੍ਹੇ ਵਿਚੋਂ ਕਿਵੇਂ ਨ ਕਿਵੇਂ ਨਿਕਲ ਜਾਏ ਤਾਂ ਸਾਰੀ ਉਮਰ-ਰਾਜ-ਧਰੋਹੀ ਭਗੌੜਾ ਹੋ ਕੇ ਨੱਸਣਾ ਤੇ ਲੁਕ ਲੁਕ ਕੇ ਦਿਨ-ਕੱਟੀ ਕਰਨੀ ਪਵੇਗੀ। ਜੀਵਨ ਦਾ ਸੁਆਦ ਫਿੱਕਾ ਪੈ ਜਾਏਗਾ। ਤੰਗੀ ਦੇ ਜੀਵਨ ਵਿਚ ਪ੍ਰੀਤ ਦੀ ਠੱਢੀ ਹਵਾ ਮੁੜ ਤੱਤੀ ਲੋਅ ਬਣ ਕੇ ਤਨ ਨੂੰ ਸਾੜਦੀ ਹੈ। ਜਿਨ੍ਹਾਂ ਮਿੱਤਰਾਂ ਵਾਸਤੇ ਨੱਸ ਦੌੜ ਹੁੰਦੀ ਹੈ ਉਨ੍ਹਾਂ ਨੂੰ ਤਿਆਗ ਕਈਦਾ ਹੈ, ਕਿਉਂਕਿ ਮਨੁੱਖ ਮਨੁੱਖ ਹੀ ਹੈ, ਉਸ ਵਿਚ ਅਨੇਕਾਂ ਕਮਜ਼ੋਰੀਆਂ ਹਨ। ਰਾਂਝੇ ਵਰਗੇ ਆਸ਼ਕ ਬਹੁਤ ਥੋੜ੍ਹੇ ਹੁੰਦੇ ਨੇ, ਜੋ ਰੂਹ ਦੇ ਪ੍ਰੇਮੀ ਬਣਨ। ਸੂਰਤ ਤੇ ਤਨ ਦੀ ਹਾਲਤ ਸਦਾ ਇਕੋ ਜਿਹੀ ਨਹੀਂ ਰਹਿੰਦੀ।

ਕੁਕੜ ਦੀ ਬਾਂਗ ਦੇ ਨਾਲ ਹੀ ਉਸ ਨੇ ਪੱਕਾ ਫ਼ੈਸਲਾ ਕਰ ਲਿਆ, "ਸ਼ਾਮੋ ਵਰਗੀ ਨਾਰ ਵਰਨ ਲਈ ਰਾਜ-ਧਰੋਹੀ ਜਾਂ ਬਾਗੀ ਬਣਨਾ ਹੀ ਚੰਗਾ ਹੈ।" ਉਸ ਦਾ ਫ਼ੈਸਲਾ ਸੀ।

"ਪਹਿਲੀ ਰਾਤ ਜਦੋਂ ਮੇਰੀ ਡਿਊਟੀ ਹੋਵੇ, ਉਦੋਂ ਹੀ ਕਿਲ੍ਹੇ ਦੀ ਪਿਛਲੀ ਕੰਧ ਟੱਪ ਜਾਵਾਂ। ਸ਼ਾਮੋ ਚੁਸਤ ਤੇ ਚਲਾਕ ਹੈ। ਬਾਰ੍ਹਾਂ ਵਜੇ ਪਤਾ ਲਗੇਗਾ, ਉਸ ਵੇਲੇ ਨੂੰ ਕਿਤੇ ਦੂਰ ਨਿਕਲ ਜਾਵਾਂਗੇ।...... ਰੱਸਾ ਲੰਮਾ ਹੈ, ਓਹ ਪਾ ਕੇ ਲਮਕਣਾ ਸੌਖਾ ਹੋਏਗਾ। ਬੰਦੂਕ ਤੇ ਕਾਰਤੂਸ ਨਾਲ ਖੜਨੇ ਚੰਗੇ ਹਨ। ਹੋ ਸਕਦਾ ਹੈ ਕੋਈ ਪਿੱਛਾ ਕਰੇ, ਜਾਂ ਜੰਗਲ ਵਿਚ ਖ਼ੂਨੀ ਜਾਨਵਰਾਂ ਕੋਲੋਂ ਕੋਈ ਖ਼ਤਰਾ ਹੋਵੇ।..... ਆਪਣੀ ਰਾਖੀ ਦਾ ਜ਼ਰੂਰ ਪ੍ਰਬੰਧ ਹੋਣਾ ਚਾਹੀਦਾ ਹੈ। ਜੀਵਨ ਦੇ ਚਾਰ ਦਿਨ ਸ਼ਾਮੋ ਵਰਗੀ ਨਾਰ ਕੋਲ ਕੱਟੇ ਜਾਣ ਤਾਂ ਸਵਰਗ ਦੀ ਇੱਛਾ ਖ਼ਤਮ ਹੋ ਜਾਂਦੀ ਹੈ।..... ਨਾਲੇ ਪੁੰਨ ਨਾਲੇ ਫਲੀਆਂ ਵਾਲੀ ਗੱਲ ਹੋਵੇਗੀ। ਸ਼ਾਈਦ ਇਸੇ ਆਸਰੇ ਮਹਾਰਾਣੀ ਦੀ ਕੁਝ ਸੇਵਾ ਕਰ ਸਕਾਂਗਾ। ਆਖ਼ਰ ਮੈਂ ਵੀ ਤਾਂ ਪੰਜਾਬੀ ਹਾਂ, ਗੁਰੂਦਾ ਸਿੰਘ ਹਾਂ ਤੇ ਹਰ ਸਿੱਖ ਦਾ ਫ਼ਰਜ਼ ਹੈ ਕਿ ਦੁਖੀ ਅਤੇ ਮੁਸੀਬਤ ਫਸੇ ਦੀ ਸਹਾਇਤਾ ਕਰੇ।"

ਸੋਚਾਂ ਸੋਚਦਿਆਂ ਤੇ ਸਕੀਮਾਂ ਬਣਾਉਂਦਿਆਂ ਸਾਰੀ ਰਾਤ ਲੰਘ ਗਈ। ਨੀਂਦ ਉਸ ਦੇ ਨੇੜੇ ਨਾ ਆਈ। ਕਾਫ਼ੀ ਦਿਨ ਚੜ੍ਹੇ ਮੰਜੇ ਤੋਂ ਉਠਿਆ ਤੇ ਤਿਆਰੀ ਕਰਨ ਲੱਗਾ।

ਤਰਕਾਲਾਂ ਪੈ ਗਈਆਂ। ਉਸ ਦੀ ਡਿਊਟੀ ਦਾ ਵੇਲਾ ਹੋ ਗਿਆ। ਉਹ ਬੰਦੂਕ ਮੋਢੇ ਤੇ ਰਖ ਕੇ ਸ਼ਾਮੋ ਦੀ ਕੋਠੜੀ ਵਲ ਗਿਆ। ਉਹ ਬਹੁਤ ਖ਼ੁਸ਼ ਸੀ ਤੇ ਨੱਸਟ ਵਾਸਤੇ ਪੂਰੀ ਤਿਆਰੀ ਕਰ ਚੁੱਕਾ ਸੀ। ਅੱਜ ਉਹ ਜੀਵਨ ਮੌਤ ਦੀ ਬਾਜ਼ੀ ਲਾ ਰਿਹਾ ਸੀ। ਉਸ ਸਮੇਂ ਵਿਚ ਕਿਸੇ ਕੈਦੀ ਨੂੰ ਕੈਦੋਂ ਨਸਾਉਣ ਦਾ ਸਜ਼ਾ ਮੌਤ ਹੁੰਦੀ ਸੀ। ਹੋਰ ਤਾਂ ਭਾਵੇਂ ਕੋਈ ਮੁਆਫ਼ ਹੋ ਸਕੇ, ਪਰ ਡਿਊਟੀ ਵਾਲੇ ਸੰਤਰੀ ਨੂੰ ਭਲਾ ਕੌਣ ਮੁਆਫ਼ੀ ਦੇਵੇ? ਠੀਕ ਆਖਦੇ ਨੇ ਇਸ਼ਕ ਮਨੁੱਖ ਤੋਂ ਸਭ ਕੁਛ ਕਰਵਾਂਦਾ ਹੈ ਤੇ ਅਜਿਹੇ ਸਮੇਂ ਸਾਰੀ ਸੁੱਧ ਬੁੱਧ ਮਾਰੀ ਜਾਂਦੀ ਹੈ।

"ਸ਼ਾਮੋ, ਕੀ ਸੱਚ ਮੁਚ ਤੂੰ ਮੇਰੇ ਨਾਲ ਪਿਆਰ ਕਰਦੀ ਹੈਂ?" ਸੱਜਨ ਸਿੰਘ ਨੇ ਸ਼ਾਮੋ ਕੋਲੋਂ ਪੁਛਿਆ।

"ਇਸਤਰੀ ਇਸ ਪੁੱਛ ਦਾ ਉੱਤਰ ਨਹੀਂ ਦੇ ਸਕਦੀ। ਉਹ ਪਿਆਰ ਨੂੰ ਪਰਗਟ ਕਰਨਾ ਨਹੀਂ ਜਾਣਦੀ।" ਸ਼ਾਮੋ ਦਾ ਉੱਤਰ ਸੀ।

"ਹੱਛਾ ਫਿਰ ਹੱਥ ਅੱਗੇ ਕਰ।"

ਸ਼ਾਮੋ ਨੇ ਸੱਜਾ ਹੱਥ ਅੱਗੇ ਕੀਤਾ। ਸੱਜਨ ਸਿੰਘ ਨੇ ਉਸ ਨੂੰ ਫੜ ਲਿਆ ਤੇ ਬੋਲਿਆ, "ਲੈ ਮੈਂ ਤੇਰੀ ਬਾਂਹ ਫੜਦਾ ਹਾਂ, ਸਦਾ ਇਸ ਬਾਂਹ ਨੂੰ ਫੜੀ ਰੱਖਾਂਗਾ, ਭਾਵੇਂ ਮੈਨੂੰ ਆਪਣੀ ਜਾਨ ਕਿਉਂ ਨਾ ਵਾਰਨੀ ਪਵੇ। ਸਾਰੀ ਰਾਤ ਸ਼ਾਮੋ ਮੈਂ ਸੁੱਤਾ ਨਹੀਂ: ਮੇਰੀਆਂ ਅੱਖਾਂ ਵਿਚ ਤੇਰੀ ਸੂਰਤ ਰਹੀ, ਮੇਰੇ ਕੰਨਾਂ ਵਿਚ ਤੇਰੀਆਂ ਗੱਲਾਂ ਗੂੰਜਦੀਆਂ ਰਹੀਆਂ ਤੇ ਦਿਲ-ਦਿਮਾਗ਼ ਇਹੋ ਸੋਚਦਾ ਰਿਹਾ ਕਿ ਕਿਵੇਂ ਮੈਂ ਤੈਨੂੰ ਰਾਜ-ਦੰਡ ਤੋਂ ਬਚਾ ਸਕਦਾ ਹਾਂ।"

"ਕੀ ਇਹ ਸਭ ਕੁਝ ਸੱਚ ਆਖ ਰਹੇ ਹੋ?" ਖ਼ੁਸ਼ੀ ਨਾਲ ਉੱਛਲ ਕੇ ਸ਼ਾਮੋ ਬੋਲੀ, ਉਸ ਨੇ ਸੱਜਨ ਸਿੰਘ ਦੇ ਦੂਸਰੇ ਹੱਥ ਨੂੰ ਆਪ ਫੜ ਲਿਆ।

"ਮੈਂ ਜੋ ਕੁਝ ਆਖ ਰਿਹਾ ਹਾਂ, ਉਹ ਅੱਖਰ ਅੱਖਰ ਸੱਚਾ ਹੈ। ਮੈਂ ਫ਼ੈਸਲਾ ਕਰ ਲਿਆ ਹੈ।"

"ਕੀ?" ਬੜੀ ਬੇਸਬਰੀ ਨਾਲ ਸ਼ਾਮੋ ਨੇ ਉਸ ਦੀ ਗੱਲ ਨੂੰ ਟੁਕ ਕੇ ਪੁੱਛਿਆ।

"ਹੁਣੇ ਹੀ ਤੈਨੂੰ ਲੈ ਕੇ ਨੱਸ ਜਾਣ ਦਾ; । ਤੇ ਕੰਧ ਟੱਪਣ ਦਾ ਵੀ ਪਰਬੰਧ ਕਰ ਲਿਆ ਹੈ।"

"ੳ ਮੇਰੀ ਜਾਨ ! ਮੇਰੇ ਪਿਆਰੇ ! ਮੈਂ ਤੁਸਾਂ ਦਾ ਇਹ ਭਾਰੀ ਕਰਜ਼ਾ ਤੁਹਾਡੀ ਸੇਵਾ ਕਰ ਕੇ ਉਤਾਰਾਂਗੀ।" ਇਨ੍ਹਾਂ ਸ਼ਬਦਾਂ ਦੇ ਨਾਲ ਹੀ ਸ਼ਾਮੋਂ ਨੇ ਸੱਜਨ ਸਿੰਘ ਦਾ ਹੱਥ ਚੁੰਮ ਲਿਆ। ਉਹ ਚੁੰਮਣ ਮਮੂਲੀ ਨਹੀਂ ਸੀ, ਸਗੋਂ ਇਕ ਐਸੀ ਬਿਜਲੀ ਸੀ ਕਿ ਜਿਸ ਨੇ ਸੱਜਨ ਸਿੰਘ ਦੇ ਸਾਰੇ ਸਰੀਰ ਨੂੰ ਕੰਬਾ ਦਿੱਤਾ। ਉਹ ਕੰਬਦੇ ਬੁਲ੍ਹਾਂ ਨਾਲ ਬੋਲਿਆ, "ਮੇਰੇ ਹੱਥ ਛੱਡ ਤਾਂ ਜੋ ਮੈਂ ਝਾਤ ਮਾਰ ਆਵਾਂ ਕਿ ਕਿਲ੍ਹੇ ਦੀ ਪਿਛਾੜੀ ਵਲ ਰਾਹ ਸਾਫ਼ ਹੈ। ਤਿਆਰੀ ਕਰ ਚਲਣ ਦੀ, ਹੁਣੇ ਹੀ ਆਪਾਂ ਏਥੋਂ ਤੀਰ ਹੋ ਜਾਣਾ ਹੈ।"

"ਹੁਣੇ ਹੀ?" "ਹਾਂ ਹੁਣੇ ਹੀ?"

ਸ਼ਾਮੋ ਨੇ ਸੱਜਨ ਸਿੰਘ ਦੇ ਹੱਥ ਨੂੰ ਘੁੱਟ ਕੇ ਤੇ ਚੁੰਮ ਕੇ ਛੱਡ ਦਿੱਤਾ। ਉਹ ਦੱਬੇ ਪੈਰ ਉਸ ਕੋਲ ਚਲਿਆ ਗਿਆ ਤੇ ਸ਼ਾਮੋ ਖ਼ੁਸ਼ੀ ਨਾਲ ਥਰ-ਥਰਾਉਂਦੀ ਅਤੇ ਹੱਥਾਂ ਨੂੰ ਮਲਦੀ ਹੋਈ ਕੋਠੜੀ ਵਿਚ ਚੱਕਰ ਕੱਟਣ ਲੱਗੀ। ਉਸ ਨੂੰ ਆਸ ਨਹੀਂ ਸੀ ਕਿ ਸੱਜਨ ਸਿੰਘ ਐਨਾ ਹੌਂਸਲਾ ਕਰੇਗਾ, ਜਾਂ ਉਸ ਦਾ ਪਿਆਰ -ਜਾਦੂ ਉਸ ਤੇ ਚਲ ਜਾਏਗਾ।

ਪੰਦਰ੍ਹਾਂ ਮਿੰਟਾਂ ਪਿਛੋਂ ਸੱਜਨ ਸਿੰਘ ਆ ਗਿਆ ਤੇ ਕੋਠੜੀ ਦਾ ਜੰਦਰਾ ਖੋਲ੍ਹਦਾ ਹੋਇਆ ਬੋਲਿਆ, "ਚਲ ਸ਼ਾਮੋ, ਕੁਦਰਤ ਸਾਡੀ ਮਦਦ ਕਰ ਰਹੀ ਹੈ।"

# ਕਾਂਡ–7

"ਗੋਮਤੀ...... ਚੰਗਾ, ਮੈਂ ਨਿਕਰਮਣ ਦੇ ਭਾਗਾਂ ਵਿਚ ਇਉਂ ਹੀ ਵਿਧਾਤਾ; ਨੇ ਲਿਖਿਆ ਹੋਵੇਗਾ।!ਮਰ ਤਾਂ ਸਭ ਨੇ ਜਾਣਾ ਹੈ, ਮੌਤ ਦਾ ਹਨੇਰਾ ਮੈਨੂੰ ਨਹੀਂ ਡਰਾਉਂਦਾ, ਪਰ ਇਕ ਵਾਰ ਪੁੱਤਰ ਦਾ ਮੂੰਹ ਦੇਖਣ ਦੀ ਸੱਧਰ ਪੂਰੀ ਨਾ ਹੋਈ।" ਚੋਖੇ ਚਿਰ ਦੀ ਚੁਪ ਪਿਛੋਂ ਅਟਕ ਅਟਕ ਕੇ ਹੌਲੀ- ਹੌਲੀ ਮਹਾਰਾਣੀ ਬੋਲੀ, ਮੇਰਾ ਬਚਣਾ ਹੁਣ ਔਖਾ ਹੈ !.....ਬੱਸ.....ਮੈਂ ਇਹੋ ਆਖਦੀ ਹਾਂ, ਜੇ ਤੇ ਤੂੰ ਜੀਊਂਦੀ ਜਾਗਦੀ ਕਦੀ ਪੰਜਾਬ ਪੁਜ ਗਈਓਂ ਤਾਂ ਮੇਰੇ ਦਲੀਪ ਨੂੰ ਮਿਲ ਕੇ ਦੱਸ ਦਈਂ ਕਿ ਮੈਂ ਕਿਵੇਂ ਉਸ ਦਾ ਮੂੰਹ ਦੇਖਣ ਵਾਸਤੇ ਤੜਪ ਤੜਪ ਕੇ ਕਿਸੇ ਅਣਡਿੱਠੀ ਭੋਈ ਤੇ ਮਰੀ ਹਾਂ..... ਆਹ ! ਇਨ੍ਹਾਂ ਭਿਆਨਕ ਜੰਗਲਾਂ ਵਿਚ ਭੁੱਖ ਥਕੇਂਵੇ ਤੇ ਉਨੀਂਦਰੇ ਨਾਲ ਖ਼ਬਰੇ ਤੂੰ ਵੀ ਖ਼ਤਮ ਹੋ ਜਾਏਂ। ਕੋਈ ਸ਼ੇਰ ਚਿਤਰਾ ਤੈਨੂੰ ਖਾ ਜਾਏ।...... ਤੇਰਾ ਬਚਣਾ ਵੀ ਬਹੁਤ ਔਖਾਂ, ਬੜਾ ਕਠਨ ਮੇਰੇ ਮਰਨ ਦੀ ਖ਼ਬਰ ਵੀ ਮੇਰੇ ਦਲੀਪ ਦੀ ਕੰਨੀਂ ਨਹੀਂ ਪੈਣੀ। ਓ ਜਿੰਦਾਂ ! ਤੂੰ ਮਹਾਰਾਣੀ ਬਣ ਜਾਣ ਤੇ ਮਾਣ ਕੀਤਾ ਸੀ, ਜੇਕਰ ਮਹਾਰਾਣੀ ਨਾ ਹੁੰਦੀ ਤਾਂ ਇਹੋ ਜਿਹੇ ਦੁਖ ਤਾਂ ਨਾ ਦੇਖਣੇ ਪੈਂਦੇ।"

"ਮਹਾਰਾਣੀ ਜੀ ! ਬਹੁਤਾ ਨਾ ਬੋਲੋ, ਜਾਨ ਬਚਾਓ ! ਤੁਸੀ ਕਮਜ਼ੋਰ ਓ। ਕਈ ਦਿਨ ਤੋਂ ਅੰਨ ਦਾ ਭੋਗ ਮੂੰਹ ਨਹੀਂ ਪਾਇਆ ਕਿਤੇ ਸਾਹ ਨਾ ਰੁਕ ਜਾਏ। ਮੈਂ ਜੋ ਕਰ ਸਕਦੀ ਹਾਂ ਕਰਨ ਨੂੰ ਤਿਆਰ ਹਾਂ। ਤਕੜੇ ਹੋਵੋ, ਰਾਤ ਦੇ ਪਿਛੋਂ ਪ੍ਰਭਾਤ ਜ਼ਰੂਰ ਹੋਵੇਗੀ। ਅਕਾਲ ਪੁਰਖ ਜ਼ਰੂਰ ਸਹਾਇਤਾ ਕਰੇਗਾ। ਵਿਆਕੁਲ ਨਾ ਹੋਵੋ: ਯਾਦ ਕਰੋ ਰਾਜੇ ਨਲ ਦਮਯੰਤੀ ਦੀ ਕਥਾ, ਜੋ ਤੁਸਾਂ ਹੀ ਮੈਨੂੰ ਸੁਣਾਈ ਸੀ। ਜੇ ਦਮਯੰਤੀ ਦੇ ਦੁਖਾਂ ਦਾ ਅੰਤ ਹੋ ਗਿਆ ਸੀ ਤਾਂ ਤੁਸਾਂ ਦੀਆਂ ਮੁਸੀਬਤਾਂ ਵੀ ਘਟ ਜਾਣਗੀਆਂ।" ਮਹਾਰਾਣੀ ਦੀਆਂ ਲੱਤਾਂ ਨੂੰ ਘੁਟਣੋਂ ਹਟ ਕੇ ਗੋਮਤੀ ਬੜੇ ਤਰਲੇ ਦੇ ਲਹਿਜੇ ਵਿਚ ਬੋਲੀ। ਇਕ ਇਕ ਸ਼ਬਦ ਜ਼ਬਾਨੋਂ ਕੱਢਣ ਦੇ ਨਾਲ ਕਈ ਅੱਥਰੂਅੱਖੋਂ ਡਿਗੇ, ਪਰ ਗੁਫ਼ਾ ਦੇ ਹਨੇਰੇ ਵਿਚ ਕਿਸੇ ਨੂੰ ਨਾ ਦਿਸੇ।

ਵਸੋਂ ਤੋਂ ਦੂਰ ਪਹਾੜ ਦੀ ਗੁਫ਼ਾ ਵਿਚ ਮਹਾਰਾਣੀ ਜਿੰਦਾਂ ਅਤੇ ਗੋੱਲੀ ਗੋਮਤੀ ਲੁਕੀਆਂ ਬੈਠੀਆਂ ਹਨ। ਗੁਫ਼ਾ ਵਿਚ ਬੈਠੀਆਂ ਨੂੰ ਚਾਰ ਦਿਨ ਹੋ ਗਏ ਹਨ। ਉਨ੍ਹਾਂ ਦਾ ਪਿੱਛਾ ਕਰਨ ਵਾਲੇ ਸਰਕਾਰੀ ਹਲਕਾਰੇ ਨਾ -ਕਾਮਯਾਬ ਸ਼ਿਕਾਰੀਆਂ ਵਾਂਗ ਉਨ੍ਹਾਂ ਦੇ ਫੜਨ ਦਾ ਖ਼ਿਆਲ ਛੱਡ ਕੇ ਪਿਛੇ ਮੁੜ ਗਏ ਹਨ। ਉਨ੍ਹਾਂ ਨੂੰ ਯਕੀਨ ਹੋ ਗਿਆ ਸੀ ਕਿ ਉਹ ਜਿਊਦੀਆਂ ਨਹੀਂ ਰਹਿਣਗੀਆਂ। ਨਾ ਹੀ ਕੋਈ ਮਨੁੱਖ ਇਨ੍ਹਾਂ ਪਹਾੜਾਂ ਦੀਆਂ ਖੱਡਾਂ ਵਿਚ ਜੀਊਂਦੀ ਰਹਿ ਸਕਦਾ ਹੈ ਕਿਉਂਕਿ ਏਥੇ ਜਾਣ ਵਾਸਤੇ ਹੀ ਕੁਝ ਨਹੀਂ ਲਭਦਾ, ਸਗੋਂ ਉਹ ਕਿਸੀ ਜਾਨਵਰ ਦਾ ਸ਼ਿਕਾਰ ਹੋ ਗਈਆਂ ਹੋਣਗੀਆਂ ਗੁਫ਼ਾ ਦੇ ਉਪਰ ਜੋ ਪਹਾੜੀ ਹੈ ਉਸ ਤੇ ਭਿਆਨਕ ਘਣਾ ਜੰਗਲ ਹੈ, ਜਿਸ ਵਿਚ ਦੀ ਜੰਗਲੀ ਜਾਨਵਰ ਵੀ ਲੰਘਣ ਤੋਂ ਘਬਰਾਉਂਦੇ ਹਨ। ਮਨੁੱਖ ਦੀ ਜਾਤ ਤਾਂ ਉਸਨੂੰ ਚੀਰ ਕੇ ਲੰਘ ਹੀ ਨਹੀਂ ਸਕਦੀ। ਲੋਕ ਤੇ ਸਿਪਾਹੀ ਹੈਰਾਨ ਸਨ ਕਿ ਇਹ ਦੋਵੇਂ ਔਰਤਾਂ ਕਿਵੇਂ ਉਸ ਨੂੰ ਚੀਰ ਚੀਰ ਕੇ ਅਗੇ ਅਗੇ ਤੁਰੀਆਂ ਗਈਆਂ। ਉਹ ਥੋੜ੍ਹੀ ਬੁੱਧੀ ਵਾਲੇ ਮਨੁੱਖ ਸਮਝ ਬੈਠੇ ਕਿ ਇਹ ਕੋਈ ਸਾਧਾਰਨ ਔਰਤਾਂ ਨਹੀਂ ਸਗੋਂ ਕੋਈ ਕਰਣੀ ਵਾਲੀਆਂ ਦੇਵੀਆਂ ਹਨ। ਕੋਈ ਅਗੰਮੀ ਤਾਕਤ ਇਨ੍ਹਾਂ ਦੀ ਮਦਦ ਕਰ ਰਹੀ ਹੈ।

ਗੁਫ਼ਾ ਦੇ ਅਗੋਂ ਦੀ ਪਾਣੀ ਦਾ ਇਕ ਤਕੜਾ ਨਾਲਾ ਵਗਦਾ ਹੈ। ਉਸ ਨਾਲੇ ਦੇ ਪਾਰ ਫਿਰ ਕੋਈ ਸੌ ਫੁੱਟ ਉੱਚਾ ਪਹਾੜ ਹੈ ਜਿਸ ਤੇ ਚੀਲ ਬਿਆਰ ਆਦਿ ਦੇ ਲੰਮੇ-ਲੰਮੇ ਸੰਘਣੇ ਰੁੱਖ ਹਨ। ਉਸ ਨਾਲੇ ਦੇ ਦੋਹੀ-ਪਾਸੀਂ ਉੱਚੇ ਪਹਾੜ ਹੋਣ ਕਰਕੇ ਦਿਨੇ ਹੀ ਹਨੇਰਾ ਰਹਿੰਦਾ ਹੈ, ਪਰ ਰਾਤ ਪੈ ਜਾਣ ਤੇ ਤਾਂ ਕਾਲਖ ਤੋਂ ਬਿਨਾਂ ਹੋਰ ਕੁਝ ਪ੍ਰਤੀਤ ਹੀ ਨਹੀਂ ਹੁੰਦਾ।

ਜਿਵੇਂ ਸ਼ਿਕਾਰੀਆਂ ਤੋਂ ਵਿਸਾਹੁਣੀ ਕੱਢ ਕੇ ਕੋਈ ਘਰਕੀ ਹੋਈ ਹਰਨੀ ਜੀ-ਭਿਆਣੀ ਕਿਸੇ ਬਚਾਅ ਵਾਲੀ ਥਾ ਸਿਰ ਦੇਂਦੀ ਹੋਈ ਇਹ ਨਹੀਂ ਸੋਚਦੀ ਕਿ ਅਗੇ ਕੋਈ ਖੂਹ ਹੈ ਜਾਂ ਕਿਸੇ ਸ਼ੇਰ ਦਾ ਘੁਰਨਾ, ਤਿਵੇਂ ਰਾਜ ਸਿਪਾਹੀਆਂ ਕੋਲੋਂ ਡਰ ਕੇ ਦੋਵੇਂ ਇਸ ਹਨੇਰੀ ਗੁਫ਼ਾ ਵਿਚ ਵੜ ਗਈਆਂ ਸਨ। ਹੱਥਾਂ ਤੇ ਪੈਰਾ ਨਾਲ ਥਾਂ ਦੀ ਪੱਧਰ ਨੂੰ ਟੋਹ ਟੋਹ ਕੇ ਅਤੇ ਸਾਹ ਘੁੱਟ ਕੇ ਬੈਠ ਗਈਆਂ ਸਨ। ਕੁਦਰਤ ਨੇ ਉਨ੍ਹਾਂ ਦੀ ਮਦਦ ਕੀਤੀ। ਜਿਉਂ ਹੀ ਉਹ ਗੁਫ਼ਾ ਵਿਚ ਵੜੀਆਂ ਤਿਉਂ ਹੀ ਮੋਹਲੇਧਾਰ ਬਾਰਸ਼ ਹੋਣੀ ਸ਼ੁਰ ਹੋ ਗਈ। ਉਸ ਬਾਰਸ਼ ਦੇ ਫਾਂਡੇ ਦੇ ਮਾਰੇ ਸਿਪਾਹੀ ਤੇ ਜੰਗਲ ਦੇ ਭੇਤੀ ਅੱਗੇ ਨਾ ਆਏ। ਉਹ ਪਿਛੇ ਮੁੜ ਗਏ। ਚਾਰ ਦਿਨ ਹੋ ਗਏ, ਪਰ ਬਾਰਸ਼ ਨਾ ਥੰਮ੍ਹੀ, ਲਗਾਤਾਰ ਵਰ੍ਹਦੀ ਰਹੀ। ਨਾਲੇ ਵਿਚ ਬਹੁਤ ਪਾਣੀ ਆ ਗਿਆ। ਪਾਣੀ ਦੇ ਉੱਚੇ ਥਾਂ ਤੋਂ ਡਿੱਗਣ ਦਾ ਖੜਕਾਰ ਮੀਂਹ ਦੀ ਵਾਛੜ ਦੇ ਰੁੱਖਾਂ ਦੇ ਪੱਤਰਾਂ ਉਤੇ ਡਿੱਗਣ ਦੀ ਅਵਾਜ਼ ਅਤੇ ਹਵਾਂ ਦੀ ਸ਼ਾਂ ਸ਼ਾਂ ਤਿੰਨਾਂ ਮਿਲ ਕੇ ਬੜਾ ਭਿਆਨਕ ਡਰ ਪੈਦਾ ਕਰ ਦਿੱਤਾ।

ਗੁਫਾ ਦੇ ਹਨੇਰੇ ਵਿਚ ਮਹਾਰਾਣੀ ਤੇ ਗੋੱਲੀ ਦੀ ਹਾਲਤ ਬਹੁਤ ਖ਼ਰਾਬ ਸੀ। ਮਹਾਰਾਣੀ ਨੂੰ ਤਾਪ ਚੜ੍ਹਿਆ ਹੋਇਆ ਸੀ। ਤਾਪ ਵੀ ਐਸਾ ਕਾਂਬੇ ਦਾ ਕਿ ਬੇਸੁਰਤੀ ਵਿਚ "ਮੈਨੂੰ ਸੰਨ ਹੋ ਗਿਆ, ਪਾਲਾ ਬਹੁਤਾ ਹੁੰਦਾ ਹੈ" ਮਹਾਰਾਣੀ ਪਲ-ਪਲ ਪਿਛੋਂ ਕੁਰਲਾਉਂਦੀ ਸੀ। ਤਾਪ ਚੜ੍ਹਿਆ ਥਕੇਵੇਂ ਨਾਲ। ਉਪਰੋਂ ਆਈ ਬਰਸਾਤ। ਨਾਲ ਹੀ ਕਈਆਂ । ਠੰਡ ਹੱਡਾਂ ਵਿਚ ਰਚ ਗਈ। ਗੁਫ਼ਾ ਰਤਾ ਨਿੱਘੀ ਸੀ। ਮਹਾਰਾਣੀ ਪਾਸ ਕੇਵਲ ਧੋਤੀ ਸੀ, ਉਸ ਨਾਲ ਉਹਦਾ ਪਾਲਾ ਨਾ ਲੱਥਾ, ਦੰਦੋ-ੜਿੱਕੇ ਵੱਜਣ ਲੱਗੇ। ਗੋਮਤੀ ਨੇ ਆਪਣੀ ਧੋਤੀ ਖੋਲ੍ਹ ਕੇ ਵੀ ਉਸ ਉਤੇ ਪਾ ਦਿੱਤੀ ਤੇ ਆਪ ਨੰਗੀ ਹੀ ਉਸ ਨੂੰ ਘੁੱਟਣ ਲੱਗੀ। ਹਨੇਰਾ ਉਸ ਦੇ ਨੰਗੇਜ ਨੂੰ ਕੱਜਣ ਲੱਗਾ। ਉਸ ਦਾ ਭੀ ਨੰਗਾ ਤਨ ਸੀਤ ਨਾਲ ਸੌਣ ਲੱਗਾ। ਪਰ ਉਹ  ਰਤਾ ਪਰਵਾਹ ਨਾ ਕਰ ਕੇ ਮਹਾਰਾਣੀ ਦੇ ਅੰਗ ਅੰਗ ਨੂੰ ਘੁੱਟ ਕੇ ਗਰਮ ਕਰਨ ਲੱਗੀ। ਇਕ ਦੂਜੀ ਦਾ ਉਹ ਚਿਹਰਾ ਨਹੀਂ ਦੇਖ ਸਕਦੀਆਂ ਸਨ। ਬੱਸ ਟੋਹ ਕੇ  ਮਹਿਸੂਸ ਕਰਦੀਆਂ ਜਾਂ ਬੋਲ ਕੇ ਇਕ ਦੂਜੀ ਦਾ ਦੁੱਖ ਵੰਡ ਰਹੀਆਂ ਸਨ। ਚਾਰ ਦਿਨ ਗੁਫ਼ਾ ਵਿਚ ਬੈਠੀਆਂ ਨੂੰ ਹੋ ਗਏ, ਅੰਨ ਦਾ ਦਾਣਾ ਮੂੰਹ ਨਾ ਪਾਇਆ। ਪਾਣੀ ਦੀਆਂ ਚੁਲੀਆਂ ਤੇ ਹੀ ਦਿਨ ਤੇ ਰਾਤਾਂ ਕੱਟਦੀਆਂ ਰਹੀਆਂ। ਭੁੱਖ ਨਾਲ ਆਤਰ ਹੋ ਕੇ ਮੌਤ ਦੀ ਉਡੀਕ ਕਰਨ ਲੱਗੀਆਂ। ਮਹਾਰਾਣੀ ਤਾਂ ਖਿਆਲ ਕਰ ਬੈਠੀ ਕਿ ਹੁਣ ਉਹ ਨਹੀਂ ਬਚ ਸਕੇਗੀ। ਉਸ ਦੇ ਪੈਰਾਂ ਵਿਚੋਂ ਲਹੂਵਗ ਰਿਹਾ ਸੀ, ਛਾਲੇ ਅਨਗਿਣਤ ਸਨ ਤੇ ਸੋਜ ਪਈ ਹੋਈ ਸੀ। ਗੋਮਤੀ ਦੇ ਸੱਜੇ ਪੈਰ ਦਾ ਪੱਥ ਤਾਂ ਤਿਖੇ ਪੱਥਰ ਨਾਲ ਕਿੰਨਾ ਹੀ ਪਾਟ ਗਿਆ ਸੀ। ਉਸ ਵਿਚੋਂ ਲਹੂਵਗ ਰਿਹਾ ਸੀ, ਫਿਰ ਵੀ ਉਹ ਗ਼ਰੀਬਾਂ ਦੀ ਜਾਈ ਕੁਝ ਦੁਖ ਝੱਲਣ ਦੀ ਆਦੀ ਸੀ। ਮਹਾਰਾਣੀ ਨੇ ਵੀ ਬੜਾ ਹੌਂਸਲਾ ਕੀਤਾ, ਪਰ ਸਬਰ ਦੀ ਵੀ ਕੋਈ ਹੱਦ ਹੁੰਦੀ ਹੈ। ਉਨ੍ਹਾਂ ਦਾ ਕਸ਼ਟ ਅਸਹਿ ਸੀ।

"ਗੋਮਤੀ, ਤੂੰ ਅਜੇ ਮਾਂ ਨਹੀਂ ਬਣੀ। ਮਾਂ ਦੇ ਹਿਰਦੇ ਦੀ ਹਾਲਤ ਨੂੰ ਤੂੰ ਨਹੀਂ ਜਾਣਦੀ। ਮੇਰੇ ਦਲੀਪ ਦੀ ਸੂਰਤ ਇਸ ਹਨੇਰੇ ਵਿਚ ਵੀ ਮੇਰੇ ਸਾਹਮਣੇ ਚਮਕ ਰਹੀ ਹੈ, ਪਰ ਜਦੋਂ ਮੈਂ ਉਸ ਨੂੰ ਫੜਨ ਵਾਸਤੇ ਬਾਂਹ ਫੈਲਾਉਂਦੀ ਹਾਂ ਤਾਂ ਬਾਹੀਂ ਖ਼ਾਲੀ ਰਹਿ ਜਾਂਦੀਆਂ ਹਨ।"

ਤਾਪ ਦੀ ਘੂਕੀ ਵਿਚ ਮਹਾਰਾਣੀ ਬੋਲੀ ਜਾਂਦੀ ਸੀ। ਇੰਜ ਪਰਤੀਤ ਹੋਣ ਲੱਗ ਪਿਆ ਕਿ ਉਸ ਨੂੰ ਸਰਸਾਮ ਹੋ ਰਿਹਾ ਹੈ, "ਹੈ" ਗੋਮਤੀ, ਸਰਕਾਰ (ਮਹਾਰਾਜਾ ਰਣਜੀਤ ਸਿੰਘ) ਆ ਰਹੀ ਹੈ, ਇਹ ਕਿਥੋਂ ? ਐਨੇ ਸਾਲ ਦਾ ਵਿਛੋੜਾ ਦੇ ਕੇ ਅੱਜ....। ਠੀਕ ਹੋ ਸਕਦਾ ਹੈ ਕਿ ਉਹ ਇਕਰਾਰ ਪੂਰਾ ਕਰਨ ਆਏ ਹੋਣ, ਜੋ ਮਿਲਾਪ ਦੀ ਪਹਿਲੀ ਰਾਤ ਕੀਤਾ ਸੀ: "ਜਿੰਦਾਂ, ਤੂੰ ਮੇਰੀ ਜ਼ਿੰਦਗੀ ਹੈਂ। ਮੈਂ ਤੈਨੂੰ ਤੱਤੀ ਵਾ ਨਹੀਂ ਲੱਗਣ ਦਿਆਂਗਾ। ਮੇਰੀ ਜਾਨ ਤੇਰੀ ਜਾਨ ਵਿਚ ਹੈ। ਜੇ ਸੁਪਨੇ ਵਿਚ ਵੀ ਤੂੰ ਯਾਦ ਕਰੇਗੀ ਤਾਂ ਮੈਂ ਹਾਜ਼ਰ ਹੋ ਜਾਵਾਂਗਾ, ਭਾਵੇਂ ਮੈਂ ਕਿਸੇ ਦੁਨੀਆਂ ਵਿਚ ਵੀ ਕਿਉਂ ਨਾ ਹੋਵਾਂ।"

"ਓ ਮਹਾਰਾਣੀ ਜੀ! ਕੀ ਗੱਲਾਂ ਕਰ ਰਹੇ ਓ ਅਸੀਂ ਅੱਗੇ ਹੀ ਜੀਊਂਦੀਆਂ ਕਬਰ ਵਿਚ ਪਈਆਂ ਹਾਂ।" ਇਕਸਾਹ ਦੇ ਨਾਲ ਗੋਮਤੀ ਨੇ ਇਹ ਵਾਕ ਬੋਲਿਆ ਤੇ ਮਹਾਰਾਣੀ ਦੇ ਤਨ ਉੱਤੇ ਆਪਣਾ ਸਿਰ ਰੱਖ ਦਿੱਤਾ। ਪੰਜ ਸੱਤ ਮਿੰਟ ਸਿਰ ਸੁੱਟੀ ਉਹ ਰੋਂਦੀ ਰਹੀ। ਉਸ ਦੇ ਰੋਣ ਵੇਲੇ ਜਿੰਦਾਂ ਚੁੱਪ ਸੀ। ਹਨੇਰੇ ਵਿਚ ਕੁਝ ਪਤਾ ਨਹੀਂ ਸੀ ਲੱਗਦਾ। ਸ਼ਾਇਦ ਉਹ ਬੀਮਾਰੀ ਦੇ ਅਸਰ ਕਰ ਕੇ ਠੰਢੀ ਤੇ ਚੁੱਪ ਸੀ।

"ਹੇ ਅਕਾਲ ਪੁਰਖ, ਸਾਡੀ ਸਹਾਇਤਾ ਕਰੋ। ਇਸ ਵੇਲੇ ਸਾਡਾ ਕੋਈ ਨਹੀਂ, ਤੁਹਾਡੇ ਬਿਨਾਂ ਸਾਡਾ ਕੋਈ ਨਹੀਂ। ਮਹਾਰਾਣੀ ਦੀ ਜਾਨ ਬਚਾਉ!" ਗੋਮਤੀ ਨੇ ਸਿਰ ਉਪਰ ਕੀਤਾ, ਦੋਵੇਂ ਹੱਥ ਜੋੜੇ ਤੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂਅਰਜਨ ਦੇਵ ਜੀ ਦੇ ਇਸ ਮਹਾਂ ਵਾਕ ਕੇ ਰਾਹੀਂ ਅਰਦਾਸ ਵਿਚ ਜੁੜ ਗਈ:-

ਜਨ ਕੀ ਪੈਜ ਸਵਾਰੀ ਆਪ ॥
ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ
ਉਤਰਿ ਗਇਓ ਸਭੁ ਤਾਪ ॥੧ਦ॥ ਰਹਾਉ॥
ਹਰਿਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ ॥
ਮਿਟੀ ਬਿਆਧਿ ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ ॥੧॥
ਅੰਗੀਕਾਰੁ ਕੀਓ ਮੇਰੈ ਕਰਤੈ ਗੁਰ ਪੂਰੇ ਕੀ ਵਡਿਆਈ ॥
ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ ॥2॥

... ... ...

ਨਾਨਕ ਸਰਣਿ ਤੁਮਾਰੀ ਕਰਤੇ ਤੂੰ ਪ੍ਰਭ ਪ੍ਰਾਣ ਅਧਾਰ ॥
ਹੋਇ ਸਹਾਈ ਜਿਸੁ ਤੂੰ ਰਾਖਹਿ ਤਿਸੁ ਕਹਾ ਕਰੇ ਸੰਸਾਰੁ ॥

ਗੁਜਰੀ ਮ: 5

ਮਨ ਦੀ ਇਕਾਗਰਤਾ ਟੁੱਟ ਗਈ ਤੇ ਫਿਰ ਇਉਂ ਤਰਲੇ ਲੈਣ ਲੱਗੀ, ਇਨ੍ਹਾਂ ਦੀ ਜਾਨ ਬਹੁਤ ਕੀਮਤੀ ਹੈ, ਜੇ ਇਹ ਪੁੱਤਰ-ਮਿਲਾਪ ਤੋਂ ਪਹਿਲਾਂ ਤੁਰ ਗਈ ਤਾਂ ਇਸ ਦੀ ਰੂਹ ਇਸੇ ਦੁਨੀਆਂ ਵਿਚ ਭਟਕਦੀ ਫਿਰੇਗੀ। ਹੇ ਦੀਨਾ ਨਾਥ ਦਿਆਲੂ! ਸਾਡੇ ਤੇ ਮਿਹਰ ਕਰੋ। ਤੂੰ ਪੱਥਰਾਂ ਵਿਚ ਕੀੜਿਆਂ ਨੂੰ ਜਿਊਂਦਾ ਰੱਖਦਾ ਹੈਂ, ਪਾਣੀ ਵਿਚਲੇ ਜੀਵ ਤੁਹਾਡੇ ਆਸਰੇ ਹਨ- ਦੋ ਦਿਨ ਹੋਰ ਇਸ ਦੀ ਜਾਨ ਬਖ਼ਸ਼ੀ ਕਰੋ। ਬਰਸਾਤ ਬੰਦ ਕਰੋ, ਤਾਕਿ ਮੈਂ ਕੋਈ ਚਾਰਾ ਕਰ ਕੇ ਖਾਣ ਵਾਸਤੇ ਕੁਝ ਲੈ ਆਵਾਂ। ਓ ਦਾਤਾ, ਤੁਹਾਡੇ ਘਰ ਕੋਈ ਘਾਟ ਨਹੀਂ। ਓ ਪ੍ਰਾਣ ਨਾਥ ਜੀਓ, ਮਿਹਰ ਕਰੋ। ਸਾਡੇ ਪਾਪਾਂ ਵਲ ਨਾ ਵੇਖੋ, ਆਪਣਾ ਬਿਰਦ ਪਾਲੋ!" ਉਸ ਦੀ ਅਰਦਾਸ ਇਨ੍ਹਾਂ ਸ਼ਬਦਾਂ ਨਾਲ ਗੂੰਜ ਉੱਠੀ। ਇੰਜ ਜਾਪਣ ਲੱਗਾ ਜਿਵੇਂ ਗੁਫ਼ਾ ਦਾ ਇਕ ਇਕ ਪੱਥਰ ਗੋਮਤੀ ਦੀ ਜ਼ਬਾਨ ਬਣ ਕੇ ਅਰਦਾਸ ਇਨ੍ਹਾਂ ਸ਼ਬਦਾਂ ਨਾਲ ਗੂੰਜ ਉੱਠੀ। ਇੰਜ ਜਾਪਣ ਲੱਗਾ ਜਿਵੇਂ ਗੁਫ਼ਾ ਦਾ ਇਕ ਇਕ ਪੱਥਰ ਗੋਮਤੀ ਦੀ ਜ਼ਬਾਨ ਬਣ ਕੇ ਅਰਦਾਸ ਕਰਨ ਲਗ ਪਿਆ ਹੈ।

ਮਹਾਰਾਣੀ ਬਹੁਤ ਤੰਗ ਸੀ। ਫਿਰ ਵੀ ਉਹ ਹੌਲੀ-ਹੌਲੀ ਉਪਰ ਉੱਠੀ। ਉਸ ਨੇ ਬੈਠਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਉੱਠਦੀ ਹੋਈ ਦੇਖ ਕੇ ਗੋਮਤੀ ਬੋਲੀ, "ਮਹਾਰਾਣੀ ਜੀ, ਲੇਟੇ ਰਹੋ। ਅਕਾਲ ਪੁਰਖ ਸਾਡੀ ਜ਼ਰੂਰ ਸਹਾਇਤਾ ਕਰੇਗਾ। ਲੋਅ ਲਗ ਰਹੀ ਹੈ, ਬਾਹਰ ਚਾਨਣ ਪਰਤੀਤ ਹੁੰਦਾ ਹੈ। ਹੋ ਸਕਦਾ ਹੈ ਰਾਤ ਲੰਘ ਗਈ ਹੋਵੇ ਤੇ ਦਿਨ ਚੜ੍ਹਨ ਲੱਗ ਹੋਵੇ। ਇਹ ਰਾਤ ਸ਼ਾਇਦ ਸਾਡੇ ਦੁੱਖਾਂ ਦੀ ਅੰਤਮ ਰਾਤ ਹੈ। ਮੇਰੀ ਜ਼ਬਾਨ ਤੇ ਛਾਲੇ ਪੈ ਗਏ ਹਨ। ਭੁੱਖ ਨਾਲ ਤਨ ਵਿਚ ਸਾਹ ਸਤ ਨਹੀਂ ਰਿਹਾ। ਲੇਟੇ ਰਹੋ, ਹੋਰ ਥੋੜ੍ਹਾ ਚਿਰ ਸਬਰ ਦਾ ਆਸਰਾ ਲਵੋ।"

"ਮੈਨੂੰ ਉਪਰ ਉੱਠਣੋਂ ਨਾ ਰੋਕ, ਸਗੋਂ ਉਠਾ! ਆਸਰਾ ਦੇਹ!" ਮਹਾਰਾਣੀ ਬੋਲੀ ਉਸਦਾ ਸੰਘ ਖ਼ੁਸ਼ਕ ਹੋਣ ਕਰਕੇ ਅਤੇ ਜ਼ਬਾਨ ਉਤੇ ਭੁੱਖ ਤੇ ਬੁਖ਼ਾਰ ਨਾਲ ਛਾਲੇ ਪੈਣ ਕਾਰਨ ਬੋਲਿਆ ਨਹੀਂ ਸੀ ਜਾਂਦਾ। ਫਿਰ ਵੀ ਭਾਰੀ ਅਵਾਜ਼ ਵਿਚ ਹੌਲੀ-ਹੌਲੀ ਬੋਲੀ, "ਮੇਰੇ ਅੰਦਰੋਂ ਇਕ ਹੂਕ ਉੱਠ ਰਹੀ ਹੈ। ਕਿ ਜਿੰਦਾਂ ਅਰਦਾਸ ਕਰ, ਅਕਾਲ ਪੁਰਖ ਅੱਗੇ ਅਰਦਾਸ ਕਰ। ਤੇਰੀ ਅਰਦਾਸ ਨੇ ਮੇਰੇ ਮੁਰਦਾ ਸਰੀਰ ਵਿਚ ਰਤਾ ਜਾਨ ਲਿਆਂਦੀ ਹੈ। ਉਠਾ ਮੈਨੂੰ! ਆਸਰਾ ਦੇ ਮੈਂ ਅਰਦਾਸ ਕਰਾਂ।"

ਗੋਮਤੀ ਦੇ ਰੋਕਣ ਤੇ ਵੀ ਮਹਾਰਾਣੀ ਨਾ ਰੁੱਕੀ। ਉਸ ਦਾ ਆਸਰਾ ਲੈ ਕੇ ਬੈਠ ਗਈ। ਉਸ ਨੇ ਅੱਖਾਂ ਮਲ ਕੇ ਦੇਖਿਆ, ਗੁਫ਼ਾ ਦੇ ਮੂੰਹ ਵਲ ਚਾਨਣ ਦੀਆਂ ਕਿਰਨਾਂ ਸਨ। ਉਸ ਨੇ ਹੱਥ ਜੋੜੇ ਤੇ ਹੌਲੀ ਹੌਲੀ ਇਉਂ ਕਹਿਣ ਲੱਗੀ:-

ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘ ਨਾਸ ॥ ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣਤਾਸ ॥
ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥ ਹੇ ਗੋਬਿੰਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ ॥
ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ ॥ ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਅਧਾਰ ॥
ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ ॥ ਨਾਨਕ ......

'ਨਾਨਕ' ਸ਼ਬਦ ਅਜੇ ਪੂਰਾ ਨਹੀਂ ਸੀ ਨਿਕਲਿਆ ਕਿ ਗੁਫ਼ਾ ਦੇ ਬੂਹੇ ਅੱਗੋਂ ਅਵਾਜ਼ ਆਈ, "ਅਕਾਲ, ਤੂੰ ਹੀ ! ਤੂੰ ਹੀ ! ਅਕਾਲ ਤੂੰ ਹੀ !" ਦੋਹਾਂ ਦੇ ਸਾਹ ਰੁੱਕ ਗਏ। ਦੋਹਾਂ ਨੇ ਇਕ ਦੂਜੀ ਵਲ ਦੇਖਿਆ, ਪਰ ਹਨੇਰੇ ਦੇ ਕਾਰਨ ਕੋਈ ਵੀ ਕਿਸੇ ਨੂੰ ਨਾ ਦੇਖ ਸਕੀ। ਦੋਹਾਂ ਦੇ ਦਿਲ ਬੇ-ਤਰਤੀਬੇ ਧੜਕਣ ਲੱਗੇ, ਅੱਖਾਂ ਦੇਖਣ ਵਾਸਤੇ ਤੜਪੀਆਂ, ਕੰਨ ਚੌਕੰਨ ਹੋ ਕੇ ਵੌੜ ਲੈਣ ਲੱਗੇ ਕਿ ਕੌਣ ਆਇਆ। ਮਿੱਤਰ ਕਿ ਵੈਰੀ, ਮਦਦੀ ਕਿ ਕਾਤਿਲ। ਮਨੁੱਖੀ ਪੈਰ ਦੇ ਤੁਰਨ ਦੀ ਵੌੜ ਆਈ। ਨਾਲ ਹੀ 'ਅਕਾਲ ਤੂੰ ਹੀ' ਦੀ ਸੱਦ ਨਾਲ ਗੁਫ਼ਾ ਗੂੰਜ ਪਈ। ਮਹਾਰਾਣੀ ਤੇ ਗੋਮਤੀ ਦੀ ਡਰ ਰਹੇ ਹਿਰਦਿਆਂ ਵਿਚੋਂ ਵੀ ਇਹੋ ਅਵਾਜ਼ ਨਿਕਲੀ, ਅਕਾਲ ਤੂੰ ਹੀ ਤੂੰ।"

ਗੋਮਤੀ ਨੰਗੀ ਸੀ, ਉਸ ਨੇ ਛੇਤੀ ਨਾਲ ਆਪਣੀ ਧੋਤੀ ਦਾ ਪੱਲਾ ਮਹਾਰਾਣੀ ਦੇ ਉਪਰੋਂ ਖਿਚਿਆ ਤੇ ਆਪਣੇ ਨੰਗੇਜ ਨੂੰ ਕੱਜ ਲਿਆ। ਦੋਵੇਂ ਇਕ ਦੂਜੀ ਨੂੰ ਘੁਟਦੀਆਂ ਤੇ ਡਰ ਨਾਲ ਸੁੰਗੜੀਆਂ ਹੋਈਆਂ ਆਉਣ ਵਾਲੇ ਸਮੇਂ ਦੀ ਉਡੀਕ ਕਰਨ ਲੱਗੀਆਂ। ਬੜਾ ਹੌਂਸਲਾ ਕੀਤਾ, ਸਾਹ ਰੋਕਿਆ, ਹੋਸ਼ ਵਿਚ ਰਹਿਣ ਦਾ ਯਤਨ ਕੀਤਾ। ਪਰ ਜਿਉਂ ਹੀ ਇਕ-ਦਮ ਤੇ ਅਚਾਨਕ ਇਕ ਅੱਗ ਦੀ ਲਾਟ ਗੁਫ਼ਾ ਵਿਚ ਬਲਦੀ ਦੇਖੀ ਜੋ ਨਾ ਛੱਤ ਉਤੇ ਸੀ ਤੇ ਨਾ ਫਰਸ਼ ਤੇ, ਸਗੋਂ ਵਿਚਕਾਰ ਤਾਂ ਗੋਮਤੀ ਦੀਆਂ ਡਾਡਾਂ ਨਿਕਲ ਗਈਆਂ ਤੇ ਬੇਸੁਰਤ ਹੋ ਕੇ ਡਿੱਗ ਪਈ, ਅਤੇ ਘਬਰਾਹਟ ਨਾਲ ਮਹਾਰਾਣੀ ਦੀਆਂ ਅੱਖਾਂ ਮੀਟੀਆਂ ਗਈਆਂ।

## ਕਾਂਡ-8

"ਯੇ ਅਗਨੀ ਕਈ ਸੌ ਸਾਲ ਸੇ ਜਲ ਰਹੀ ਹੈ, ਸ਼ਾਇਦ ਮੱਨੁਖੀ ਜੀਵਨ ਕੇ ਸਾਥ ਹੀ ਇਨ ਕਾ ਜਨਮ ਹੂਆ ਥਾ। ਇਸ ਅਸਥਾਨ ਪਰ ਆਈ ਕੋ ਤੀਨ ਸੌ ਸਾਲ ਹੂਆ ਹੈ। ਹਮਾਰੇ ਗੁਰਦੇਵ ਇਸ ਕੋ ਅਮਰ ਕਰਤੇ ਆਏ ਹੈਂ ਔਰ ਹਮ ਭੀ ਯਤਨ ਕਰਤੇ ਹੈਂ ਕਿ ਯਿਹ ਮੱਧਮ ਨਾ ਹੋ। ਜਿਸ ਰੋਜ਼ ਯਿਹ ਜੁਆਲਾ ਠੰਡੀ ਹੋ ਜਾਏਗੀ, ਉਸ ਦਿਨ ਗੁਫ਼ਾ ਬੰਦ ਹੋ ਜਾਏਗੀ।" ਅੱਗ ਵਿਚ ਇਕ ਲੱਕੜ ਰਖਦਾ ਹੋਇਆ ਸਾਧੂ ਬੋਲਿਆ।

ਜਿਸ ਗੁਫ਼ਾ ਵਿਚ ਮਹਾਰਾਣੀ ਤੇ ਗੋਮਤੀ ਭੁੱਖ ਨਾਲ ਜਾਨਾਂ ਤੋੜ ਰਹੀਆਂ ਸਨ, ਉਹ ਇਕ ਜੋਗੀ-ਸਾਧੂ ਦਾ ਅਸਥਾਨ ਸੀ। ਉਹ ਕਈ ਦਿਨ ਤੋਂ ਬਾਹਰ ਗਿਆ ਹੋਇਆ ਸੀ। ਬਰਸਾਤ ਦੀ ਵਜ੍ਹਾ ਕਰਕੇ ਵਾਪਸ ਅਪੜ ਨਾ ਸਕਿਆ, ਚੌਥੇ ਦਿਨ ਬਰਸਾਤ ਰੁਕੀ ਤਾਂ ਉਹ ਆਪਣੇ ਅਸਥਾਨ ਵਲ ਆਇਆ। ਉਹ ਜਦੋਂ ਵੀ ਇਸ ਹਨੇਰੀ ਗੁਫ਼ਾ ਵਿਚ ਵੜਨ ਲਗਦਾ ਸੀ ਤਾਂ ਉੱਚੀ ਸਾਰੀ "ਅਕਾਲ ਤੂੰ ਹੀ" ਦਾ ਨਾਹਰਾ ਲਾਉਂਦਾ ਸੀ। ਤਾਂ ਕਿ ਜੇ ਕੋਈ ਅੰਦਰ ਜਾਨਵਰ ਆ ਵੜਿਆ ਹੋਵੇ ਤਾਂ ਉਹ ਬੋਲੇ, ਹਿੱਲੇ ਜਾਂ ਤੁਰ ਜਾਏ। ਦੂਸਰਾ ਉਨ੍ਹਾਂ ਦੇ ਬਜ਼ੁਰਗ ਗੁਰਦੇਵ ਨੇ ਇਕ ਜੰਗਲ ਦੀ ਬੂਟੀ ਦੱਸੀ ਹੋਈ ਸੀ, ਜਿਸ ਦੇ ਪੱਤਿਆਂ ਨੂੰ ਹੱਥ ਵਿਚ ਮਰੋੜਨ ਨਾਲ ਇਕ ਲਾਟ ਬਲ ਪੈਂਦੀ ਸੀ। ਉਸ ਲਾਟ ਦੀ ਰੌਸ਼ਨੀ ਨਾਲ ਉਹ ਗੁਫ਼ਾ ਦੀ ਹਰ ਨੁੱਕਰ ਦੇਖ ਕੇ ਅਗਨ ਕੁੰਡ ਕੋਲ ਚਲੇ ਜਾਂਦੇ ਸਨ। ਇਹ ਬੂਟੀ ਤੇ ਇਹਦੇ ਬਾਲਣ ਦਾ ਗਿਆਨ ਇਨ੍ਹਾਂ ਸਾਧੂਆਂ ਦੀ ਗੁਰ-ਪ੍ਰਨਾਲੀ ਵਿਚ ਵਿਰਸੇ ਦੇ ਤੌਰ ਤੇ ਤੁਰਿਆ ਆਉਂਦਾ ਸੀ। ਸਾਧੂ ਨੇ ਆਉਂਦਿਆਂ ਹੀ ਉਸ ਬੂਟੀ ਨੂੰ ਮਲ ਕੇ ਚਾਨਣ ਕੀਤਾ ਸੀ। ਜਿਸ ਨਾਲ ਗੋਮਤੀ ਡਰ ਕੇ ਬੇਸੁਰਤ ਹੋ ਗਈ ਸੀ ਤੇ ਮਹਾਰਾਣੀ ਘਬਰਾ ਗਈ ਸੀ।

ਸਾਧੂਨੇ ਜਦੋਂ ਅੱਗੇ ਹੋ ਕੇ ਦੇਖਿਆ ਕਿ ਦੋ ਇਸਤਰੀਆਂ ਮਮੂਲੀ ਕਪੜਿਆਂ ਵਿਚ ਇਕ ਦੂਸਰੀ ਦਾ ਆਸਰਾ ਲੈ ਕੇ ਪਈਆਂ ਹਨ ਤਾਂ ਉਹ ਹੈਰਾਨ ਹੋ ਗਿਆ। ਉਨ੍ਹਾਂ ਵਲ ਕਿੰਨਾ ਚਿਰ ਦੇਖਦਾ ਰਿਹਾ। ਉਸ ਦੀ ਬੂਟੀ ਦੀ ਲਾਟ ਬੁਝ ਚਲੀ ਸੀ, ਛੇਤੀ ਨਾਲ ਅਗੇ ਹੋਇਆ ਤੇ ਅਗਨ-ਕੁੰਡ ਵਿਚ ਲਕੜ ਸੁਟ ਕੇ ਅੱਗ ਬਾਲ ਕੇ ਚਾਨਣ ਕਰ ਲਿਆ। ਮੁੜ ਉਨ੍ਹਾਂ ਦੇ ਕੋਲ ਆ ਕੇ ਅਵਾਜ਼ ਦੇ ਕੇ ਬੋਲਿਆ, "ਦੇਵੀਓ, ਗੁਰਦੇਵ ਦਾ ਨਾਮ ਲੇ ਕਰ ਮੈਂ ਤੁਮੇ ਪੂਛਤਾ, ਹੂੰ, ਆਪ ਕੌਣ ਹੈ? ਯਹਾਂ ਕਿਸ ਲੀਏ ਆਈ ਹੋ, ਕਿਆ ਤੁਮਾਰੇ ਸਿਰ ਪਰ ਕੋਈ ਬਿਪਤਾ ਹੈ?"

ਮਹਾਰਾਣੀ ਨੇ ਹੌਲੀ-ਹੌਲੀ ਅੱਖਾਂ ਖੋਲ੍ਹ ਕੇ ਵੇਖਿਆ। ਇਕ ਬਜ਼ੁਰਗ ਉਸ ਦੇ ਸਾਹਮਣੇ ਖਲੋਤਾ ਹੈ। ਉਸ ਦੀ ਦਾੜ੍ਹੀ ਤੇ ਸਿਰ ਦੇ ਵਾਲ ਦੁੱਧ ਚਿੱਟੇ ਖਿਲਰੇ ਹੋਏ ਹਨ। ਗਲ ਵਿਚ ਮਾਲਾ ਤੇ ਉਦਾਲੇ ਸ਼ੇਰ ਦੀ ਖੱਲ ਪਾਈ ਹੋਈ ਹੈ। ਅੱਖਾਂ ਵਿਚ ਦਇਆ ਦੀ ਚਮਕ ਤੇ ਚਿਹਰੇ ਤੇ ਰੱਬੀ ਨੂਰ। ਉਹ ਸਮਝ ਗਈ ਕੋਈ ਸਾਧੂ ਹੈ, ਉਹ ਵੀ ਨੇਕ ਤੇ ਭਗਤੀ ਵਾਲਾ।

"ਬਾਬਾ ਜੀ" ਮਹਾਰਾਣੀ ਦੋਵੇਂ ਹੱਥ ਜੋੜ ਕੇ ਬੜੀ ਔਖਿਆਈ ਨਾਲ ਬੋਲੀ, "ਸਾਡੀ ਬਿਪਤਾ ਕੀ ਕਥਾ ਬਹੁਤ ਲੰਮੀ ਹੈ, ਮੁਝੇ ਬੁਖਾਰ ਚੜ੍ਹ ਰਹਾ ਹੈ, ਯੇਹ ਮੇਰੀ ਸਾਥਣ ਔਰ ਭੁੱਖ ਸੇ ਮਰ ਰਹੀ ਹੈ। ਤਬੀ ਡਰ ਨਾਲ ਬੇਸੁਰਤ ਹੋ ਗਈ ਹੈ। ਇਸ ਸੇ ਆਗੇ ਹਮ ਅਬੀ ਕੁਝ ਨਹੀਂ ਬਤਾ ਸਕਤੇ, ਹਮ ਨਿਰਬਲ ਹੈਂ। ਮੌਤ ਹਮਾਰੇ ਗਲੇ ਘੁਟ ਰਹੀ ਹੈ।" ਮਹਾਰਾਣੀ ਨੇ ਬੜਾ ਜਤਨ ਕੀਤਾ ਕਿ ਕੀ ਉਹ ਹਿੰਦੁਸਤਾਨੀ ਵਿਚ ਬੋਲੇ ਜਿਵੇਂ ਉਹ ਅਗੇ ਹਿੰਮਤ ਤੇ ਨਕਲ ਕਰਦੀ ਰਹੀ ਤਾਂ ਕਿ ਉਸ ਨੂੰ ਕੋਈ ਪਛਾਣ ਨਾ ਸਕੇ ਕਿ ਉਹ ਪੰਜਾਬਣ ਹੈ।

ਜਿੰਨਾ ਚਿਰ ਮਹਾਰਾਣੀ ਬੋਲਦੀ ਰਹੀ, ਸਾਧੂ ਤਾੜੀ ਲਾ ਕੇ ਉਸ ਦੇ ਚਿਹਰੇ ਵਲ ਵੇਖਦਾ ਰਿਹਾ। ਉਸ ਨੇ ਉਹਦੇ ਮੱਥੇ ਨੂੰ ਦੇਖ ਕੇ ਕਿਹਾ, "ਬਿਧਾਤਾ ਕੇ ਰੰਗ ਨਿਆਰੇ ਹੈਂ ਵੋਹ ਰਾਉ ਕੋ ਰੰਕ ਕਰ ਦੇਤਾ ਹੈ। ਆਪ ਕੋ ਬੁਖ਼ਾਰ ਹੈ?"

"ਹਾਂ ਜੀ।"

"ਯੇਹ ਅਬੀ ਦੂਰ ਹੋ ਜਾਏਗਾ, ਗੁਰਦੇਵ ਕੀ ਕ੍ਰਿਪਾ ਸੇ।" ਉਹ ਪਿਛੇ ਮੁੜ ਪਿਆ। ਮਹਾਰਾਣੀ ਨੇ ਪਾਸਾ ਮੋੜ ਕੇ ਅੱਗ ਦੇ ਚਾਨਣ ਵਿਚ ਦੇਖਿਆ, ਗੁਫ਼ਾ ਬਹੁਤ ਲੰਮੀ ਤੇ ਚੌੜੀ ਹੈ। ਉਸ ਦੇ ਵਿਚਕਾਰ ਅੱਗ ਬਲ ਰਹੀ ਹੈ ਤੇ ਅਗਲੀ ਕੰਧ ਦੇ ਕੋਲ ਜਾ ਕੇ ਇਕ ਆਲੇ ਜਹੇ ਵਿਚੋਂ ਸਾਧੂਨੇ ਇਕ ਸੁਕੀ ਹੋਈ ਬੂਟੀ ਲਿਆਂਦੀ ਤੇ ਮਲ ਕੇ ਉਸ ਦੀ ਫੱਕੀ ਬਣਾ ਕੇ ਮਹਾਰਾਣੀ ਨੂੰ ਦੇਂਦਾ ਹੋਇਆ ਬੋਲਿਆਂ, "ਇਸ ਕੋ ਖਾ ਜਾਓ, ਥੋੜੇ ਸਮੇਂ ਮੇਂ ਤਾਪ ਦੂਰ ਹੋ ਜਾਏਗਾ। ਇਸ ਕੋ ਭੀ ਉਠਾਓ ਔਰ ਅਗਨੀ ਕੇ ਨਜ਼ਦੀਕ ਕਰੋ।"

ਮਹਾਰਾਣੀ ਨੇ ਬੂਟੀ ਤਲੀ ਤੇ ਪਵਾ ਕੇ ਫੱਕੀ ਮਾਰ ਲਈ। ਉਹ ਕੁਝ ਕੌੜੀ ਜਿਹੀ ਸੀ। ਮੁੜ ਗੋਮਤੀ ਨੂੰ ਹੋਸ਼ ਵਿਚ ਲਿਆਉਣ ਵਾਸਤੇ ਉਸਨੂੰ ਅਵਾਜ਼ਾਂ ਦੇਣ ਲੱਗੀ, ਪਰ ਉਹ ਐਨੀ ਡਰ ਗਈ ਸੀ ਕਿ ਬੇਸੁਰਤੀ ਵਿਚ ਉਸਨੂੰ ਦੰਦਨ ਪੈ ਗਈ ਸੀ। ਸਾਧੂਨੇ ਦੰਦਣ ਤੋੜੀ ਤੇ ਅੱਗ ਦੇ ਨੇੜੇ ਕਰ ਦਿੱਤਾ। ਮਹਾਰਾਣੀ ਵੀ ਬੜੀ ਮੁਸ਼ਕਲ ਨਾਲ ਅੱਗ ਦੇ ਕੋਲ ਗਈ।

"ਹਮ ਨੇ ਕਈ ਦਿਨ ਸੇ ਕੁਝ ਨਹੀਂ ਖਾਇਆ, ਕਿਆ ਕੁਝ ਖਾਣੇ ਵਾਸਤੇ ਮਿਲ ਸਕਦਾ ਹੈ? ਮਹਾਰਾਣੀ ਨੇ ਬੜੇ ਤਰਲੇ ਨਾਲ ਬੇਨਤੀ ਕੀਤੀ।

"ਹੂੰ" ਆਖ ਕੇ ਉਹ ਉਠਿਆ ਤੇ ਉਸੇ ਹੀ ਆਲੇ ਵਲ ਗਿਆ ਉਥੋਂ ਪਾ ਕੁ ਭੁਜੇ ਹੋਏ ਚਣੇ ਤੇ ਸੁਕੇ ਹੋਏ ਕੁਝ ਫਲ ਜੋ ਬੇਰਾਂ ਨਾਲੋਂ ਰਤਾ ਮੋਟੇ ਸਨ, ਲੈ ਆਇਆ। "ਸਾਧੂਓਂ ਕੇ ਪਾਸ ਤੋ ਕੰਦ-ਮੂਲ ਹੀ ਰੋਤਾ ਹੈ, ਦੁਨਿਆਵੀ ਪਦਾਰਥ ਤੋ ਯਹਾ ਆਤੇ ਨਹੀਂ। ਆਖ ਕੇ ਉਸ ਨੇ ਉਹ ਚੀਜ਼ਾਂ ਉਨ੍ਹਾਂ ਦੇ ਪੱਲਿਆਂ ਵਿਚ ਪਾ ਦਿੱਤੀਆਂ: ਤੇ ਆਪ ਵੀ ਅਗਨ -ਕੁੰਡ ਦੇ ਇਕ ਪਾਸੇ ਬੈਠ ਗਿਆ।

ਉਹ ਦੋਵੇਂ ਕਈ ਚਿਰ ਦੀਆਂ ਭੁੱਖੀਆਂ ਸਨ। ਕਈ ਚਿਰ ਦੇ ਠੰਢੇ ਭੁਜੇ ਹੋਏ ਚਣੇ ਉਨ੍ਹਾਂ ਨੂੰ ਬਹੁਤ ਸੁਆਦ ਲਗਣ ਲੱਗੇ, ਪਰ ਜੋ ਬੇਰਾਂ ਵਰਗਾ ਫਲ ਸੀ ਉਸ ਨੂੰ ਖਾਂਦਿਆਂ ਹੋਇਆਂ ਤਾਂ ਨਿਰਬਲ ਤਨ ਵਿਚ ਜਾਨ ਆ ਰਹੀ ਸੀ। ਇਕ ਖਾਣ ਨੂੰ ਮਿਲ ਗਿਆ ਤੇ ਦੂਸਰਾ ਅੱਗ ਸੇਕਣ ਵਾਸਤੇ ਅਤੇ ਤੀਸਰਾ ਵੈਰੀ ਦਾ ਡਰ ਦੂਰ ਹੋ ਗਿਆ। ਇਨ੍ਹਾਂ ਕਾਰਨਾਂ ਕਰਕੇ ਉਹ ਮੋਈਆਂ ਜੀ ਪਈਆਂ। ਅਕਾਲ ਪੁਰਖ ਨੇ ਉਨ੍ਹਾਂ ਦੀਆਂ ਅਰਦਾਸਾਂ ਸੁਣ ਲਈਆਂ। ਇਕ ਯੋਗ ਮਦਦੀ ਭੇਜ ਦਿੱਤਾ। ਉਹ ਤਾਂ ਮਨ ਹੀ ਵਿਚ ਸਮਝਣ ਲਗੀਆਂ ਕਿ ਅਕਾਲ ਪੁਰਖ ਆਪ ਹੀ ਸਾਧੂ ਦਾ ਰੂਪ ਧਾਰ ਕੇ ਉਨ੍ਹਾਂ ਦੀ ਸਹਾਇਤਾ ਵਾਸੇਤ ਆ ਗਿਆ ਹੈ। ਇਹੋ ਸ਼ੱਕ ਦੂਰ ਕਰਨ ਵਾਸਤੇ ਗੋਮਤੀ ਨੇ ਸਾਧੂ ਤੇ ਸੁਆਲ ਕੀਤੇ, "ਇਹ ਅੱਗ ਕਦੋਂ ਦੀ ਏਥੇ ਬਲਦੀ ਹੈ? ਇਹ ਗੁਫ਼ਾ ਕਿਸ ਦੀ ਹੈ? ਕੀ ਤੁਸੀਂ ਏਥੇ ਹੀ ਰਹਿੰਦੇ ਓ?"

ਏਸੇ ਉੱਤਰ ਵਿਚ ਸਾਧੂ ਨੇ ਕਿਹਾ, "ਯੇ ਅਗਨੀ ਕਈ ਸੌ ਸਾਲ ਸੇ ਜਲ ਰਹੀ ਹੈ।"

ਮਹਾਰਾਣੀ ਨੇ ਬੜੇ ਧਿਆਨ ਨਾਲ ਦੇਖਿਆ ਕਿ ਇਸ ਸਾਧੂ ਦੀ ਸ਼ਕਲ ਸੂਰਤ ਪੰਜਾਬੀਆਂ ਵਰਗੀ ਹੈ। ਡੀਲ-ਡੌਲ ਤੇ ਕੱਦ-ਕਾਠ ਦੇ ਵੀ ਭਾਰੇ ਹਨ। ਉਹ ਹੌਲੀ ਜਹੀ ਪੁਛ ਬੈਠੀ, "ਬਾਬਾ ਜੀ, ਆਪ ਕੀ ਜਨਮ-ਭੂਮੀ ਕਹਾਂ ਹੈ?"

"ਸਾਰਾ ਸੰਸਾਰ ਹੀ ਸਾਧੂ ਕੀ ਜਨਮ-ਭੂਮੀ ਹੈ।"

"ਫਿਰ ਵੀ, ਭਗਵਾਨ ਦੀ ਮਾਯਾ ਸੇ, ਜਹਾਂ ਜਨਮ ਹੂਆ ਹੈ, ਵੋਹ ਅਸਥਾਨ ਭੀ ਤੋ ਕੋਈ ਹੋਗਾ ਨਾ!"

"ਪੰਜਾਬ ਦੇਸ ਮੈਂ ਏਕ ਸਿਆਲਕੋਟ ਸ਼ਹਿਰ ਹੈ, ਜੋਗੀ ਪੂਰਨ ਕਾ।"

"ਜੀ।"

"ਉਸ ਕੇ ਪਾਸ ਹੀ ਏਕ ਗਾਉਂ ਹੈ, ਉਗੋਕੇ। ਵਹਾਂ ਮਾਤਾ ਨੇ ਮੁਝ ਜਨਮ ਦੀਆ ਥਾ ਆਜ ਸੌ ਸਾਲ ਕੀ ਬਾਤ ਹੈ।"

"ਆਪ ਕੀ ਉਮਰ ਸੌ ਸਾਲ ਕੀ ਹੈ?"

"ਐਸਾ ਹੀ ਹੈ।"

"ਇਹ ਪੰਜਾਬੀ ਸਾਧੂ ਹੈ," ਮਨ ਹੀ ਮਨ ਮਹਾਰਾਣੀ ਸੋਚਣ ਲਗੀ, ਇਹ ਜ਼ਰੂਰ ਮਦਦ ਕਰੇਗਾ। ਵੈਸੇ ਵੀ ਭਲਾ ਲੋਕ ਪ੍ਰਤੀਤ ਹੁੰਦਾ ਹੈ। ਇਸ ਨੂੰ ਆਪਣੀ ਕਹਾਣੀ ਸੁਣ ਕੇ ਹਮਦਰਦੀ ਹਾਸਲ ਕਰਨੀ ਚਾਹੀਏ।" ਪਰਗਟ ਤੌਰ ਤੇ ਬੋਲੀ, "ਬਾਬਾ ਜੀ, ਆਪ ਪੰਜਾਬ ਸੇ ਕਬ ਆਏ ਹੈਂ?"

"ਨੌਂ ਬਰਸ ਸੇ ਉਪਰ ਹੋਨੇ ਲਗੇ ਹੈਂ।"

"ਆਪ ਸਾਧੂ ਕਬ ਹੂਏ?"

"ਜਬ ਸੇ ਪੰਜਾਬ ਛੋੜਾ।"

"ਪਹਿਲਾ ਕਿਆ ਕਰਤੇ ਥੇ?"

"ਪੰਜਾਬ ਮੇਂ ਏਕ ਮਹਾਰਾਜਾ ਰਣਜੀਤ ਸਿੰਘ ਥਾ, ਬਹੁਤ ਅੱਛਾ ਮਹਾਰਾਜਾ।"

ਆਪਣੇ ਪਤੀ ਦੀ ਵਡਿਆਈ ਤੇ ਉਸ ਦਾ ਨਾਂ ਸੁਣ ਕੇ ਮਹਾਰਾਣੀ ਦੇ ਸਾਰੇ ਸਰੀਰ ਵਿਚ ਇਕ ਖ਼ੁਸ਼ੀ ਦੀ ਲਹਿਰ ਦੌੜ ਗਈ।

"ਉਸ ਕੀ ਫ਼ੌਜ ਮੇਂ ਮੈਂ ਸਿਪਾਹੀ ਥਾ। ਉਸ ਨੇ ਜਿਤਨੇ ਭੀ ਸ਼ਹਿਰ ਫ਼ਤਹਿ ਕੀਏ, ਉਨ ਸਭ ਯੁਧੋ ਮੇਂ ਮੈਂ ਸ਼ਾਮਲ ਥਾ।" ਸਾਧੂ ਬੋਲੀ ਗਿਆ ਉਸ ਦੀਆਂ ਅੱਖਾਂ ਸਾਹਮਣੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ ਰੌਣਕਾਂ ਤੇ ਖ਼ਾਲਸਈ ਸ਼ਾਣ ਦੇ ਨਜ਼ਾਰੇ ਇਕ ਫ਼ਿਲਮ ਦੀ ਤਰ੍ਹਾਂ ਆਏ ਤੇ ਲੰਘ ਗਏ। ਵੋਹ ਪ੍ਰਤਾਪੀ ਮਹਾਰਾਜਾ ਜਬ ਸੁਵਰਗ ਕੋ ਪਧਾਰਾ ਤੋ ਰਾਜ ਮੇਂ ਅਨਿਆਏ ਆ ਗਿਆ। ਰਾਜ-ਮੰਤਰੀ ਦੁਸ਼ਟ ਔਰ ਧੋਖੇ ਬਾਜ਼ ਥੇ। ਉਨ੍ਹੋਂ ਨੇ ਮਹਾਰਾਜਾ ਕੇ ਪੁੱਤਰ ਕੋ ਮਾਰ ਡਾਲਾ, ਪੋਤਰਾ ਰਾਜ-ਗੱਦੀ ਪਰ ਬੈਠਨਾ ਥਾ ਉਸ ਕੋ ਭੀ ਮਾਰ ਡਾਲਾ। ਮੈਂ ਉਸ ਕੇ ਪੋਤਰੇ ਕੀ ਅੜਦਲੀ ਫ਼ੌਜ ਮੇਂ ਥਾਂ। ਜਬ ਉਸ ਕੀ ਮੌਤ ਹੋ ਗਈ ਤੋ ਮੈਂ ਨੌਕਰੀ ਛੋੜ ਕਰ ਸਾਧੂ ਹੋ ਗਿਆ।"

"ਉਸ ਕੇ ਪੋਤਰੇ ਕਾ ਕਿਆ ਨਾਮ ਥਾ?" ਗੋਮਤੀ ਨੇ ਪੁਛਿਆ।

"ਕੰਵਰ ਨੌ ਨਿਹਾਨ ਸਿੰਘ, ਵੋਹ ਬੜਾ ਬਲੀ ਥਾ।"

ਮਹਾਰਾਣੀ ਨੂੰ ਯਕੀਨ ਹੋ ਗਿਆ ਕਿ ਇਹ ਮਹਾਰਾਜਾ ਰਣਜੀਤ ਸਿੰਘ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਤੇ ਉਸ ਦੀ ਨੌਕਰੀ ਕਰਦਾ ਰਿਹਾ ਹੈ। ਇਹ ਜ਼ਰੂਰ ਮਦਦ ਕਰੇਗਾ। ਨੌਂ ਸਾਲ ਇਥੇ ਆਏ ਨੂੰ ਹੋ ਗਏ ਸੂ, ਇਸ ਇਲਾਕੇ ਦਾ ਭੇਤੀ ਹੋਵੇਗਾ। ਤੇ ਸਾਨੂੰ ਕਿਸੇ ਟਿਕਾਣੇ ਪੁਜਣ ਵਿਚ ਮਦਦ ਦੇਵੇਗਾ। ਫਿਰ ਵੀ ਪ੍ਰਤਾਵਾ ਕਰਨ ਦੀ ਮਾਰੀ ਨੇ ਹੌਲੀ ਜਹੀ ਭੋਲੇ-ਪਣ ਦੇ ਲਹਿਜੇ ਵਿਚ ਪੁਛਿਆ, "ਵੋਹ ਮਹਾਰਾਜਾ ਬਹੁਤ ਚੰਗਾ ਥਾ?"

"ਉਸ ਕਾ ਤੋ ਨਾਮ ਲੇਨੇ ਸੇ ਜਨਮ ਸੁਧਰ ਜਾਤਾ ਹੈ। ਵੋਹ ਰਾਮਾ ਅਵਤਾਰ ਥਾ। ਪੁਰਾਣੇ ਸਮੇਂ ਕੇ ਮਹਾਰਾਜੇ ਬ੍ਰਿਕਮਾ ਦਤ ਔਰ ਅਸ਼ੋਕ ਸੇ ਭੀ ਬਹੁਤ ਧਰਮੀ ਥਾ। ਉਸ ਕੇ ਨਿਆਏ ਕੋ ਯਾਦ ਕਰ ਕਰ ਅਬ ਸਾਰਾ ਠ ਪੰਜਾਬ ਰੋ ਰਹਾ ਹੋਗਾ। ਐਸਾ ਕਿਸੀ ਮਾਈ ਕੇ ਘਰ ਪ੍ਰਤਾਪੀ ਰਾਜਾ ਕਮ ਹੀ ਪੈਦਾ ਹੂਆ ਹੋਗਾ।"

ਸਾਧੂ ਨੇ ਮਹਾਰਾਣੀ ਦੇ ਚਿਹਰੇ ਵਲ ਤੱਕਿਆ। ਉਸ ਦੇ ਚਿਹਰੇ ਤੇ ਲਾਲੀ ਆ ਗਈ। ਉਸ ਦੀਆਂ ਅੱਖਾਂ ਵਿਚ ਰੌਣਕ ਤੇ ਬੋਲ ਵਿਚ ਸਰਲਤਾ ਆ ਗਈ। ਉਸ ਦਾ ਤਾਪ ਲਥਣ ਲੱਗਾ। ਸਚ ਮੁਚ ਉਹ ਮਰ ਕੇ ਜੀਉਪਈਆਂ। ਉਹ ਕੁਝ ਸੋਚਣ ਲੱਗਾ ਕਿ ਸ਼ਾਇਦ ਵਿਹ ਵੀ ਪੰਜਾਬਣਾਂ ਹੋਣ, ਪੰਜਾਬ ਦਾ ਨਾਂ ਤੇ ਮਹਾਰਾਜੇ ਦਾ ਹਾਲ ਸੁਣਕੇ ਇਹ ਖ਼ੁਸ਼ ਹੋ ਗਈਆਂ ਹਨ। ਉਹ ਅਜੇ ਪੁੱਛਣ ਹੀ ਲੱਗਾ ਸੀ ਕਿ ਮਹਾਰਾਣੀ ਬੋਲ ਪਈ, "ਤੁਸੀਂ ਸਾਡੇ ਵਤਨੀ ਹੋ। ਅਸੀਂ ਵੀ ਪੰਜਾਬਣਾਂ ਹਾਂ ਤੇ ਸਾਡਾ ਜਨਮ ਵੀ, ਸਿਆਲਕੋਟ ਦੀ ਪਵਿੱਤਰ ਧਰਤੀ ਵਿੱਚ ਹੋਇਆ ਹੈ।"

# ਕਾਂਡ-੭

ਗੋਮਤੀ ਨੇ ਬੁੱਢੇ ਸਾਧੂ ਨੂੰ ਦੱਸ ਦਿੱਤਾ ਕਿ ਫ਼ਕੀਰਨੀ ਦੀ ਹਾਲਤ ਵਿਚ ਜੋ ਉਸਦੇ ਨਾਲ ਹੈ, ਇਹ ਮਹਾਰਾਣੀ ਜਿੰਦਾ ਹੈ, ਸ਼ੇਰੇ ਪੰਜਾਬ ਦੀ ਅੰਤਮ ਵਿਆਹੁੜ ਅਤੇ ਮਹਾਰਾਜਾ ਦਲੀਪ ਸਿੰਘ ਦੀ ਮਾਤਾ, ਜੋ ਹੁਣ ਪੰਜਾਬ ਦਾ ਮਹਾਰਾਜਾ ਹੈ।

ਮਹਾਰਾਣੀ ਦੇ ਚਿਹਰੇ ਨੂੰ ਦੇਖ ਕੇ ਪਹਿਲਾਂ ਹੀ ਸਾਧੂ ਕਿਆਸ ਕਰ ਰਿਹਾ ਸੀ ਕਿ ਇਹ ਕੋਈ ਸਾਧਾਰਨ ਇਸਤਰੀ ਨਹੀਂ, ਭਾਵੇਂ ਪਤੀ ਦੇ ਵਿਯੋਗ, ਪੁੱਤਰ ਦੇ ਵਿਛੋੜੇ, ਫ਼ਰੰਗੀ ਦੀ ਕੈਦ, ਲੰਮੇ ਸਫ਼ਰ ਅਤੇ ਭੁੱਖ ਨੇ ਉਸਨੂੰ ਪੀ ਲਿਆ ਸੀ। ਉਸਦੇ ਚਿਹਰੇ ਤੋਂ ਲਾਲੀ ਉੱਡ ਗਈ ਸੀ, ਅੱਖਾਂ ਵਿਚ ਟੋਏ ਪੈ ਗਏ ਸਨ, ਤਨ ਕੱਜਣ ਵਾਸਤੇ ਜੋ ਇਕੋ ਇਕ ਧੋਤੀ ਸੀ ਉਹ ਵੀ ਝਾੜੀਆਂ ਨਾਲ ਅੜ ਅੜ ਕੇ ਲੀਰਾਂ ਦਾ ਬੁਕ ਹੋ ਗਈ ਸੀ। ਹੀਰੇ ਵਰਗੇ ਤਨ ਨੂੰ ਪੁੱਤਰ ਦੀ ਖ਼ਾਤਰ ਖ਼ਾਕ ਵਿਚ ਰੋਲ ਰਹੀ ਸੀ। ਸਾਧੂ ਦੀਆਂ ਅੱਖਾਂ ਵਿਚੋਂ ਜਲ ਵਗ ਤੁਰਿਆ। ਹਮਦਰਦੀ ਨੇ ਉਸ ਦੇ ਦਿਲ ਨੂੰ ਪਿਘਲਾ ਦਿੱਤਾ। ਉਹ ਉਸ ਵੇਲੇ ਹੀ ਮਹਾਰਾਣੀ ਦੇ ਚਰਨੀਂ ਡਿੱਗਣ ਵਾਸਤੇ ਉਲਟਿਆ। ਉਸਦੀ ਜ਼ਬਾਨ ਤੇ ਇਹ ਸ਼ਬਦ ਆਏ, "ਰਾਜ-ਮਾਤਾ, ਮੁਆਫ਼ ਕਰੀਂ ਜੇ ਕੋਈ ਨਿਰਾਦਰ ਹੋਇਆ ਹੈ ਤਾਂ। ਪੂਰੇ ਤੀਹ ਸਾਲ ਜਿਸ ਰਾਜ ਦਾ ਲੂਣ ਖਾਧਾ ਸੀ, ਜਿਸ ਰਾਜ ਵਿਚ ਸੁਖ ਨਾਲ ਪੰਜਾਹ ਸਾਲ ਰਿਹਾ ਸਾਂ, ਅਜ ਉਸ ਰਾਜ ਦੀ ਮਹਾਰਾਣੀ ਦੀ ਇਹ ਹਾਲਤ ਦੇਖ ਕੇ ਦਿਲ ਟੁਕੜੇ ਟੁਕੜੇ ਹੋ ਗਿਆ ਹੈ। ਮੈਂ ਹੁਣ ਮਰਨ ਕਿਨਾਰੇ ਹਾਂ, ਬਿਰਧ ਅਵਸਥਾ ਹੈ ਅਤੇ ਤਲਵਾਰ ਨਾਲ ਲੜ ਭਾਵੇਂ ਨਾ ਸਕਾਂ, ਪਰ ਆਪ ਦੀ ਸੇਵਾ ਅਤੇ ਮਦਦ ਲਈ ਜਾਨ ਲਗ ਜਾਏ ਤਾਂ ਧੰਨ ਭਾਗ ਸਮਝਾਂਗਾ। ਕੰਵਰ ਨੌਨਿਹਾਲ ਸਿੰਘ ਦੀ ਮੌਤ ਵੇਲੇ ਸਿਆਣੇ ਆਖਦੇ ਸਨ, ਹੁਣ ਇਸ ਰਾਜ ਦਾ ਅੰਤ ਨੇੜੇ ਹੀ ਹੈ। ਜੋ ਰਾਜ ਦੇ ਸੱਚੇ ਸੇਵਕ ਉਸਦਾ ਬੁਰਾ ਅੰਤ ਨਹੀਂ ਵੇਖਣਾ ਚਾਹੁੰਦੇ ਸਨ, ਉਹ ਲਾਹੌਰੋਂ ਤੁਰ ਆਏ। ਕੋਈ ਘਰ ਜਾ ਕੇ ਜ਼ਮੀਨ ਪੁੱਟਣ ਲੱਗ ਪਿਆ ਤੇ ਕਿਸੇ ਨੇ ਫ਼ਕੀਰੀ ਧਾਰਨ ਕਰ ਲਈ।.... ਮੈਂ ਰਾਜ ਮਾਤਾ ਦੀ ਸੇਵਾ ਕਰਕੇ ਜਨਮ ਸਫਲਾ ਕਰਾਂਗਾ।"

ਮਹਾਰਾਣੀ ਨੇ ਜਦ ਦੇਖਿਆ ਕਿ ਇਹ ਸਾਧੂ ਅਸਲ ਵਿਚ ਸਿੱਖ ਰਾਜ ਦਾ ਸੱਚਾ ਸਿਪਾਹੀ ਪਰਤਾਪ ਸਿੰਘ ਹੈ ਤਾਂ ਉਸ ਨੇ ਪੱਕਾ ਫ਼ੈਸਲਾ ਕਰ ਲਿਆ ਕਿ ਸਾਧੂ ਬਾਬੇ ਨੂੰ ਆਪਣੀ ਦੁਖਾਂ ਭਰੀ ਕਹਾਣੀ ਜ਼ਰੂਰ ਸੁਣਾਵੇਗੀ। ਬਾਬਾ ਭੀ ਚਾਹੁੰਦਾ ਸੀ ਕਿ ਸਾਰੇ ਹਾਲਾਤ ਉਸਨੂੰ ਪਤਾ ਲਗਣ। ਪਰ ਮਹਾਰਾਣੀ ਨੂੰ ਦਰਦ ਕਥਾ ਸੁਣਾਉਣ ਦਾ ਸਮਾਂ ਉਸ ਰੋਜ਼ ਨਾ ਮਿਲਿਆ, ਕਿਉਂਕਿ ਸਾਧੂ ਪਰਤਾਪ ਸਿੰਘ ਉਸ ਦਿਨ ਹੀ ਪਹਾੜ ਦੇ ਉਪਰ ਚਲਾ ਗਿਆ, ਜਿਥੋਂ ਉਹ ਇਨ੍ਹਾਂ ਦੋਹਾਂ ਵਾਸਤੇ ਕੁਝ ਖਾਣ ਲਈ ਤੇ ਇਕ ਦੋ ਦਵਾਈਆਂ ਅਰੋਗ ਕਰਨ ਲਈ ਲਿਆਇਆ। ਪੈਰਾਂ ਨੂੰ ਛਾਲੇ ਹੀ ਨਿਰੇ ਨਹੀਂ ਸਨ ਪਏ, ਸਗੋਂ ਤਕੜੇ ਜ਼ਖ਼ਮ ਹੋ ਗਏ ਸਨ। ਉਨ੍ਹਾਂ ਉਪਰ ਲਾਉਣ ਵਾਸਤੇ ਉਹ ਇਕ ਬੂਟੀ ਲਿਆਇਆ, ਜੋ ਪੁਰਾਣੇ ਸਮੇਂ ਦੇ ਸਾਧੂ ਆਪਣੇ ਪੈਰਾਂ ਦੇ ਠੀਕ ਰਖਣ ਖ਼ਾਤਰ ਵਰਤਿਆ ਕਰਦੇ ਸਨ। ਉਸ ਬੂਟੀ ਦੇ ਮਲਣ ਅਤੇ ਸੇਕ ਦੇਣ ਨਾਲ ਮਹਾਰਾਣੀ ਦੇ ਪੈਰਾਂ ਦੀ ਸੋਜ ਲਥ ਗਈ। ਜ਼ਖਮ ਕੁਝ ਠੀਕ ਹੋਣ ਲਗੇ। ਉਸ ਗੁਫ਼ਾ ਨੇ ਜਿਥੇ ਉਨ੍ਹਾਂ ਨੂੰ ਸ਼ਿਕਾਰੀਆਂ ਹੱਥੋਂ ਬਚਾਇਆ ਸੀ, ਉਥੇ ਉਹ ਉਨ੍ਹਾਂ ਨੂੰ ਸੁਖ ਦੇਣ ਦਾ ਸਾਧਨ ਵੀ ਬਣੀ। ਡਰ ਦੂਰ ਹੋ ਗਿਆ।

... ... ...

ਮਹਾਰਾਣੀ ਨੇ ਆਪਣੀ ਵਿਥਿਆ ਸੁਣਾਉਣੀ ਸ਼ੁਰੂ ਕੀਤੀ, ਜਦੋਂ ਕਿ ਸਾਧੂ ਵੀ ਉਨ੍ਹਾਂ ਦੇ ਕੋਲ ਅਗਨ -ਕੁੰਡ ਦੇ ਲਾਗੇ ਬੈਠਾ ਹੋਇਆ ਅੱਗ ਸੇਕ ਰਿਹਾ ਸੀ।

"ਸਿੱਖ ਰਾਜ ਦੇ ਉਸਰੱਈਏ ਉਹ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉੱਚੇ ਆਦਰਸ਼ ਨੂੰ ਆਪਣਾਇਆ ਸੀ," ਮਹਾਰਾਣੀ ਬੋਲੀ ਗਈ, 'ਜਿੰਨ੍ਹਾਂ ਖੰਡੇ ਦਾ ਅੰਮ੍ਰਿਤ ਪੀ ਕੇ ਆਪਾ ਵਾਰਨਾ ਸਿਖਿਆ ਸੀ ਉਹ ਪੂਰੇ ਸੰਤ ਸਿਪਾਹੀ ਹੁੰਦੇ ਸਨ। ਤਲਵਾਰ ਦੇ ਕਰਤਬ ਕਰਨੇ ਭਾਵੇਂ ਉਨ੍ਹਾਂ ਲਈ ਜ਼ਰੂਰੀ ਸਨ, ਪਰ ਉਹਨਾਂ ਦੀ ਤਲਵਾਰ ਕਦੀ ਇਸਤਰੀ, ਮਸੂਮ ਬਾਲ, ਨਿਰਬਲ, ਬੁੱਢੇ, ਧਰਤੀ ਤੇ ਪਏ ਬਾਹਰ ਅਤੇ ਅਮਨ ਪਸੰਦ ਤੇ ਨਹੀਂ ਸੀ ਚੱਲੀ।"

"ਉਹ ਦੇਵਤੇ ਸਨ। ਉਨ੍ਹਾਂ ਸ਼ਹੀਦਾਂ-ਮੁਰੀਦਾਂ ਨੇ ਹੀ ਤਾਂ ਜ਼ੁਲਮੀ ਮੁਗਲ ਰਾਜ ਦੀਆਂ ਚੜ੍ਹਾਂ ਪੁੱਟੀਆਂ ਸਨ," ਸਾਧੂ ਬੜੇ ਜੋਸ਼ ਨਾਲ ਬੋਲਿਆਂ। " ਹਾਂ, ਉਨ੍ਹਾਂ ਦੀ ਤਲਵਾਰ ਸਦਾ ਦੇਸ਼-ਸੇਵਾ ਤੇ ਦੁਖੀਆਂ ਦੀ ਖ਼ਾਤਰ ਚਮਕਦੀ ਸੀ ਤੇ ਜ਼ਾਲਮਾਂ ਦੇ ਜ਼ੁਲਮ ਹੇਠਾਂ ਪਿਸ ਰਹੇ ਅਨਾਥਾਂ ਦੀ ਸਹਾਇਤਾ ਕਰਨਾ ਉਨ੍ਹਾਂ ਦਾ ਵੱਡਾ ਫ਼ਰਜ਼ ਹੁੰਦਾ ਸੀ।" ਮਹਾਰਾਣੀ ਕਹਿ ਰਹੀ ਸੀ।

"ਆਹ ! ਸਰਕਾਰ (ਮਹਾਰਾਜਾ ਰਣਜੀਤ ਸਿੰਘ) ਕਿੰਨੀ ਚੰਗੀ ਸੀ, ਪੁਰਾਣੇ ਸਿੰਘਾਂ ਦਾ ਪਰਤੱਖ ਨਮੂਨਾ। ਉਨ੍ਹਾਂ ਕਈ ਵੀ ਰਾਜ ਭਾਗ ਆਪਣਾ ਨਹੀਂ ਸੀ ਜਾਤਾ, ਫ਼ਤਹ ਵੀ ਵਾਹਿਗੁਰੂ ਦੀ ਤੇ ਸਭ ਕੁਝ ਗੁਰੂ ਤੇ ਗੁਰੂ ਪੰਥ ਦਾ ਸਮਝਦੇ ਸਨ। ਨਿਰਬਲਾਂ ਦੀ ਸਹਾਇਤਾ ਕਰਨ ਤੇ ਸਦਾ ਤਿਆਰ ਰਹਿੰਦੇ ਸਨ। ਜੁਲਾਹੇ ਦੀ ਪੰਡ ਚੁਕਣ ਵਾਲੀ ਘਟਨਾ ਮੈਨੂੰ ਨਹੀਂ ਭੁਲਦੀ, ਉਹ ਕਿੰਨੇ ਚੰਗੇ ਸਨ। ਸਾਧੂ ਪਰਤਾਪ ਸਿੰਘ ਦੀਆਂ ਅੱਖਾਂ ਦੇ ਸਾਹਮਣੇ ਸ਼ੇਰੇ ਪੰਜਾਬ ਦਾ ਰਾਜ ਤੇ ਉਸ ਦਾ ਦਰਬਾਰ ਸੀ। ਸ਼ੇਰੇ ਪੰਜਾਬ ਦੇ ਜੀਵਨ ਦੀਆਂ ਸਾਰੀਆਂ ਘਟਨਾਵਾਂ ਉਸ ਨੂੰ ਯਾਦ ਆ ਰਹੀਆਂ ਸਨ, ਜੋ ਉਸ ਨੇ ਸੁਣੀਆਂ ਤੇ ਅੱਖੀਂ ਦੇਖੀਆਂ ਸਨ।

"ਪਰ ਜਦੋਂ ਰਾਜ-ਮਦ ਦੇ ਅਸਰ ਕਰਕੇ ਖ਼ਾਲਸੇ ਦੇ ਆਗੂ ਖ਼ੁਦਗਰਜ਼, ਅਧਰਮੀ, ਲਾਲਚੀ ਤੇ ਫੋਕੀ ਮਾਨ-ਪ੍ਰਤਿਸ਼ਟਾ ਦੇ ਭੁੱਖੇ ਹੋ ਗਏ, ਗੁਰੂ ਗੋਬਿੰਦ ਸਿੰਘ ਜੀ ਦੇ ਉੱਚੇ ਮਿਸ਼ਨ ਨੂੰ ਭੁਲ ਗਏ ਤਾਂ ਸਿੱਖ ਰਾਜ ਤੇ ਆਫ਼ਤਾਂ ਪੈਣ ਲਗੀਆਂ, ਜਿਨ੍ਹਾਂ ਨੂੰ ਸੁਨਾਣ ਲਗਿਆਂ ਭੀ ਕਾਲਜਾ ਮੂੰਹ ਨੂੰ ਆਉਂਦਾ ਹੈ।" ਇਹ ਕਹਿੰਦਿਆਂ ਹੋਇਆਂ ਮਹਾਰਾਣੀ ਦਾ ਮਨ ਭਰ ਆਇਆ। ਬੋਲ ਰਤਾ ਭਾਗ ਹੋ ਗਿਆ। ਪਲ ਕੁ ਅਟਕ ਕੇ ਉਹ ਫਿਰ ਬੋਲੀ, ਕਾਲ ਦਾ ਭਾਰੀ ਹੱਥ, ਹਰ ਇਕ ਮਾਂ-ਪੇਟੋਂ ਜੰਮੇ ਦਾ ਗਲ ਇਕ ਦਿਨ ਘੁਟਦਾ ਹੈ, ਕਿਸੇ ਦਾ ਲਿਹਾਜ਼ ਨਹੀਂ ਕਰਦਾ। ਲੋਕ ਉਸ ਨੂੰ ਮੌਤ ਆਖਦੇ ਹਨ। ਮੌਤ ਦਾ ਨਾਂ ਸੁਣਕੇ ਸਿਰ ਤੋਂ ਪੈਰਾਂ ਤਕ ਕੰਬ ਜਾਈਦਾ ਹੈ।"

"ਨਹੀਂ ਰਾਜ ਮਾਤਾ ! ਗਿਆਨੀ ਪੁਰਸ਼ ਮੌਤ ਦਾ ਨਾਂ ਸੁਣਕੇ ਨਹੀਂ ਕੰਬਦੇ।" ਸਾਧੂ ਬੋਲਣੋਂ ਨਾ ਰਹਿ ਸਕਿਆ। ਉਸਨੂੰ ਆਪਣੇ ਗੁਰਦੇਵ ਦੇ ਬਚਨ ਯਾਦ ਆ ਗਏ, "ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦੁ ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦ।" ਜੀਵਨ ਦੀ ਤਬਦੀਲੀ ਦਾ ਨਾਂ ਮੌਤ ਹੈ। ਮੈਂ ਪਹਿਲਾਂ ਸਿਪਾਹੀ ਪਰਤਾਪ ਸਿੰਘ ਸਾਂ ਹੁਣ ਸਾਧੂ ਨਿਰਮਲ ਪਰਕਾਸ਼ ਹਾਂ। ਸਿਪਾਹੀ ਪਰਤਾਪ ਸਿੰਘ ਤੋਂ ਬਦਲ ਕੇ ਜਦੋਂ ਮੈਂ ਸਾਧੂ ਨਿਰਮਲ ਪਰਕਾਸ਼ ਬਣਿਆ ਤਾਂ ਸਮਝੋ ਸਿਪਾਹੀ ਪਰਤਾਪ ਸਿੰਘ ਦੀ ਮੌਤ ਹੋ ਗਈ ਕਿਉਂਕਿ ਮੈਂ ਉਹ ਸਾਰੇ ਸਿਪਾਹੀਆਂ ਵਾਲੇ ਕਿਰਿਆ ਕਰਮ ਛਡ

ਦਿਤੇ, ਪਰ ਉਸ ਮੌਤ ਤੋਂ ਨਵਾਂ ਜਨਮ ਹੋਇਆ ਸਾਧੂ-ਪੁਣੇ ਦਾ। ਸਾਧੂ-ਪੁਣੇ ਵਿਚ ਕਰਮ ਹੋਰ ਹਨ। ਇਸ ਤਰ੍ਹਾਂ ਹੀ ਸਮਝੋ ਮੌਤ ਦਾ ਮਸਲਾ । ਇਸ ਦੁਨੀਆਂ ਨੂੰ ਛਡ ਕੇ ਜੀਵ ਨਵੀਂ ਦੁਨੀਆਂ ਵਿਚ ਚਲਾ ਜਾਂਦਾ ਹੈ। ਆਤਮਾ ਅਮਰ ਹੈ, ਕਾਲ ਉਸ ਤੇ ਅਸਰ ਨਹੀਂ ਕਰਦਾ।"

"ਮਹਾਰਾਜ, ਇਸ ਗਿਆਨ ਦੀ ਸਮਝ ਸਾਨੂੰ ਲੋਕਾਂ ਨੂੰ ਪੈ ਜਾਏ ਤਾਂ ਦੁਖੀ ਕਿਉਂ ਹੋਈਏ," ਗੋਮਤੀ ਬੋਲੀ।

"ਬੇਟੀ ਹਰ ਇਕ ਪੁਰਸ਼ ਨੂੰ ਇਹ ਸਮਝਣ ਦਾ ਯਤਨ ਤਾਂ ਕਰਨਾ ਚਾਹੀਦਾ ਹੈ।"

"ਸਤ ਹੈ ਜੀ, ਮਹਾਰਾਣੀ ਨੇ ਇਹ ਆਖਕੇ ਵਾਰਤਾ ਸ਼ੁਰੂਕੀਤੀ, "ਮਨੁੱਖ ਜਤਨ ਨਹੀਂ ਕਰਦਾ। ਕਈ ਵਾਰ ਸਮਝ ਕੇ ਵੀ ਨਹੀਂ ਸਮਝਦਾ। ਮੇਰੇ ਵਿਆਹ ਦੇ ਡੇਢ ਸਾਲ ਪਿੱਛੋਂ ਮੇਰੇ ਘਰ ਇਕ ਲੜਕੇ ਨੇ ਜਨਮ ਲਿਆ ਜਿਸ ਦਾ ਨਾਂ ਸਰਕਾਰ ਨੇ ਦਲੀਪ ਸਿੰਘ ਰਖਿਆ।"

ਮੈਂ ਦਰਸ਼ਨ ਨਹੀਂ ਕੀਤੇ, "ਸੁਣਿਆ ਜ਼ਰੂਰ ਸੀ ਕਿ ਕੰਵਰ ਜੀ ਬਹੁਤ ਸੁੰਦਰ ਹਨ," ਅੱਗ ਤੇ ਲੱਕੜ ਰਖਦਾ ਹੋਇਆ ਸਾਧੂਬੋਲਿਆ।

ਮੈਂ ਦਰਸ਼ਨ ਨਹੀਂ ਕੀਤੇ, "ਸੁਣਿਆ ਜ਼ਰੂਰ ਸੀ ਕਿ ਕੰਵਰ ਜੀ ਬਹੁਤ ਸੁੰਦਰ ਹਨ," ਅੱਗ ਤੇ ਲੱਕੜ ਰਖਦਾ ਹੋਇਆ ਸਾਧੂਬੋਲਿਆ।

"ਪੁੱਤਰ ਨੂੰ ਗੋਦੀ ਖਿਡਾਉਣ ਦੀ ਢਿੱਲ ਹੀ ਸੀ ਕਿ ਮੇਰੇ ਸੁੱਖਾਂ ਦੀ ਪੀਂਘ ਲੰਮੇ ਹੁਲਾਰੇ ਲੈਣ ਲੱਗ ਪਈ। ਮੈਨੂੰ ਇਹ ਹੰਕਾਰ ਹੋ ਗਿਆ ਕਿ ਮੇਰੇ ਜਿੰਨੀ ਕੋਈ ਮਹਾਰਾਣੀ ਸੁਖੀ ਨਹੀਂ। ਮੈਂ ਜੋ ਮੰਗਦੀ, ਸੋ ਹਾਜ਼ਰ ਹੁੰਦਾ। ਸਰਕਾਰ ਮੇਰਾ ਬੜਾ ਸਤਿਕਾਰ ਕਰਦੇ। ਉਨ੍ਹਾਂ ਦੇ ਭਾਵੇਂ ਹੋਰ ਵੀ ਪੁੱਤਰ (ਮਹਾਰਾਜਾ ਖੜਕ ਸਿੰਘ, ਮਹਾਰਾਜਾ ਸ਼ੇਰ ਸਿੰਘ, ਕੰਵਰ ਭਾਰਾ ਸਿੰਘ, ਕੰਵਰ ਮੁਲਤਾਨਾ ਸਿੰਘ, ਕੰਵਰ ਕਸ਼ਮੀਰਾ ਸਿੰਘ ਤੇ ਕੰਵਰ ਪਸ਼ੌਰਾ ਸਿੰਘ।) ਸਨ, ਪਰ ਉਹ ਇਸ ਨਵੇਂ ਫੁੱਲ ਨਾਲ ਬਹੁਤ ਪਿਆਰ ਕਰਦੇ ਸਨ। ਮੇਰੇ ਜੀਵਨ ਦੇ ਬਾਗ ਵਿਚ ਖ਼ੁਸ਼ੀ ਦੀ ਐਨੀ ਬਸੰਤ ਖਿੜੀ ਕਿ ਮੈਂ ਵਿਸਮਾਦ ਵਿਚ ਪੁੱਜ ਗਈ। ਇਹ ਭੁੱਲ ਹੀ ਗਈ ਕਿ ਬਸੰਤ ਦੇ ਪਿਛੋਂ ਗਰਮੀ ਦੇ ਦਿਨ ਵੀ ਆਉਂਦੇ ਹਨ, ਗਰਮੀ ਤੋਂ ਬਰਸਾਤ ਤੇ ਬਰਸਾਤ ਪਿਛੋਂ ਪੱਤਝੱੜ ਕੁਦਰਤ ਦਾ ਕਾਨੂੰਨ ਅਟੱਲ ਹੈ, ਜਿਵੇਂ ਰੁੱਤਾਂ ਬਦਲਦੀ ਰਹਿੰਦੀ ਹੈ। ਨਾ ਕੋਈ ਐਸਾ ਮਨੁੱਖ ਹੈ ਜਿਸਨੇ ਕਦੀ ਕੋਈ ਅੱਥਰੂਨਾ ਕੇਰੀ ਹੋਵੇ ਤੇ ਨਾ ਕੋਈ ਐਸਾ ਹੈ ਜਿਹੜਾ ਕਦੀ ਹੱਸਿਆ ਨਾ ਹੋਵੇ ਹੱਸਦੇ ਤੇ ਰੋਂਦੇ ਸਾਰੇ ਹਨ। ਜਿਸ ਰੁੱਖ ਦੇ ਆਸਰੇ ਮੈਂ ਵੇਲ ਬਣ ਕੇ ਖਲੋਤੀ ਹੱਸ ਰਹੀ ਸਾਂ ਤੇ ਅੱਖਾਂ ਹੇਠ ਕਿਸੇ ਨੂੰ ਰਹੀਂ ਸਾਂ ਲਿਆਉਂਦੀ, ਉਸ ਭਾਗੇ ਭਰੇ ਰੁੱਖ ਵਲ ਕਾਲ ਨੇ ਆਪਣੇ ਕੁਹਾੜੇ ਮੌਤ ਨੂੰ ਕੀਤਾ। ਬੜੀ ਬੇਕਿਰਕੀ ਨਾਲ ਉਸ ਰੁੱਖ ਨੂੰ ਕੱਟ ਕੇ ਭੌਂ ਉਤੇ ਪਟਕਾ ਮਾਰਿਆ ਜਿਸ ਆਸਰੇ ਮੈਂ ਹੀ ਨਹੀਂ ਸਾਂ ਜੀਊਰਹੀ ਸਗੋਂ ਕਈ ਲੱਖਾਂ ਹੋਰ ਵੀ ਉਸ ਦੀ ਛਾਂ ਹੇਠਾਂ ਅਜ਼ਾਦੀ ਦਾ ਜੀਵਨ ਜੀਊਰਹੇ ਸਨ।"

"ਮੇਰੇ ਦਿਲ ਦੇ ਟੁਕੜੇ ਨੂੰ ਉਸ ਨੇ ਮਸਾਂ ਇਕ ਸਾਲ ਤੇ ਨੌਂ ਮਹੀਨੇ ਹੀ ਖਿਡਾ ਕੇ ਦੇਖਿਆ ਸੀ। ਅਜੇ ਉਸ ਦਾ ਚਾਅ ਨਹੀਂ ਸੀ ਲੱਥਾ ਤੇ ਮਾਸੂਮ ਬੱਚੇ ਨੇ ਆਪਣੇ ਪਰਤਾਪੀ ਪਿਤਾ ਨਾਲ ਤੋਤਲੀ ਜ਼ਬਾਨੇ ਗੱਲਾਂ ਵੀ ਜੀਅ ਖੋਲ੍ਹ ਕੇ ਨਹੀਂ ਸਨ ਕੀਤੀਆਂ।"

**"ਜੇਤੇ ਜੀਅ ਤੇਤੇ ਵਾਟਾਊ॥ ਚੀਰੀ ਆਈ ਢਿਲ ਨਾ ਕਾਊ"**

ਦਾ ਮਹਾਂ ਵਾਕ ਸਦਾ ਅਟੱਲ ਹੈ, ਪਰ ਸ਼ੇਰੇ ਪੰਜਾਬ ਜਹੇ ਬਹਾਦਰਾਂ ਦੇ ਤੁਰ ਜਾਣ ਪਿੱਛੋਂ ਦੇਸ਼ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪੈਂਦਾ ਹੈ," ਸਾਧੂ ਬੋਲਿਆ।

ਉਸ ਦੀਆਂ ਅੱਖਾਂ ਦੇ ਸਾਹਮਣੇ ਮਹਾਰਾਜੇ ਦੀ ਅਰਥੀ ਤੇ ਮਾਤਮੀ ਜਲੂਸ ਦਾ ਨਜ਼ਾਰਾ ਸੀ। ਉਹ ਇੰਜ ਪਰਤੀਤ ਕਰਨ ਲੱਗਾ ਜਿਵੇਂ ਉਹ ਲਾਹੌਰ ਦੇ ਸ਼ਾਹੀ ਕਿਲ੍ਹੇ ਅੱਗੇ ਸੰਤਰੀ ਦੀ ਹੈਸੀਅਤ ਵਿਚ ਖਲੋਤਾ ਪਹਿਰਾ ਦੇ ਰਿਹਾ ਹੈ ਤੇ ਮਹਾਰਾਜੇ ਦੀ ਆਰਥੀ ਦਾ ਜਲੂਸ ਕਿਲ੍ਹੇ ਵਿਚੋਂ ਬਾਹਰ ਨਿਕਲ ਰਿਹਾ ਹੈ। ਸਾਰਾ ਲਾਹੌਰ ਰੋ ਰਿਹਾ ਹੈ ਤੇ ਉਸ ਦੀਆਂ ਅੱਖਾਂ ਵਿਚੋਂ ਵੀ ਅੱਥਰੂ ਕਿਰ ਰਹੇ ਹਨ।

"ਅੰਤ ਸਮੇਂ ਸਰਕਾਰ ਨੇ ਮੈਨੂੰ ਆਪਣੇ ਕੋਲ ਸੱਦਿਆ," ਧੋਤੀ ਦੇ ਪੱਲੇ ਨਾਲ ਅੱਥਰੂ ਪੂੰਜਦੀ ਹੋਈ ਮਹਾਰਾਣੀ ਸਿੱਖ ਰਾਜ ਦੇ ਜਾਣ ਦੀ ਕਹਾਣੀ ਸੁਣਾਈ ਗਈ, ਉਸ ਵੇਲੇ ਬਹੁਤ ਕਮਜ਼ੋਰ ਹੋ ਚੁਕੇ ਸਨ, ਨੇਤਰਾਂ ਦੀ ਜੋਤਨਾ ਬਹੁਤ ਘਟ ਗਈ ਸੀ, ਜ਼ਬਾਨ ਵਿਚ ਵਲ ਪੈਂਦੇ ਸਨ ਤੇ ਹੱਥਾਂ ਪੈਰਾਂ ਨੂੰ ਕਾਂਬਾ ਛਿੜਿਆ ਹੋਇਆ ਸੀ। ਬੜੀ ਮੁਸ਼ਕਲ ਨਾਲ ਟੁੱਟੇ ਫੁੱਟੇ ਸ਼ਬਦਾਂ ਵਿਚ ਉਹ ਸਿਰਫ਼ ਇਹ ਕੁਝ ਆਖ ਸਕੇ, "ਜਿੰਦਾਂ ! ਮਨ ਦੀਆਂ ਮਨ ਵਿਚ ਰਹੀਆਂ। ਮੈਂ ....।" ਅਗੇ ਖਵਰੇ ਉਨ੍ਹਾਂ ਨੇ ਕੀ ਆਖਣਾ ਸੀ ਕਿ ਦਲੀਪ ਵਲ ਦੇਖਦੇ ਹੋਏ ਉਹ ਚੁੱਪ ਹੋ ਗਏ, ਜ਼ਬਾਨ ਨੇ ਸਾਥ ਨਾ ਦਿੱਤਾ, ਅਝੱਮਕ ਅੱਖਾਂ ਨਾਲ ਤਕਦੇ ਰਹੇ। ਹਕੀਮਾਂ ਤੇ ਡਾਕਟਰਾਂ ਨੇ ਗੱਲੀਆਂ ਨੂੰ ਆਖ ਕੇ ਮੈਨੂੰ ਪਿਛੇ ਕਰ ਦਿੱਤਾ। ਇਹ ਆਖਦਿਆਂ ਹੋਇਆਂ ਮਹਾਰਾਣੀ ਦਾ ਬੋਲ ਭਾਰਾ ਹੋ ਗਿਆ। ਪਿਆਰ ਦੇ ਸੇਕ ਨਾਲ ਦਿਲ ਪਿਘਲ ਕੇ ਅੱਥਰੂ ਬਣ ਗਿਆ।

"ਜਿਵੇਂ ਹੋਰ ਰਾਣੀਆਂ ਉਨ੍ਹਾਂ ਦੇ ਚਰਨਾਂ ਨੂੰ ਫੜ ਕੇ ਚਿਖਾ ਵਿਚ ਸੜ ਕੇ ਸਤੀ ਹੋਈਆਂ, ਤਿਵੇਂ ਮੈਂ ਵੀ ਸੜਨਾ ਚਾਹਿਆ। ਪਰ ਮੇਰੇ ਭਰਾਵਾਂ ਨੇ ਨਾ ਸੜਨ ਦਿੱਤਾ ! ਉਹ ਇਹੋ ਆਖਦੇ ਰਹੇ, "ਇਸ ਮਸੂਸ ਦਲੀਪ ਦੀ ਖ਼ਾਤਰ ਤੈਨੂੰ ਜੀਊਣਾ ਪਵੇਗਾ। ਤੇਰੇ ਬਿਨਾਂ ਇਹ ਯਤੀਮ ਨਹੀਂ ਪਲ ਸਕਦਾ।" "ਮੈਂ ਪੁੱਤਰ ਬਦਲੇ ਜੀਊਂਦੀ ਰਹੀ।"

"ਚੰਗਾ ਕੀਤਾ," ਸਾਧੂ ਸਹਿਜ ਸੁਭਾ ਬੋਲਿਆ, "ਗੁਰੂ ਜੀ ਵੀ ਆਖਦੇ ਹਨ, "ਸਤੀਆ ਏਹਿ ਨ ਆਖੀਅਨਿ, ਜੋ ਮੜਿਆ ਲਗਿ ਜਲੰਨਿ॥ ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ"॥ ਸਤੀ ਹੋਣਾ ਆਤਮ ਘਾਤ ਕਰਨਾ ਹੈ। ਆਤਮ ਘਾਤ ਨਿਰਬਲ ਕਰਦੇ ਹਨ। ਮਨੁੱਖ ਨੂੰ ਕਦੀ ਦੁੱਖਾਂ ਕੋਲੋਂ ਨਹੀਂ ਘਬਰਾਉਣਾ ਚਾਹੀਏ। ਦਲੇਰੀ ਨਾਲ ਟਾਕਰਾ ਕਰੇ ਤਾਂ ਦੁੱਖ ਘੱਟ ਜਾਂਦੇ ਹਨ। ਦੁੱਖ ਸੁੱਖ ਦੇ ਆਉਣ ਦਾ ਨਾਂ ਹੀ ਤਾਂ ਜੀਵਨ ਹੈ। ਮੇਰੇ ਗੁਰਦੇਵ ਇਹ ਸਿਖਿਆ ਦਿਆ ਕਰਦੇ ਸਨ।"

"ਪਰ ਜੇ ਉਸ ਦਿਨ ਸੜ ਮਰਦੀ ਤਾਂ ਅਜ ਇਸ ਤਰ੍ਹਾਂ ਰਾਹ ਦਾ ਕੱਖ ਤਾਂ ਨਾ ਬਣਦੀ... ਪੁੱਤਰ ਕੋਲੋਂ ਵਿਛੜ ਕੇ ਅਜ ਜੋ ਮੇਰੇ ਦਿਨ ਨੂੰ ਦੁੱਖ ਹੋ ਰਿਹਾ ਹੈ ਇਹ ਤਾਂ ਨਾ ਹੁੰਦਾ।" ਬੜੇ ਜੋਸ਼ ਵਿਚ ਮਹਾਰਾਣੀ ਬੋਲੀ।

"ਰਾਜ-ਮਾਤਾ, ਇਹ ਦੁੱਖ ਤੇ ਭਟਕਣਾ ਹੀ ਤਾਂ ਗਵਾਹੀ ਦੇ ਰਹੇ ਨੇ ਕਿ ਤੁਸੀਂ ਇਕ ਮਾਂ ਹੋ। ਜੋ ਇਸਤਰੀ ਪੁੱਤਰ ਤੇ ਪਤੀ ਦੇ ਵਿਛੋੜੇ ਵਿਚ ਸੁਖ ਦੀ ਨੀਂਦ ਸੌਂਦੀ ਹੈ, ਉਹ ਨਾ ਮਾਂ ਹੈ ਨਾ ਪਤਨੀ। ਉਹ ਦਿਲ-ਹੀਨ ਇਕ ਚਲਦੀ ਫਿਰਦੀ ਲੋਥ ਹੈ।"

"ਠੀਕ ਹੈ, ਮਹਾਰਾਜ!" ਗੋਮਤੀ ਦੀ ਆਵਾਜ਼ ਸੀ।

"ਮੈਂ ਸਿਰੋਂ ਨੰਗੀ ਹੋ ਗਈ", ਮਹਾਰਾਣੀ ਨੇ ਕਹਾਣੀ ਨੂੰ ਸ਼ੁਰੂਰਖਿਆ, "ਦਲੀਪ ਯਤੀਮ ਬਣ ਗਿਆ। ਮੇਰੀ ਉਮਰ ਜੁਆਨ ਸੀ, ਉਹ ਦੁੱਧ ਚੁੰਘਦਾ ਮਸੂਮ! ਸਾਨੂੰ ਕੋਈ ਸਹਾਰਾ ਦੇਣ ਵਾਲਾ ਸੀ ਤਾਂ ਉਹ ਮੇਰਾ ਭਰਾ ਜਵਾਹਰ ਸਿੰਘ। ਸਰਕਾਰ ਦੇ ਚਲਾਣੇ ਪਿੱਛੋਂ ਮੈਂ ਮਹਿਸੂਸ ਕੀਤਾ ਕਿ ਕਿਸੇ ਮੁਟਿਆਰ ਦਾ ਵਿਆਹ ਜੇ ਕਿਸੇ ਬੁੱਢੜੇ ਨਾਲ ਹੋ ਜਾਏ ਤਾਂ ਹੋਰ ਭਾਵੇਂ ਉਸਨੂੰ ਅਨੇਕਾਂ ਸੁਖ ਹੋਣ, ਪਰ ਰੰਡੇਪੇ ਦਾ ਲੰਮਾ ਦੁੱਖ ਉਸਨੂੰ ਜ਼ਰੂਰ ਭੋਗਣਾ ਪੈਂਦਾ ਹੈ। ਹੱਛਾ! ਜਿਵੇਂ ਵਿਧਾਤਾ ਦੀ ਲਿਖਤ, ਅਗੰਮੀ ਕਲਮ ਨੂੰ ਮੱਥੇ ਦੀ ਰੇਖਾ ਲਿਖਦਿਆਂ ਕੌਣ ਰੋਕੇ! "ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ।"

"ਸੱਚ ਹੈ, ਰਾਜ ਮਾਤਾ ਜੀ।" ਸਾਧੂਕੁਝ ਘਬਰਾਹਟ ਵਿਚ ਆ ਗਿਆ। ਉਸ ਦੇ ਮੱਥੇ ਤੇ ਤਰੇਲੀ ਆਈ। ਉਸਦੀ ਘਬਰਾਹਟ ਤੇ ਤਰੇਲੀ ਦਾ ਕਾਰਨ ਇਹ ਸੀ ਕਿ ਉਹ ਵੀ ਜਦੋਂ ਸਾਧੂਹੋ ਕੇ ਘਰੋਂ ਨਿਕਲਿਆ ਸੀ ਤਾਂ ਆਪਣੀ ਮੁਟਿਆਰ ਇਸਤਰੀ ਤੇ ਇਕ ਮਸੂਮ ਪੁੱਤਰ ਨੂੰ ਸੁੱਤਿਆ ਛੱਡ ਆਇਆ ਸੀ, ਜਿਵੇਂ ਕਦੀ ਮਹਾਤਮਾ ਬੁੱਧ ਨੇ ਕੀਤਾ ਸੀ ਉਸ ਮੁਟਿਆਰ ਨਾਲ ਵਿਆਹ ਹੋਣ ਵੇਲੇ ਉਸ ਦੀ ਉਮਰ ਪੰਜਾਂ ਘਟ ਪੰਜਾਹ ਦੀ ਸੀ ਤੇ ਉਸ ਦੀ ਪੰਜਾਂ ਘੱਟ ਵੀਹ। ਸਾਧੂਨੂੰ ਯਾਦ ਆ ਗਿਆ ਕਿ ਹੋ ਸਕਦਾ ਹੈ ਕਿ ਉਹ ਪੇਕੇ ਜਾਂ ਸਹੁਰੇ ਘਰ ਬੈਠੀ ਆਪਣੀ ਕਿਸਮਤ ਨੂੰ ਰੋਂਦੀ ਹੋਵੇਗੀ। ਉਸਦਾ ਮਸੂਮ ਬੱਚਾ ਕੀ ਪਤਾ ਜੀਉਂਦਾ ਹੈ ਕਿ ਰੁਲ ਰੁਲ ਕੇ ਮਰ ਗਿਆ ਹੈ।" ਇਹ ਜਗਤ ਮਿਥਿਆ ਹੈ। ਇਸਤਰੀ ਪੁੱਤਰ ਤੇ ਸਨਬੰਧੀ ਸਭ ਮਾਇਆ ਛਲ ਰੂਪ ਹਨ, ਜੋ ਮਨੁੱਖ ਨੂੰ ਜੀਵਨ ਮਨੋਰਥ ਤੋਂ ਪਰ ਖੜਦੇ ਤੇ ਮਰਨ ਜੰਮਣ ਦੇ ਚੱਕਰ ਵਿਚ ਸੁੱਟ ਕੇ ਘੁਮਾਉਂਦੇ ਰਹਿੰਦੇ ਹਨ। ਇਨ੍ਹਾਂ ਤੇ ਤਿਆਗ ਵਿਚ ਹੀ ਸੁੱਖ ਹੈ। ਇਹ ਸੀ ਪੁੱਠੀ ਸਿਖਿਆ ਜੋ ਇਕ ਸੰਨਿਆਸੀ ਸਾਧੂਕੋਲੋਂ ਸੁਣ ਕੇ ਪਰਤਾਪ ਸਿੰਘ ਸਾਧੂਹੋ ਗਿਆ ਸੀ। ਅੱਜ ਮਹਾਰਾਣੀ ਜਿੰਦਾਂ ਦੀ ਜ਼ਬਾਨੋਂ ਉਪਰੋਕਤ ਸ਼ਬਦ ਸੁਣ ਕੇ ਉਸਨੂੰ ਆਪਣੀ ਭੁਲ ਚੇਤੇ ਆਈ। ਕਿਸੇ ਦੀ ਪਿਆਰੀ ਯਾਦ ਨੇ ਟੁੱਬਿਆ। ਮੋਹ ਨੇ ਤਨ ਦੇ ਲਹੂਨੂੰ ਗਰਮ ਕੀਤਾ। ਹੱਠ-ਜੋਗ ਦੀ ਪੁੱਠੀ ਭਗਤੀ ਨੇ ਜੋ ਉਸ ਦੀ ਆਤਮਾ ਨੂੰ ਪੱਥਰਾ ਦਿੱਤਾ ਸੀ, ਉਹ ਇਕ-ਦਮ ਮੋਮ ਵਾਂਗ ਪਿਘਲ ਤੁਰੀ, ਮੁੜ੍ਹਕੇ ਦਾ ਰੂਪ ਉਸਨੇ ਧਾਰਨ ਕਰ ਲਿਆ, ਪਰ ਫਿਰ ਉਹ ਮਰਦ ਸੀ। ਆਪਣੀ ਇਸ ਗ਼ਲਤੀ ਤੇ ਕਮਜ਼ੋਰੀ ਨੂੰ ਇਸਤਰੀਆਂ ਅੱਗੇ ਪਰਗਟ ਨਾ ਕਰ ਸਕਿਆ। ਬਲ ਰਹੀ ਅੱਗ ਨੂੰ ਹਿਲਾ ਕੇ ਹੋਰ ਤੇਜ਼ ਕਰਨ ਲੱਗਾ।

ਮਹਾਰਾਣੀ ਬੋਲੀ ਗਈ, "ਅਕਾਲ ਪੁਰਖ ਅੱਗੇ ਅਰਦਾਸਾਂ ਕਰਦੀ ਹੋਈ ਸ਼ਹੀਦਾਂ ਮੁਰੀਦਾਂ ਦੀ ਯਾਦ ਆਸਰੇ ਮੈਂ ਆਪਣੇ ਮਸੂਮ ਬੱਚੇ ਨੂੰ ਪੋਟਿਆਂ ਨਾਲ ਮਿਣ ਮਿਣ ਕੇ ਪਾਲਣ ਲੱਗੀ। ਤਨੋਂ, ਮਨੋਂ ਤੇ ਧਨੋਂ ਮੇਰਾ ਖ਼ਿਆਲ ਬੱਚੇ ਦੇ ਜੁਆਨ ਕਰਨ ਵਿਚ ਲੱਗਾ। ਪਤੀ ਦੀ ਯਾਦ ਤੇ ਪਿਆਰ ਵੀ ਇਹ ਬੱਚਾ ਹੀ ਬਸਣ ਗਿਆ। ਮੈਂ ਆਪਣੇ ਜੀਵਨ ਦਾ ਭਵਿੱਖਤ ਏਸ ਤੇ ਚਮਕਦੇ ਅਤੇ ਖਿੜੇ ਚਿਹਰੇ ਤੋਂ ਤੱਕਣ ਲੱਗੀ। ਰਾਤ ਦਿਨ ਵਿਚ ਅੱਖਾਂ ਤੋਂ ਉਹਲੇ ਇਕ ਪਲ ਨਾ ਕਰਦੀ, ਏਥੋਂ ਤਕ ਕਿ ਮੰਗਲਾਂ ਹੌਲੀ, ਜੋ ਬੱਚੇ ਦੀ ਖਿਡਾਵੀ ਤੇ ਵਫ਼ਾਦਾਰ ਸੇਵਕਾ ਸੀ, ਉ ਤੇ ਵੀ ਇਤਬਾਰ ਕਰਨੋਂ ਝਿਜਕਦੀ ਰਹੀ।"

ਸਾਧੂਵੀ ਸੋਚਣ ਲੱਗ ਪਿਆ ਕਿ ਉਸ ਦੀ ਸਿੰਘਣੀ ਵੀ ਆਪਣੇ ਬੱਚੇ ਨੂੰ ਛਾਤੀ ਨਾਲ ਲਾ ਕੇ ਪਾਲਦੀ ਹੋਵੇਗੀ, ਉਹ ਕਿਸੇ ਤੇ ਭਰੋਸਾ ਨਹੀਂ ਕਰਦੀ ਹੋਵੇਗੀ।, ਅਜ ਬੱਚਾ ਬਾਰ੍ਹਾਂ ਤੇਰ੍ਹਾਂ ਸਾਲ ਦਾ ਜੁਆਨ ਹੋਵੇਗਾ। ਜੇ ਮੈਂ

ਉਥੇ ਹੁੰਦਾ ਤਾਂ ਜ਼ਰੂਰ ਉਸਨੂੰ ਇਕ ਚੰਗਾ ਘੋੜਾ-ਚੜ੍ਹਾ ਬਨਾਉਣ ਦਾ ਯਤਨ ਕਰਦਾ। ਜੋਗੀ-ਗੁਰੂਕੋਲੋਂ ਤਿਆਗ ਦੀ ਸਿਖਿਆ ਲਈ ਹੋਈ ਨੂੰ ਉਹ ਭੁਲ ਗਿਆ।"

"ਸਰਕਾਰ ਦੇ ਅਲੋਪ ਹੋਣ ਤੇ ਰਾਜ-ਸਿੰਘਾਸਨ ਤੇ ਉਨ੍ਹਾਂ ਦੇ ਵੱਡੇ ਸ਼ਾਹਜ਼ਾਦੇ ਬੈਠੇ। ਇਹ ਬੜੇ ਨੇਕ, ਨਿਰਵੈਰ ਤੇ ਦਰਦੇ ਦਿਲ ਸੰਤ-ਸਿਪਾਹੀ ਸਨ। ਉਨ੍ਹਾਂ ਦਾ ਪਿਛਾ ਸੁਣਦਾ ਹੈ, ਉਹ ਮੇਰਾ ਸਤਿਕਾਰ ਇਕ ਸੱਕੀ ਮਾਂ ਵਾਂਗ ਕਰਦੇ ਰਹੇ। ਉਨ੍ਹਾਂ ਦੇ ਰਾਜ ਸਮੇਂ ਮੈਨੂੰ ਕੋਈ ਦੁੱਖ ਨਹੀਂ ਹੋਇਆ। ਉਹ ਕਦੀ ਆਪ ਆ ਕੇ ਮੇਰੀ ਸੁੱਖ ਸਾਂਦ ਜਾਂ ਮੇਰੀਆਂ ਲੋੜਾਂ ਪੁੱਛ ਜਾਂਦੇ ਜਾਂ ਕਿਸੇ ਗੋੱਲੀ ਰਾਹੀਂ ਪੁੱਛ ਲੈਂਦੇ।"

"ਆਹ ! ਉਹ ਧਰਮ-ਪੁੱਤਰ ਸਨ। ਉਨ੍ਹਾਂ ਦੀ ਵਡਿਆਈ ਜ਼ਬਾਨ ਨਹੀਂ ਕਰ ਸਕਦੀ।" ਸਾਧੂਬੋਲਿਆ, "ਮੈਨੂੰ ਉਹ ਵੱਡੇ ਵੀਰ ਵਾਂਗ ਜਾਂਣਦੇ ਸਨ। ਮੈਂ ਉਨ੍ਹਾਂ ਦੀ ਅੜਦਲ ਵਿਚ ਹੁੰਦਾ ਸਾਂ। ਉਨ੍ਹਾਂ ਦੀਆਂ ਬਖ਼ਸ਼ਿਸ਼ਾਂ ਦੇ ਕਾਰਨ ਮੈਂ ਆਪਣੇ ਪਿੰਡ ਵਿਚ ਇਕ ਤਕੜਾ ਸਰਦਾਰ ਵੱਜਦਾ ਸੀ। ਮੇਰੇ ਘਰ ਵਾਲੇ ਜੀਉਂਦੇ ਹੋਣਗੇ ਤਾਂ ਉਹ ਉਸ ਨੇਕ ਮਹਾਰਾਜਾ ਜੀ ਦਾ ਗੁਣ ਗਾਉਂਦੇ ਹੋਣਗੇ।"

"ਉਨ੍ਹਾਂ ਦੇ ਗੁਣ ਕਥੇ ਨਹੀਂ ਜਾਂਦੇ ! ਮਹਾਰਾਣੀ ਕਹੀ ਗਈ, ਆਪਣੇ ਪਿਤਾ ਵਾਂਗ ਧਰਮੀ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲੱਗੇ। ਮੰਦਰ, ਗੁਰਦੁਆਰੇ, ਮਸੀਤਾਂ, ਸਰਾਵਾਂ ਅਤੇ ਬੌਲੀਆਂ ਦੀ ਉਸਾਰੀ ਦਾ ਕੰਮ ਜੋ ਸਰਕਾਰ ਨੇ ਸ਼ੁਰੂਕਰਾਇਆ ਸੀ ਨੇਪਰੇ ਚਾੜ੍ਹਨ ਲੱਗੇ। ਲੋਕ ਇਹ ਪ੍ਰਤੀਤ ਕਰਨ ਲੱਗ ਪਏ ਸਨ ਕਰਾਇਆ ਸੀ ਨੇਪਰੇ ਚਾੜ੍ਹਨ ਲੱਗੇ। ਲੋਕ ਇਹ ਪ੍ਰਤੀਤ ਕਰਨ ਲੱਗ ਪਏ ਸਨ ਸਨ ਕਿ (ਸਰਕਾਰ ਮਹਾਰਾਜਾ ਰਣਜੀਤ ਸਿੰਘ) ਦੀ ਅਣਹੋਂਦ ਨਹੀਂ ਮਾਲੂਮ ਹੋਵੇਗੀ ਇਹ ਸਰਕਾਰ ਦਾ ਪ੍ਰਤੱਖ ਰੂਪ ਹਨ।

"ਸੱਚਾ ਸਪੁੱਤਰ ਉਹੋ ਹੈ, ਜੋ ਆਪਣੇ ਬਾਪ ਦੇ ਸ਼ੁਰੂਕੀਤੇ ਹੋਏ ਨੇਕ ਕੰਮਾਂ ਨੂੰ ਨੇਪਰੇ ਚਾੜ੍ਹੇ ਤੇ ਉਨ੍ਹਾਂ ਵਿਚ ਵਾਧਾ ਕਰਕੇ ਕੁਲ ਦਾ ਨਾਂ ਉਚਾਗਰ ਕਰੇ," ਸਾਧੂਦਾ ਕਥਨ ਸੀ।

"ਗੋਮਤੀ ਮੈਨੂੰ ਤਰੇਹ ਲੱਗੀ ਹੈ।" ਗੋਮਤੀ ਵੱਲ ਦੇਖ ਕੇ ਮਹਾਰਾਣੀ ਬੋਲੀ।

"ਚੰਗਾ ਸਰਕਾਰ ਮੈਂ ਹੁਣੇ ਸੀਤਲ ਜਲ ਲਿਆਉਂਦੀ ਹਾਂ।" ਇਹ ਆਖ ਕੇ ਗੋਮਤੀ ਸਾਧੂਦੀ ਚਿੱਪੀ ਫੜ ਕੇ ਗੁਫ਼ਾ ਅੱਗੇ ਚਲ ਰਹੇ ਨਿਰਮਲ ਜਲ ਦੇ ਨਾਲੇ ਵਿਚੋਂ ਪਾਣੀ ਲੈਣ ਵਾਸਤੇ ਤੁਰ ਪਈ।

## ਕਾਂਡ-10

"ਉਨ੍ਹਾਂ (ਮਹਾਰਾਜਾ ਖੜਕ ਸਿੰਘ) ਨੂੰ ਗੱਦੀ ਤੇ ਬੈਠਿਆਂ ਅਜੇ ਚਾਰ ਮਹੀਨੇ ਵੀ ਨਹੀਂ ਸਨ ਹੋਏ।" ਸਿੱਖ ਰਾਜ ਦੇ ਅੰਤਲੇ ਦਿਨਾਂ ਦੀ ਵਿਥਿਆ ਨੂੰ ਮਹਾਰਾਣੀ ਸੁਣਾਂਦੀ ਹੋਈ ਬੋਲੀ, "ਰਾਜਾ ਧਿਆਨ ਸਿੰਘ ਨੇ ਅੱਤ ਚੁਕ ਲਈ। ਉਸ ਨੇ ਅੰਦਰੋਂ ਅੰਦਰੀਂ ਗੋਂਦਾਂ ਗੁੰਦ ਲਈਆਂ ਕਿ ਰਾਜ-ਗੱਦੀ ਉਹ ਆਪਣੇ ਪੁੱਤਰ ਹੀਰਾ ਸਿੰਘ ਨੂੰ ਦੇਵੇ, ਪਰ ਇਹ ਮਿਲ ਤਾਂ ਸਕਦੀ ਸੀ ਜੇ ਗੱਦੀ ਦੇ ਸਾਰੇ ਵਾਰਸਾਂ ਨੂੰ ਉਹ ਪਹਿਲਾਂ ਬਿੱਲੇ ਲਾ ਲਵੇ।"

"ਉਸ ਦੁਸ਼ਟ ਦਾ ਨਾਂ ਸੁਣ ਕੇ ਹੀ ਕੰਬਣੀਆਂ ਆ ਜਾਂਦੀਆਂ ਹਨ।" ਸਾਧੂਬੋਲਿਆਂ "ਉਹ ਮਹਾਂ ਪਾਪੀ ਹੈ। ਮੈਂ ਉਸ ਦੀਆਂ ਸਾਰੀਆਂ ਕਾਲੀਆਂ ਕਰਤੂਤਾਂ ਤੋਂ ਜਾਣੂਹਾਂ। ਏਸੇ ਨੇ ਹੀ ਪਿਉ ਪੁੱਤ ਵਿਚ ਫੁੱਟ ਪਵਾਈ ਤੇ ਇਕ ਦੂਸਰੇ

ਤੋਂ ਦੂਰ ਕੀਤਾ ਤੇ ਮੁੜ ਲੱਗ ਪਿਆ ਆਪ-ਹੁਦਰੀਆਂ ਕਰਨ।"

"ਮਹਾਰਾਣੀ ਕਹੀ ਗਈ, ਸਰਦਾਰ ਚੇਤ ਸਿੰਘ ਮਹਾਰਾਜਾ ਖੜਕ ਸਿੰਘ ਦੇ ਦਰਬਾਰ ਵਿਚ ਬੜਾ ਅਸਰ ਰਖਦਾ ਸੀ। ਆਦਮੀ ਵੀ ਬੜਾ ਸਮਝਦਾਰ ਨੇਕ, ਵਿਹਾਰ ਦਾ ਸੱਚਾ ਸੁੱਚਾ, ਵਾਹਿਗੁਰੂ ਦੇ ਭੈ ਵਾਲਾ ਤੇ ਨੀਤੀਵਾਨ ਸੀ। ਉਸਦੇ ਜੀਉਂਦੇ ਜੀ ਧਿਆਨ ਸਿੰਘ ਦੀ ਦਾਲ ਨਹੀਂ ਸੀ ਗਲਦੀ। ਧਿਆਨ ਸਿੰਘ ਨੇ ਪਹਿਲਾ ਕਦਮ ਇਹ ਚੁਕਿਆ ਕਿ ਦਰਬਾਰੀ ਸੇਵਕਾਂ ਅਤੇ ਰਾਖੇ ਸਿਪਾਹੀਆਂ ਨੂੰ ਸੋਨਾ ਚਾਂਦੀ ਦੇ ਕੇ ਆਪਣੇ ਪੱਥ ਵਲ ਕਰ ਲਿਆ ਤੇ ਉਨ੍ਹਾਂ ਨੂੰ ਮਾਰ ਦੇਣ ਦੀ ਵਿਉਂਤ ਬਣਾ ਲਈ। ਇਕ ਦਿਨ ਸਵੇਰੇ ਹੀ ਧਿਆਨ ਸਿੰਘ ਆਪਣੇ ਨਾਲ ਕੇਸਰੀ ਸਿੰਘ, ਗੁਲਾਬ ਸਿੰਘ ਤੇ ਲਾਲ ਸਿੰਘ ਨੂੰ ਲੈ ਕੇ ਕਿਲ੍ਹੇ ਵਿਚ ਆਇਆ। ਕਿਲ੍ਹੇ ਦੇ ਬੂਹੇ ਅੱਗੇ ਵੀ ਉਸ ਦੀ ਜੁੰਡੀ ਦੇ ਰਾਖੇ ਸਨ, ਕਿਸੇ ਸੇਵਕ ਨੇ ਉਨ੍ਹਾਂ ਨੂੰ ਨਾ ਰੋਕਿਆ। ਅੰਦਰਲੇ ਪਹਿਰੇਦਾਰਾਂ ਨੇ ਰੋਕਿਆ ਤਾਂ ਉਨ੍ਹਾਂ ਨੂੰ ਦੁਸ਼ਟ ਆਖਣ ਲੱਗੇ, "ਮਹਾਰਾਜਾ ਜੀ ਨੇ ਅਜ ਸ੍ਰੀ ਅੰਮ੍ਰਿਤਸਰ ਜੀ ਇਸ਼ਨਾਨ ਕਰਨ ਵਾਸਤੇ ਜਾਣਾ ਹੈ।" ਉਸ ਵੇਲੇ ਮਹਾਰਾਜਾ ਜੀ ਤਾਂ ਸਮਾਪੀ ਲਾ ਕੇ ਪਾਠ ਕਰ ਰਹੇ ਸੀ ਤੇ ਚੇਤ ਸਿੰਘ ਉਨ੍ਹਾਂ ਦੇ ਕੋਲ ਬੈਠਾ ਸੀ। ਇਨ੍ਹਾਂ ਨੂੰ ਕੁਵੇਲੇ ਆਏ ਵੇਖ ਕੇ ਉਹ ਪਾਸੇ ਹੋ ਗਿਆ, ਪਰ ਦੁਸ਼ਟਾਂ ਨੇ ਮਹਾਰਾਜਾ ਜੀ ਦੇ ਸਾਹਮਣੇ ਹੀ ਚੇਤ ਸਿੰਘ ਨੂੰ ਬੱਕਰੇ ਵਾਂਗ ਕੋਹ ਕੋਹ ਮਾਰ ਦਿੱਤਾ। ਮਹਾਰਾਜੇ ਦੀ ਕੋਈ ਪੇਸ਼ ਨਾ ਗਈ, ਉਨ੍ਹਾਂ ਨੂੰ ਵੀ ਜਾਨ ਦਾ ਖ਼ਤਰਾ ਸੀ।

"ਉਹੋ ਜਿਹਾ ਸਮਾਂ ਤਾਂ ਵਾਹਿਗੁਰੂ ਦੁਸ਼ਮਨ ਤੇ ਵੀ ਨਾ ਲਿਆਵੇ। ਲਹੂ ਤੇ ਮਿੱਝ ਦੇ ਘਾਣ ਵਿਚ ਠੰਡਾ ਹੋਇਆ ਸ. ਚੇਤ ਸਿੰਘ ਮੈਂ ਵੀ ਤਕਿਆ ਸੀ। ਮੇਰੀਆਂ ਤਾਂ ਉਸ ਵੇਲੇ ਭੁੱਖਾਂ ਨਿਕਲ ਗਈਆਂ ਸਨ।" ਦਿਲ ਭਰ ਕੇ ਸਾਧੂ ਬੋਲਿਆ।

ਸ. ਚੇਤ ਸਿੰਘ ਦੇ ਕਤਲ ਤੋਂ ਮਹਾਰਾਜਾ ਖੜਕ ਸਿੰਘ ਨੂੰ ਯਕੀਨ ਹੋ ਗਿਆ ਕਿ ਹੁਣ ਉਸ ਦਾ ਬਚਣਾ ਤੇ ਰਾਜ ਕਰਨਾ ਔਖਾ ਹੈ। ਮਹਾਰਾਣੀ ਦੱਸਣ ਲੱਗੀ, "ਉਹ ਰਾਜ-ਕਾਜ ਤੋਂ ਅਲੱਗ ਹੋ ਗਏ। ਕੰਵਰ ਨੌਨਿਹਾਲ ਸਿੰਘ ਸਾਰਾ ਕੰਮ ਕਰਨ ਲੱਗਾ। ਪਰ ਉਨ੍ਹਾਂ ਨੂੰ ਰਾਜ ਤੋਂ ਪਰੇ ਹੋ ਕੇ ਭਗਤੀ ਵੀ ਨਾ ਕਰਨ ਦਿੱਤੀ। ਕੱਚਾ ਪਾਰਾ ਹਕੀਮਾਂ ਕੋਲੋਂ ਖੁਆ ਖੁਆ ਕੇ ਉਨ੍ਹਾਂ ਦੀ ਜਾਨ ਲੈ ਲਈ।

"ਅਜੇ ਉਨ੍ਹਾਂ ਦੀ ਚਿਖਾ ਬਲ ਹੀ ਰਹੀ ਸੀ ਤੇ ਉਨ੍ਹਾਂ ਦੀ ਹਮਦਰਦੀ ਤੇ ਸਾਰਾ ਸ਼ਾਹੀ ਪਰਵਾਰ ਰੋ ਕੁਰਲਾ ਰਿਹਾ ਸੀ, ਕਿ ਪਾਪੀ ਧਿਆਨ ਸਿੰਘ ਨੇ ਕੰਵਰ ਨੌਨਿਹਾਲ ਸਿੰਘ ਨੂੰ ਬਹਾਨੇ ਨਾਲ ਕਿਲ੍ਹੇ ਵਲ ਲਿਆਂਦਾ ਤੇ ਡਿਉੜੀ ਦਾ ਛੱਜਾ ਡੇਗ ਕੇ ਉਸ ਨੂੰ ਫੱਟੜ ਕਰ ਦਿੱਤਾ।

"ਮਹਾਰਾਣੀ ਜੀ, ਉਸ ਕਾਲੇ ਸਮੇਂ ਦਾ ਕਥਨ ਨਾ ਕਰੋ, ਮੇਰੀਆਂ ਅੱਖਾਂ ਅੱਗੇ ਹਨੇਰਾ ਆ ਰਿਹਾ ਹੈ। ਮੇਰਾ ਪਾਪ ਮੇਰਾ ਗਲਾ ਘੁੱਟਣ ਲੱਗਾ ਹੈ।" ਸਾਧੂ ਚਿੱਲਾ ਉੱਠਿਆ।

"ਤੁਸਾਂ ਕੀ ਪਾਪ ਕੀਤਾ?"

"ਮੈਨੂੰ ਪਹਿਲਾਂ ਪਤਾ ਲੱਗ ਗਿਆ ਸੀ ਕਿ ਕੰਵਰ ਦੇ ਮਾਰਨ ਦੀਆਂ ਤਿਆਰੀਆਂ ਹੋ ਰਹੀਆਂ ਹਨ, ਪਰ ਮੈਂ ਕੰਵਰ ਜੀ ਨੂੰ ਦੱਸ ਨਾ ਸਕਿਆ ਜਦੋਂ ਕਿੰਗਰਾ ਢਾਹਿਆ ਜਾ ਰਿਹਾ ਸੀ ਤਦੋਂ ਤਾ ਮੈਨੂੰ ਪੂਰਾ ਗਿਆਨ ਸੀ ਮੇਰੀ ਬੁੱਧ ਤੇ ਐਸਾ ਪੜਦਾ ਪਿਆ ਕਿ ਜ਼ਬਾਨ ਨਾ ਖੋਲ੍ਹ ਸਕਿਆ।"

"ਹੋਣੀ ਹੋ ਕੇ ਰਹਿੰਦੀ ਹੈ, ਕਿਸੇ ਦੇ ਵੱਸ ਦੀ ਗੱਲ ਨਹੀਂ। ਆਖਦੇ ਨੇ ਉਥੇ ਕੰਵਰ ਜੀ ਨੂੰ ਸੱਟ ਤਾਂ ਬਹੁਤ ਥੋੜ੍ਹੀ ਲੱਗੀ ਸੀ। ਸਾਰੀ ਇੱਟ ਮਿੱਟੀ ਊਧਮ ਸਿੰਘ ਤੇ ਡਿਗੀ ਜੋ ਉਥੇ ਹੀ ਮਰ ਗਿਆ। ਫਿਰ ਵੀ ਕੰਵਰ ਜੀ ਨੂੰ ਹਜ਼ੂਰੀ ਬਾਗ ਦੀ ਬਾਰਾਂਦਰੀ ਵਿਚ ਲਿਜਾ ਕੇ ਬਹੁਤ ਬੁਰੀ ਤਰ੍ਹਾਂ ਪੱਥਰਾਂ ਦੇ ਨਾਲ ਕੁਟ ਕੁਟ ਕੇ ਸਿਰ ਫੇਹ ਦਿੱਤਾ ਅਤੇ ਜਾਨ ਕੱਢ ਦਿੱਤੀ। ਧਿਆਨ ਸਿੰਘ ਤੋਂ ਬਿਨਾਂ ਕਿਸੇ ਨੂੰ ਵੇਖਣ ਵੀ ਨਾ ਦਿੱਤਾ ਗਿਆ ਤੇ ਦੋ ਦਿਨ ਪਿਛੋਂ ਦੱਸਿਆ ਕਿ ਕੰਵਰ ਦੀ ਮੌਤ ਹੋ ਗਈ ਹੈ। ਉਹ ਵੀ ਸ਼ੇਰ ਸਿੰਘ ਦੇ ਲਾਹੌਰ ਪੁੱਜਣ ਤੇ।"

"ਆਹ ! ਜੇ ਕੰਵਰ ਸਮਝ ਤੋਂ ਕੰਮ ਲੈਂਦਾ, ਧਿਆਨ ਸਿੰਘ ਦੇ ਆਖੇ ਲਗ ਕੇ ਪਿਤਾ ਦੇ ਵਿਰੁੱਧ ਨਾ ਹੁੰਦਾ, ਇਸ ਪਾਪੀ ਨੂੰ ਦਰਬਾਰ ਵਿਚੋਂ ਕੱਢ ਦੇਂਦਾ ਤਾਂ ਬਿਨ ਆਈ ਮੌਤੇ ਆਪ ਨਾ ਮਰਦਾ," ਸਾਧੂ ਦਾ ਹੌਕਾ ਸੀ।

"ਸਾਨੂੰ ਬਿਪਤਾ ਨਾ ਪੈਂਦੀ !" ਮਹਾਰਾਣੀ ਕਾਲਜੇ ਨੂੰ ਘੁਟ ਕੇ ਬੋਲੀ, "ਨਾ ਪੰਜਾਬ ਗ਼ੁਲਾਮ ਹੁੰਦਾ ! ਬਸ ਕੰਵਰ ਜੀ ਦੀ ਮੌਤ ਪਿਛੋਂ ਤਾਂ ਸ਼ਾਹੀ ਕਿਲ੍ਹਾ ਕਤਲਗਾਹ ਬਣ ਗਿਆ। ਕਈਆਂ ਨਿਰਦੋਸ਼ਿਆਂ ਦੇ ਲਹੂ ਡੁਲ੍ਹਣ ਲਗੇ। ਹਰ ਇਕ ਨੂੰ ਆਪਣੀ ਜਾਨ ਦਾ ਤੌਖਲਾ ਪੈ ਗਿਆ। ਸਮਝਦਾਰ ਵਜ਼ੀਰ ਤਾਂ ਦਰਬਾਰ ਛੱਡ ਕੇ ਘਰੀਂ ਜਾ ਬੈਠੇ। ਮੇਰੇ ਵਰਗੀਆਂ ਜਿਥੇ ਬੈਠੀਆਂ ਸਨ ਬਸ ਉਥੇ ਹੀ ਕਬੂਤਰ ਵਾਂਗ ਅੱਖਾਂ ਮੀਟ ਕੇ ਬੈਠੀਆਂ ਰਹੀਆਂ। ਹਰ ਘੜੀ ਪਿਛੋਂ ਕੋਈ ਨਾ ਕੋਈ ਗੋੱਲੀ ਆ ਕੇ ਦੱਸ ਦੇਂਦੀ ਕਿ ਹੁਣ ਫਲਾਣੇ ਨੂੰ ਮਾਰ ਦਿੱਤਾ ਗਿਆ, ਹੁਣ ਢਿਮਕਦੜੇ ਦੀਆਂ ਆਂਝਤਦਰਾਂ ਕੱਢ ਕੇ ਉਨ੍ਹਾਂ ਨੂੰ ਕੁੱਤਿਆਂ ਅੱਗੇ ਸੁਟਿਆ ਜਾ ਰਿਹਾ ਹੈ ਤੇ ਦਰਬਾਰਾਂ ਸਿੰਘ ਦਾ ਸਿਰ ਵੱਢਕੇ ਸਿਪਾਹੀ ਉਸ ਨਾਲ ਖਿੱਦੋ-ਖੂੰਡੀ ਖੇਡ ਰਹੇ ਨੇ। ਇਹੋ ਜੇਹੀਆਂ ਦਿਲ-ਕੰਬਾਊ ਖ਼ਬਰਾਂ ਸੁਣ ਸੁਣ ਕੇ ਮੈਂ ਡਰ ਜਾਂਦੀ, ਮਸੂਮ ਬਚਾਓ ਨੂੰ ਹਿੱਕ ਨਾਲ ਘੁਟ. ਵਾਗਿਗੁਰੂ ਅੱਗੇ ਅਰਦਾਸਾਂ ਕਰਦੀ ਰਹਿੰਦੀ ਕਿ ਇਹ ਡੋਗਰਾ-ਗਰਦੀ ਕਿਵੇਂ ਖ਼ਤਮ ਹੋਵੇ।, ਜੀਵਨ ਨਾਲੋਂ ਮੌਤ ਸਸਤੀ ਹੋ ਗਈ ਸੀ।

"ਬਾਹਰ ਦਿਆਂ ਕੋਲੋਂ ਕੋਈ ਨਹੀਂ ਮਰਦਾ, ਜਦੋਂ ਕੋਈ ਮਰਦਾ ਹੈ ਤਾਂ ਉਸਨੂੰ ਘਰ ਦੇ ਹੀ ਮਾਰਦੇ ਹਨ। ਮਲਾਹ ਦੀ ਮਰਜ਼ੀ ਬੇੜੇ ਨੂੰ ਗ਼ਰਕ ਕਰਨ ਦੀ ਹੋਵੇ ਤਾਂ ਕੋਈ ਨਹੀਂ ਬਚ ਸਕਦਾ।" ਸਾਧੂ ਨੇ ਸਿਆਣੀ ਗੱਲ ਕੀਤੀ।

ਮਹਾਰਾਣੀ ਫਿਰ ਦੱਸਣ ਲੱਗੀ, "ਕੰਵਰ ਨੌਨਿਹਾਲ ਸਿੰਘ ਦੇ ਚਲਾਣੇ ਪਿਛੋਂ ਸੁਆਲ ਉਠਿਆ ਕਿ ਰਾਜ-ਤਖ਼ਤ ਕਿਸ ਨੂੰ ਦਿੱਤਾ ਜਾਏ। ਮਹਾਰਾਜਾ ਦੀ ਚੋਣ ਕਰਨ ਵਾਲਿਆਂ ਦੇ ਦੋ ਧੜੇ ਬਣ ਗਏ। ਇਕ ਧੜਾ ਸੰਧਾਂਵਾਲੀਆਂ ਦਾ ਸੀ, ਜੋ ਇਹ ਚਾਹੁੰਦੇ ਸਨ ਕਿ ਮਹਾਰਾਣੀ ਚੰਦ ਕੌਰ ਨੂੰ ਸਰਬਰਾਹ ਬਣਾਕੇ ਕੁਝ ਚਿਰ ਵਾਸਤੇ ਰਾਜ ਦਾ ਪ੍ਰਬੰਧ ਕੀਤਾ ਜਾਵੇ।"

ਮੈਂ ਭੁਲ ਗਈ ਦੱਸਣਾ, "ਕੰਵਰ ਜਦੋਂ ਮਰਿਆ ਹੈ, ਉਸ ਵੇਲੇ ਉਸ ਦੀ ਰਾਣੀ ਦੇ ਪੈਰ ਭਾਰੇ ਸਨ। ਮਹਾਰਾਣੀ ਚੰਦ ਕੌਰ ਖੜਕ ਸਿੰਘ ਦੀ ਰਾਣੀ ਦਾ ਖ਼ਿਆਲ ਸੀ ਕਿ ਥੋੜੇ ਦਿਨਾਂ ਨੂੰ ਉਸ ਦੀ ਨੂੰਹ ਇਕ ਲੜਕੇ ਦੀ ਮਾਂ ਹੋਵੇਗੀ ਤੇ ਉਸ ਲੜਕੇ ਨੂੰ ਪੰਜਾਬ ਦਾ ਮਹਾਰਾਜਾ ਬਣਾਇਆ ਜਾਏਗਾ।"

"ਇਹ ਤਾਂ ਮੈਂ ਵੀ ਸੁਣਿਆ ਸੀ, ਪਰ ਅਗਲੇ ਹਾਲਾਂ ਦਾ ਮੈਨੂੰ ਨਹੀਂ ਪਤਾ।"

ਮੈਂ ਸਭ ਕੁਝ ਦੱਸਦੀ ਹਾਂ ਜੀ, "ਅਣਜੰਮੇ ਮੁੰਡੇ ਨੂੰ ਰਾਜ ਦੇਣ ਖ਼ਾਤਰ ਰਾਜ ਦੀ ਵਾਗ ਡੋਰ ਮਹਾਰਾਣੀ ਚੰਦ

ਕੌਰ ਦੇ ਹੱਥ ਸੌਂਪ ਦਿੱਤੀ ਗਈ। ਉਸ ਦੀ ਮਦਦ ਵਾਸਤੇ ਇਕ ਪੰਚੈਤ ਵੀ ਬਣੀ, ਜਿਸ ਵਿਚ ਸ਼ੇਰ ਸਿੰਘ ਵੀ ਸੀ। ਪਰ ਧਿਆਨ ਸਿੰਘ ਤੇ ਉਸਦੇ ਹਮਜੋਲੀ ਸੋਚਦੇ ਸਨ ਕਿ ਸ਼ੇਰ ਸਿੰਘ ਮਹਾਰਾਜਾ ਬਣੇ, ਇਸ ਕਰਕੇ ਉਨ੍ਹਾਂ ਇਕ ਮਤਾ ਪਕਾਇਆ।"

"ਉਹ ਕੀ?"

ਉਨ੍ਹਾਂ ਨੇ ਇਉਂ ਸੋਚਿਆ ਕਿ ਧਿਆਨ ਸਿੰਘ ਆਪਣੇ ਕੰਮਾਂ ਦੀ ਸੌਂਪਣਾ ਆਪਣੇ ਪੁੱਤਰ ਹੀਰਾ ਸਿੰਘ ਤੇ ਭਰਾ ਰਾਜਾ ਗੁਲਾਬ ਸਿੰਘ ਨੂੰ ਕਰਕੇ ਕਸ਼ਮੀਰ ਚਲਾ ਜਾਏ ਤੇ ਸ਼ੇਰ ਸਿੰਘ ਵਟਾਲੇ ਨੂੰ, ਜਿਥੋਂ ਦਾ ਉਹ ਸੂਬੇਦਾਰ ਸੀ। ਉਹ ਕੁਝ ਸਮੇਂ ਪਿਛੋਂ ਫ਼ੌਜ ਲੈ ਕੇ ਕਿਲ੍ਹੇ ਤੇ ਚੜ੍ਹਾਈ ਕਰੇ। ਧਿਆਨ ਸਿੰਘ ਤੇ ਗੁਲਾਬ ਸਿੰਘ ਉਸ ਦੀ ਮਦਦ ਕਰਨਗੇ। ਦੋਵੇਂ ਲਾਹੌਰ ਛੱਡ ਕੇ ਤੁਰ ਗਏ।

ਥੋੜੇ ਸਮੇਂ ਪਿਛੋਂ ਸ਼ੇਰ ਸਿੰਘ ਚੜ੍ਹਾਈ ਕਰਕੇ ਸ਼ਾਲਾਮਾਰ ਬਾਗ ਦੇ ਲਾਗੇ ਆ ਉਤਰਿਆ ਅਤੇ ਅਗਲੇ ਦਿਨ ਹੀ ਭਾਈ ਬੁੱਧੂ ਦੇ ਆਵੇ ਤੇ ਸਾਰੀਆਂ ਸਿਖ ਫ਼ੌਜਾਂ ਉਸਨੂੰ ਮਿਲ ਪਈਆਂ। ਉਸ ਦੇ ਆਉਣ ਦੀ ਖ਼ੁਸ਼ੀ ਵਿਚ ਤੋਪਾਂ ਦਾਗੀਆਂ ਗਈਆਂ। ਦੁਪਹਿਰ ਦਾ ਵੇਲਾ ਹੋਵੇਗਾ, ਆਪਣੇ ਪੁੱਤਰ ਨੂੰ ਗੋਦ ਲੈ ਕੇ ਮੈਂ ਸੁਖਮਨੀ ਸਾਹਿਬ ਦਾ ਪਾਠ ਕਰ ਰਹੀ ਸਾਂ ਕਿ ਗੋਲੀਆਂ ਨੇ ਆਕੇ ਖ਼ਬਰ ਦਿੱਤੀ ਕਿ ਸ਼ੇਰ ਸਿੰਘ ਕਿਲ੍ਹੇ ਤੇ ਚੜ੍ਹਾਈ ਕਰਕੇ ਆ ਗਿਆ ਹੈ। ਸ਼ਹਿਰ ਵਿਚ ਉਸਨੂੰ ਕਿਸੇ ਨਹੀਂ ਰੋਕਿਆ, ਉਸਨੇ ਹਜ਼ੂਰੀ ਬਾਗ਼ ਵਿਚ ਆ ਡੇਰੇ ਲਾਏ ਹਨ। ਲੜਾਈ ਹੋਵੇਗੀ। ਹੋ ਸਕਦਾ ਹੈ ਕਿ ਕਿਲ੍ਹੇ ਦੀ ਇੱਟ ਨਾਲ ਇੱਟ ਖੜਕਾਈ ਜਾਵੇ। ਮੈਂ ਬਹੁਤ ਘਾਬਰ ਗਈ। ਉਸ ਵੇਲੇ ਹੀ ਪੁੱਤਰ ਨੂੰ ਹਿੱਕ ਨਾਲ ਘੁੱਟੀ ਆਪਣੇ ਮਹੱਲ ਦੇ ਪਿਛਲੇ ਕੋਠੇ ਵਿਚ ਚਲੀ ਗਈ। ਸਾਰੇ ਕਿਲ੍ਹੇ ਵਿਚ ਰੌਲਾ ਪੈ ਗਿਆ। ਤਲਵਾਰਾਂ ਨੰਗੀਆਂ ਹੋ ਗਈਆਂ, ਤੋਪਾਂ ਦੇ ਸੰਗਲ ਖੜਕੇ ਤੇ ਤੋੜੇਦਾਰ ਬੰਦੂਕਾਂ ਨੂੰ ਠੀਕ ਕੀਤੀ ਗਿਆ। "ਸਤਿ ਸ੍ਰੀ ਅਕਾਲ" ਦੇ ਨਾਹਰਿਆਂ ਨਾਲ ਅਸਮਾਨ ਗੂੰਜਣ ਲੱਗਾ।

"ਅਕਾਲ ਤੂੰ ਹੀ! ਅਕਾਲ ਤੂੰ ਹੀ! ਆਪਣੇ ਕਿਲ੍ਹੇ ਤੇ ਆਪ ਹੀ ਚੜ੍ਹਾਈ!" ਸਾਧੂ ਨੇ ਦੋਵੇਂ ਹੱਥ ਕੰਨਾਂ 'ਤੇ ਰੱਖਦਿਆਂ ਹੋਇਆ ਆਖਿਆ।

"ਕੁਝ ਨਾ ਪੁੱਛੋ, ਅਕਲ ਵਿਚ ਪੱਥਰ ਪੈ ਗਏ ਸਨ। ਕੋਈ ਸਮਝਦਾਰ ਨਹੀਂ ਸੀ। ਕਿਲ੍ਹੇ ਤੇ ਬਰੂਦ ਦਾ ਮੀਂਹ ਵਰਸਾਉਣਾ ਸ਼ੁਰੂ ਕਰ ਦਿੱਤਾ। ਜਿਸ ਕਿਲ੍ਹੇ ਦੀਆਂ ਕੰਧਾਂ ਨੂੰ ਮੁਰੰਮਤ ਕਰਨ ਵਾਸਤੇ ਸਿੰਘਾਂ ਨੇ ਆਪਣੀਆਂ ਹੱਡੀਆਂ ਦਾ ਚੂਨਾ ਬਣਾ ਕੇ ਆਪ ਦਿੱਤੀ ਸੀ, ਉਸ ਕਿਲ੍ਹੇ ਨੂੰ ਸਿੰਘ ਹੀ ਬਰਬਾਦ ਕਰਨ ਲੱਗੇ। ਉਹ ਵੀ ਸ਼ੇਰੇ ਪੰਜਾਬ ਦੇ ਪੁੱਤਰ।"

ਲਾਲਚ ਤੇ ਈਰਖਾ ਮਨੁੱਖ ਨੂੰ ਪਾਗਲ ਤੇ ਬੁਧੂ ਬਣਾ ਦੇਂਦੇ ਹਨ। ਉਹ ਘਾਟੇ ਵਾਧੇ ਨੂੰ ਨਹੀਂ ਸੋਚਦਾ। ਮੈਂ ਮੇਰੀ ਦੇ ਭੂਤ ਨੇ ਸੰਸਾਰ ਨੂੰ ਖਾ ਲਿਆ ਹੈ।" ਮਹਾਤਮਾ ਬੋਲਿਆ।

ਸੱਚ ਹੈ ਜੀ, "ਮੈਂ-ਮੇਰੀ ਬੁਰ ਬਲਾ," ਗੋਮਤੀ ਵੀ ਚੁਪ ਨਾ ਰਹਿ ਸਕੀ।

"ਤਿੰਨ ਦਿਨ ਅੰਧਾ-ਧੁੰਦ ਦੋਹਾਂ ਦੋਹਾਂ ਪਾਸਿਆਂ ਤੋਂ ਗੋਲਾ-ਬਾਰੀ ਹੁੰਦੀ ਰਹੀ। ਸੰਧਾਂਵਾਲੀਏ ਜਾਨਾਂ ਤੋੜ ਕੇ

ਲੜ ਰਹੇ ਸਨ। ਤੀਸਰੇ ਦਿਨ ਪਤਾ ਲੱਗਾ ਧਿਆਨ ਸਿੰਘ ਜੰਮੂਓਂ ਆ ਗਿਆ ਹੈ ਤੇ ਲੜਾਈ ਰੁਕ ਗਈ ਹੈ। ਸੁਲਹ ਹੋਈ, ਮਹਾਰਾਣੀ ਨੂੰ ਕਿਸੇ ਨਾ ਪੁਛਿਆ। ਆਪੋ ਵਿਚ ਫ਼ੈਸਲਾ ਹੋ ਗਿਆ ਕਿ ਰਾਤ ਨੂੰ ਗੁਲਾਬ ਸਿੰਘ ਕਿਲ੍ਹਾ ਖ਼ਾਲੀ ਕਰ ਦੇਵੇਗਾ। ਉਧਰੋਂ ਗੁਲਾਬ ਸਿੰਘ ਨੇ ਮਹਾਰਾਣੀ ਜੀ ਨੂੰ ਆਖਿਆ ਕਿ ਪਤਾ ਨਹੀਂ ਲੜਾਈ ਦਾ ਕੀ ਨਤੀਜਾ ਨਿਕਲੇ, ਇਸ ਲਈ ਮੈਂ ਤੇਰੇ ਵਾਸਤੇ ਖ਼ਜ਼ਾਨਾ ਤੇ ਕੀਮਤੀ ਮਾਲ ਲੈ ਕੇ ਜੰਮੂ ਚਲਾ ਜਾਂਦਾ ਹਾਂ। ਮੁੜ ਕੇ ਤੈਨੂੰ ਦੇ ਦੇਵਾਂਗਾ। ਉਸ ਵਿਚਾਰੀ ਕੀ ਕਹਿਣਾ ਸੀ, ਉਹ ਚੁਪ ਰਹੀ। ਰਾਤ ਨੂੰ ਗੁਲਾਬ ਸਿੰਘ ਖ਼ਜ਼ਾਨਾ ਲੈ ਕੇ ਤੀਰ ਹੋਇਆ ਤੇ ਕਿਲ੍ਹੇ ਤੇ ਸ਼ੇਰ ਸਿੰਘ ਦਾ ਕਬਜ਼ਾ ਹੋ ਗਿਆ। ਮਹਾਰਾਣੀ ਨੂੰ ਕੈਦ ਕਰ ਲਿਆ ਗਿਆ। ਚੌਥੇ ਦਿਨ ਅਸਾਂ ਬਾਹਰ ਨਿਕਲ ਕੇ ਸੂਰਜ ਨੂੰ ਦੇਖਿਆ, ਜਦੋਂ ਸ਼ੇਰ ਸਿੰਘ ਦੇ ਮਹਾਰਾਜਾ ਬਣਾਏ ਜਾਣ ਦੀਆਂ ਤਿਆਰੀਆਂ ਹੋ ਰਹੀਆਂ ਸਨ।"

"ਮਹਾਰਾਣੀ ਨਾਲ ਫਿਰ ਕਿਵੇਂ ਵਾਪਰੀ?" ਸਾਧੂ ਬੜਾ ਕਾਹਲਾ ਸੀ, ਸਾਰੀ ਕਥਾ ਸੁਣਨੀ ਚਾਹੁੰਦਾ ਸੀ ਕਿ ਇਕੋ ਸ਼ਬਦ ਤੇ ਇਕੋ ਪਲ ਵਿਚ ਸਾਰੀ ਕਥਾ ਮੁਕ ਜਾਏ।

"ਸ਼ੇਰ ਸਿੰਘ ਮਹਾਰਾਜਾ ਬਣਾਇਆ ਗਿਆ। ਉਸ ਦੇ ਹੁਕਮ ਨਾਲ ਮਹਾਰਾਣੀ ਤੇ ਉਸ ਦੀ ਨੂੰਹ ਨੂੰ ਕਿਲ੍ਹੇ ਵਿਚੋਂ ਕੱਢ ਕੇ ਬਾਹਰਲੀ ਹਵੇਲੀ ਵਿਚ ਭੇਜਿਆ ਗਿਆ, ਜਿਸ ਨੂੰ ਕੰਵਰ ਨੌਨਿਹਾਲ ਸਿੰਘ ਦੀ ਹਵੇਲੀ ਆਖਦੇ ਹਨ।"

"ਜੋ ਮੋਰੀ ਦਰਵਾਜ਼ੇ ਦੇ ਅੰਦਰ ਹੈ।"

"ਹਾਂ ਜੀ।"

"ਅਜੇ ਉਹ ਜੀਉਂਦਾ ਹੈ?"

"ਆਹ! ਜਿਸ ਦਾ ਪਤੀ ਮਾਰ ਦਿੱਤਾ ਗਿਆ, ਪੁੱਤਰ ਨਾ ਰਹਿਣ ਦਿੱਤਾ, ਉਸ ਨੂੰ ਕਿਸੇ ਨੇ ਜੀਊਣ ਦੇਣਾ ਸੀ! ਉਸਦੀ ਅਗਲੀ ਕਥਾ ਦੱਸਣ ਵਾਸਤੇ ਜ਼ਬਾਨ ਵਿਚ ਬਲ ਨਹੀਂ, ਕਾਲਜਾ ਮੂੰਹ ਨੂੰ ਆਉਂਦਾ ਹੈ।"

"ਉਸ ਨੂੰ ਵੀ ਮਾਰ ਦਿਤਾ ਗਿਆ?"

"ਹਾਂ, ਉਸ ਨੂੰ ਹੀ ਨਹੀਂ, ਸਗੋਂ ਉਸ ਦੀ ਨੂੰਹ ਦੇ ਸੱਜਰੇ ਜੰਮੇ ਮਾਸੂਮ ਬੱਚੇ ਨੂੰ ਵੀ ਖ਼ਤਮ ਕਰ ਦਿੱਤਾ ਗਿਆ ਹੈ।"

"ਉਹ ਕਿਵੇਂ?"

"ਮਹਾਰਾਣੀ ਕੈਦ ਸੀ। ਉਸ ਦੀ ਸੇਵਾ ਵਾਸਤੇ ਚਾਰ ਗੋਲੀਆਂ ਸਨ। ਭਾਗੀ, ਆਸੋ, ਬਦਾਮੋ ਅਤੇ ਪਿਆਰੋ। ਏਨ੍ਹਾਂ ਦਾਸੀਆਂ ਨੂੰ ਧਿਆਨ ਸਿੰਘ ਦੀ ਰਾਹੀਂ ਸ਼ੇਰ ਸਿੰਘ ਨੇ ਲਾਲਚ ਦਿੱਤਾ ਕਿ ਜੇ ਤੁਸੀਂ ਮਹਾਰਾਣੀ ਨੂੰ ਮਾਰ ਦਿਓ ਤਾਂ ਤੁਹਾਨੂੰ ਭਾਰੀ ਇਨਾਮ ਦਿਤੇ ਜਾਣਗੇ। 'ਲੱਬ ਲਾਨ੍ਹਤ ਤਮ੍ਹਾਂ ਖ਼ਰਾਬ।' ਇਹ ਗੋਲੀਆਂ ਲਾਲਚ ਵਿਚ ਆ ਗਈਆਂ। ਇਹਨਾਂ ਨੇ ਪੱਥਰ ਮਾਰ ਮਾਰ ਕੇ ਮਹਾਰਾਣੀ ਦਾ ਸਿਰ ਫੇਹ ਸੁਟਿਆ ਤੇ ਉਹ ਵਿਚਾਰੀ ਤੜ੍ਹਪ ਤੜ੍ਹਪ ਕੇ ਮਰ ਗਈ।

"ਵਾਹਿਗੁਰੂ! ਵਾਹਿਗੁਰੂ!! ਐਨਾ ਅਨੱਰਥ! ਮਹਾਂ ਪਾਪ!! ਇਹੋ ਜਿਹਾ ਰਾਜ ਨਹੀਂ ਰਹਿਣਾ ਚਾਹੀਦਾ। ਘੋਰ ਅਨੱਰਥ! ਰਾਜ-ਮਾਤਾ ਦਾ ਖ਼ੂਨ ਗੋੱਲੀਆਂ ਰਾਹੀਂ?" ਸਾਧੂ ਚਿਚਲਾ ਉਠਿਆ। ਉਸ ਦੀਆਂ ਅੱਖਾਂ ਵਿਚ ਬਿਜਲੀ

ਵਰਗੀ ਚਮਕ ਸੀ ਜਿਨ੍ਹਾਂ ਵਿਚ ਸਖ਼ਤ ਕ੍ਰੋਧ ਸੀ। ਉਹ ਸਿਰ ਤੋਂ ਪੈਰਾਂ ਤਕ ਕੰਬ ਉਠਿਆ।

"ਜਦੋਂ ਮੇਰੇ ਭਰਾ ਨੇ ਮੈਨੂੰ ਮਹਾਰਾਣੀ ਦੇ ਖ਼ੂਨ ਦੀ ਖ਼ਬਰ ਦੱਸੀ ਤਾਂ ਮੈਂ ਗ਼ਸ਼ ਖਾ ਕੇ ਡਿੱਗ ਪਈ" ਮਹਾਰਾਣੀ ਜਿਗਰਾ ਵੱਡਾ ਕਰਕੇ ਬੋਲੀ ਗਈ।", "ਪਰ ਸਭ ਤੋਂ ਭਿਆਨਕ ਤੇ ਡਰਾਉਣਾ ਨਜ਼ਾਰਾ ਉਨ੍ਹਾਂ ਗੋੱਲੀਆਂ ਨੂੰ ਸਜ਼ਾ ਦੇਣ ਦਾ ਸੀ। ਪਾਪੀ ਧਿਆਨ ਸਿੰਘ ਨੇ ਉਨ੍ਹਾਂ ਨੂੰ ਮੌਤਾਂ ਦੇ ਇਨਾਮ ਦਿੱਤੇ।"

"ਲੋਕਾਂ ਦੀ ਅੱਖੀਂ ਘੱਟਾ ਪਾਉਣ ਵਾਸਤੇ।"

"ਹਾਂ ਜੀ, ਉਸ ਨੇ ਗੋੱਲੀਆਂ ਦੇ ਨੱਕ ਕੰਨ ਹੱਥ ਵਢਾ ਸੁਟੇ, ਪਰ ਉਹ ਸ਼ੇਰ ਦੀਆਂ ਬੱਚੀਆਂ ਰੋ ਰੋ ਕੇ ਸ਼ੇਰ ਸਿੰਘ ਤੇ ਧਿਆਨ ਸਿੰਘ ਦੇ ਪਾਪ ਦਾ ਭਾਂਡਾ ਭੰਨਦੀਆਂ ਰਹੀਆਂ। ਉਨ੍ਹਾਂ ਨੇ ਕੂਕ ਕੂਕ ਕੇ ਆਖਿਆ ਕਿ ਸਾਡੇ ਕੋਲੋਂ ਮਹਾਰਾਣੀ ਦਾ ਖ਼ੂਨ ਇਨ੍ਹਾਂ ਕਰਵਾਇਆ ਹੈ। ਉਹ ਇਉਂ ਚੀਕਦੀਆਂ ਹੋਈਆਂ" ਪ੍ਰਾਣ ਛੱਡ ਗਈਆਂ।

"ਆਹ! ਖ਼ੂਨ ਦੀ ਹੋਲੀ, ਆਪਣੇ ਸਿਰ ਤੇ ਆਪ ਕੁਹਾੜਾ! ਚੰਗਾ ਹੋ ਗਿਆ, ਮੈਂ ਸਾਧੂਹੋ ਕੇ ਤੁਰ ਆਇਆ। ਲਾਹੌਰ ਦੀ ਧਰਤੀ ਲਹੂਪੀਣੋਂ ਨਹੀਂ ਰਹਿੰਦੀ। ਬਸ ਅਗੇ ਦਾ ਹਾਲ ਮੁੜਕੇ ਸੁਨਾਂਗਾ, ਮੇਰਾ ਮਨ ਭਰ ਆਇਆ ਹੈ, ਮੇਰੇ ਕਲੇਜੇ ਵਿਚ ਸੇਲੇ ਵੱਜਣ ਲੱਗ ਪਏ ਹਨ। ਆਹ! ਮਹਾਰਾਜਾ ਖੜਕ ਸਿੰਘ ਦਾ ਅੱਜ ਕੋਈ ਨਹੀਂ ਰਿਹਾ," ਸਾਧੂਗਲੇਡੂਭਰਦਾ ਹੋਇਆ ਬੋਲਿਆ ਤੇ ਅਗਨ-ਕੁੰਡ ਲਾਗਿਓਂ ਉਠ ਬੈਠਾ।

"ਦਿਨ ਢਲ ਗਿਆ ਹੋਵੇਗਾ। ਮੈਂ ਕੁਝ ਬਾਹਰੋਂ ਲੈ ਆਵਾਂ," ਬਾਹਰ ਵਲ ਵੇਖਦਾ ਹੋਇਆ ਉਹ ਬੋਲਿਆ, "ਤੁਸੀਂ ਵੀ ਅਰਾਮ ਕਰੋ। ਅਗਲੀ ਵਾਰਤਾ ਰਾਤ ਨੂੰ ਸੁਣਾਂਗਾ।"

## ਕਾਂਡ-11

"ਧਿਆਨ ਸਿੰਘ ਤੇ ਸ਼ੇਰ ਸਿੰਘ ਦੀ ਆਪੋ ਵਿਚ ਦੀ ਨਾ ਬਣੀ।" ਅਗਨ-ਕੁੰਡ ਦੇ ਲਾਗੇ ਬੈਠ ਕੇ ਨੂੰ ਮੁੜ ਮਹਾਰਾਣੀ ਨੇ ਕਥਾ ਅਰੰਭ ਕੀਤੀ। ਗੋਮਤੀ ਤੇ ਸਾਧੂਪ੍ਰਤਾਪ ਸਿੰਘ ਇਕਾਗਰ ਚਿੱਤ ਹੋਕੇ ਸੁਨਣ ਲੱਗੇ।

"ਇਕ ਦੂਜੇ ਨੂੰ ਮਾਰਨ ਦੀਆਂ ਵਿਉਂਤਾਂ ਸੋਚਣ ਲੱਗੇ। ਸੰਧਾਂਵਾਲੀਏ ਬਹਾਦਰ ਸਰਦਾਰ ਅਜੀਤ ਸਿੰਘ ਤੇ ਲਹਿਣ ਸਿੰਘ ਕਿਤੇ ਥਨੇਸਰ ਦੇ ਜੰਗਲਾਂ ਵਿਚ ਫ਼ਰੰਗੀ ਦੇ ਰਾਜ ਵਿਚ ਰਹਿੰਦੇ ਸਨ। ਸ਼ੇਰ ਸਿੰਘ ਨੇ ਇਹੋ ਚੰਗਾ ਜਾਤਾ ਕਿ ਇਨ੍ਹਾਂ ਨੂੰ ਸੱਦ ਲਵਾਂ। ਫਿਰ ਵੀ ਉਹ ਭਰਾ ਸਨ ਆਪਣਾ ਲਹੂਤਾਂ ਵੈਰੀ ਨਹੀਂ ਬਣਦਾ। ਸੰਧਾਂਵਾਲੀਏ ਮੁੜ ਆਏ। ਸ਼ੇਰ ਸਿੰਘ ਨੇ ਉਨ੍ਹਾਂ ਦੀ ਜਗੀਰ, ਉਨ੍ਹਾਂ ਦਾ ਰਾਜ ਭਾਗ ਤੇ ਸ਼ਾਹੀ ਸਤਿਕਾਰ ਸਭ ਵਾਪਸ ਕਰ ਦਿੱਤਾ। ਉਹ ਰਾਜਾ ਸਾਂਸੀ ਪਿੰਡ ਵਿਚ ਰਹਿਣ ਲਗੇ। ਕਦੀ ਕਦਾਈਂ ਲਾਹੌਰ ਆਉਂਦੇ ਤੇ ਧਿਆਨ ਸਿੰਘ ਤੇ ਸ਼ੇਰ ਸਿੰਘ ਨੂੰ ਮਿਲ ਜਾਂਦੇ।"

"ਸੰਧਾਂਵਾਲੀਏ ਦੋਹਾਂ ਨੂੰ ਦੁਸ਼ਮਣ ਸਮਝਦੇ ਸਨ ਤੇ ਉਨ੍ਹਾਂ ਦੇ ਲਹੂਦੇ ਤ੍ਰਿਹਾਏ ਸਨ। ਸ਼ੇਰ ਸਿੰਘ 'ਤੇ ਉਨ੍ਹਾਂ ਨੂੰ ਇਹ ਗੁੱਸਾ ਸੀ ਕਿ ਉਹਨੇ ਮਹਾਰਾਣੀ ਚੰਦ ਕੌਰ ਤੇ ਉਸ ਦੀ ਨੂੰਹ ਨੂੰ ਜੋ ਸ੍ਰਦਾਰ ਸ਼ਾਮ ਸਿੰਘ ਅਟਾਰੀ ਦੀ ਧੀ ਸੀ, ਨੂੰ ਕਿਉਂ ਮਰਵਾ, ਦਿੱਤਾ। ਧਿਆਨ ਸਿੰਘ ਉਨ੍ਹਾਂ ਦਾ ਰਾਜਸੀ ਦੁਸ਼ਮਨ ਸੀ। ਉਹ ਸਮਝਦੇ ਸਨ ਕਿ ਇਹ ਨਾ ਮਰਿਆ ਤਾਂ ਸਿੱਖ ਰਾਜ ਦਾ ਅੰਤ ਹੋ ਜਾਏਗਾ। ਸਰਦਾਰ ਦੇ ਘਰਾਣੇ ਨੂੰ ਇਹ ਜਾਣ ਬੁਝਕੇ ਖ਼ਤਮ ਕਰ ਰਿਹਾ ਹੈ। ਇਸ ਕਰਕੇ ਉਨ੍ਹਾਂ

ਨੇ ਸ਼ੇਰ ਸਿੰਘ ਤੇ ਧਿਆਨ ਸਿੰਘ ਨੂੰ ਇਕ ਦਿਨ ਹੀ ਮਾਰਨ ਦਾ ਢੰਗ ਸੋਚਿਆ ਜਿਸ ਵਿਚ ਉਹ ਕਾਮਯਾਬ ਹੋ ਗਏ।"

"ਉਹ ਕਿਹੜਾ ਢੰਗ ਸੀ।"

"ਰਾਜਾ ਧਿਆਨ ਸਿੰਘ ਕੋਲੋਂ ਉਨ੍ਹਾਂ ਨੇ ਲਿਖਵਾ ਲਿਆ ਕਿ ਜੇ ਉਹ ਸ਼ੇਰ ਸਿੰਘ ਨੂੰ ਮਾਰ ਦੇਣ ਤਾਂ ਧਿਆਨ ਸਿੰਘ ਤੇ ਉਸ ਦੇ ਆਦਮੀ ਤਲਵਾਰ ਨੰਗੀ ਨਹੀਂ ਕਰਨਗੇ ਅਤੇ ਸ਼ੇਰ ਸਿੰਘ ਕੋਲੋਂ ਲਿਖਵਾਇਆ ਕਿ ਜੇ ਉਹ ਧਿਆਨ ਸਿੰਘ ਨੂੰ ਮਾਰ ਦੇਣ ਤਾਂ ਖਾਲਸਾ ਦਰਬਾਰ ਉਨ੍ਹਾਂ ਨੂੰ ਮੁਆਫ਼ ਕਰ ਦੇਵੇਗਾ।"

ਧਿਆਨ ਸਿੰਘ ਨੇ ਸ਼ੇਰ ਸਿੰਘ ਕੋਲੋਂ ਸ਼ਾਹ ਬਲੌਰ ਦੇ ਮਕਬਰੇ ਤੇ ਮੇਲਾ ਲਗਵਾਇਆ । ਉਸ ਮੇਲੇ ਤੇ ਫ਼ੌਜਾਂ ਦੀ ਦੇਖ ਭਾਲ ਤੇ ਉਨ੍ਹਾਂ ਦੀਆਂ ਖੇਡਾਂ ਵੀ ਸਨ। ਓਧਰੋਂ ਅਜੀਤ ਸਿੰਘ ਤੇ ਲਹਿਣਾ ਸਿੰਘ ਨੂੰ ਸੱਦ ਲਿਆ, ਪਰ ਆਪ ਸ਼ਹਿਰ ਵਿਚ ਹੀ ਰਿਹਾ। ਅਜੀਤ ਸਿੰਘ ਨੇ ਇਕ ਬੰਦੂਕ ਫ਼ਰੰਗੀ ਰਾਜ ਵਿਚੋਂ ਲਿਆਂਦੀ ਸੀ। ਉਸਨੂੰ ਹੱਥ ਵਿਚ ਲੈ ਕੇ ਸ਼ੇਰ ਸਿੰਘ ਦੇ ਕੋਲ ਆਇਆ ਤੇ ਦੂਰੋਂ ਹੀ ਬੋਲਿਆ, "ਮਹਾਰਾਜ ਜੀ, ਦੇਖੋ ਮੈਂ ਨਵੀਂ ਬੰਦੂਕ ਲਿਆਂਦੀ ਹੈ। ਇਕ ਸਰਕਾਰ ਦੇ ਲਾਇਕ ਹੈ ਅਤੇ ਭੇਟਾ ਕਰਦਾ ਹਾਂ।" ਉਹ ਅੱਗੇ ਹੋ ਕੇ ਫੜਨ ਹੀ ਲਗੇ ਸੀ ਕਿ ਅਜੀਤ ਸਿੰਘ ਨੇ ਘੋੜਾ ਨੱਪ ਦਿਤਾ ਤੇ ਗੋਲੀ ਉਨ੍ਹਾਂ ਦੇ ਮੱਥੇ ਵਿਚ ਵੱਜ ਗਈ। ਪੰਜਾਬ ਦਾ ਮਹਾਰਾਜਾ ਅਹਿਲਕਾਰਾਂ, ਵਜ਼ੀਰ, ਵੈਦਾਂ, ਹਕੀਮਾਂ ਅਤੇ ਫ਼ੌਜਾਂ ਦੇ ਦੇਖਦਿਆਂ ਹੋਇਆਂ ਲੋਥ ਬਣ ਗਿਆ, ਖ਼ੁਦਗਰਜ਼ ਫ਼ੌਜੀਆਂ ਨੇ ਤਲਵਾਰ ਨਾ ਚੁਕੀ। ਉਹ ਸਾਰੇ ਨਮਕ-ਹਰਾਮ ਹੋ ਗਏ।"

"ਉਹ ਸੱਚੇ ਸਿਪਾਹੀ ਨਹੀਂ ਸਨ, ਕੁੱਤੇ ਬਣ ਗਏ।" ਬੜੇ ਗੁੱਸੇ ਨਾਲ ਸਿਪਾਹੀਆਂ ਵਾਲੇ ਜੋਸ਼ ਵਿਚ ਸਾਧੂ ਬੋਲਿਆ, "ਜਦੋਂ ਮਨੁੱਖ ਧਰਮ ਤੋਂ ਦੂਰ ਚਲਾ ਜਾਏ ਤਾਂ ਆਪਣੇ ਫ਼ਰਜ਼ ਤੋਂ ਥਿੜਕ ਜਾਂਦਾ ਹੈ। ਜਦੋਂ ਫ਼ਰਜ਼ ਤੋਂ ਥਿੜਕੇ ਤਾਂ ਉਹ ਮਨੁੱਖ ਨਹੀਂ ਰਹਿੰਦਾ, ਪਸ਼ੂ ਬਣ ਜਾਂਦਾ ਹੈ। ਉਹ ਆਪਣੀ ਖੁਰਲੀ ਨੂੰ ਆਪ ਹੀ ਢੁਡ ਮਾਰ ਕੇ ਢਾਹ ਸੁੱਟਦਾ ਹੈ।"

"ਸਤ ਹੈ ਜੀ," ਮਹਾਰਾਣੀ ਬੜੀ ਗੰਭੀਰ ਜਹੀ ਹੋਕੇ ਬੋਲੀ, ਉਸ ਦਿਨ ਸੰਗਰਾਂਦ ਸੀ। ਸ਼ੇਰ ਸਿੰਘ ਦਾ ਪੁੱਤਰ ਕੰਵਰ ਪਰਤਾਪ ਸਿੰਘ ਉਥੇ ਹੀ ਤੇਜਾ ਸਿੰਘ ਦੇ ਬਾਗ ਵਿਚ ਪੰਡਤਾਂ ਨੂੰ ਭੋਜਨ ਖੁਆ ਰਿਹਾ ਸੀ। ਸ. ਲਹਿਣਾ ਸਿੰਘ ਨੇ ਗੁੱਸੇ ਦੇ ਅੰਨ੍ਹੇ ਜੋਸ਼ ਵਿਚ ਜਾ ਕੇ ਉਸਨੂੰ ਵੀ ਕਤਲ ਕਰ ਦਿੱਤਾ, ਹਾਲਾਂ ਕਿ ਉਸ ਦਾ ਕੋਈ ਕਸੂਰ ਨਹੀਂ ਸੀ। ਉਹ ਚੜ੍ਹਦੀ ਜੁਆਨੀ ਵਿਚ ਬਹੁਤ ਸੁੰਦਰ ਗੱਭਰੂ ਸੀ ਮੇਲਾ ਉਜੜ ਗਿਆ ਤੇ ਦੂਰ ਦੂਰ ਤਕ ਵਾਹਰਾਂ ਪੈ ਗਈਆਂ ਕਿ ਲੋਕੋ ਲੁਕ ਛਿਛ ਜਾਓ, ਆਪਣੀਆਂ ਜਾਨਾਂ ਬਚਾਉਣ ਦਾ ਉਪਰਾਲਾ ਕਰ ਲਵੋ, ਹਨੇਰ ਗਰਦੀ ਮਚਣ ਵਾਲੀ ਏ। ਜੇ ਮਹਾਰਾਜੇ ਤੇ ਉਸ ਦੇ ਪੁੱਤਰ ਨੂੰ ਸਾਰਿਆਂ ਦੇ ਹੁੰਦਿਆਂ ਮਾਰਿਆ ਜਾਂਦਾ ਹੈ ਤਾਂ ਹੋਰਨਾਂ ਦੇ ਖ਼ੈਰ ਕਿਥੇ। ਲਾਹੌਰ ਸ਼ਹਿਰ ਤਾਂ ਜੀ ਸੁੰਵਾ ਹੋ ਗਿਆ। ਲੋਕ ਅੰਦਰੀਂ ਵੜ ਗਏ। ਮੈਨੂੰ ਖ਼ਬਰ ਮਿਲੀ ਤਾਂ ਮੈਂ ਘਬਰਾ ਕੇ ਪਾਗਲ ਜਹੀ ਹੋ ਗਈ। ਦਲੀਪ ਨੂੰ ਬੁੱਕਲ ਵਿਚ ਲੁਕੋ ਕੇ ਬੈਠ ਗਈ, ਜਿਵੇਂ ਕੁਕੜੀ ਆਪਣੇ ਬੱਚਿਆਂ ਨੂੰ ਪੈਰਾਂ ਹੇਠ ਲੈ ਬੈਠਦੀ ਹੈ।"

"ਏਨਾ ਕਹਿਰ ਹੋਇਆ ! ਇਕ ਸਰਕਾਰ ਦੇ ਤੁਰ ਜਾਣ ਪਿਛੋਂ ਖੇਡ ਬਿਲਕੁਲ ਉਲਟੀ ਹੋ ਗਈ !" ਨੀਵੀਂ ਪਾਈ ਸਾਧੂ ਪੁੱਛੀ ਗਿਆ। ਉਸਨੂੰ ਹੌਂਸਲਾ ਨਾ ਪਿਆ ਕਿ ਉਹ ਸਿਰ ਚੁੱਕ ਕੇ ਮਹਾਰਾਣੀ ਦੇ ਚਿਹਰੇ ਵੱਲ ਤੱਕ ਸਕੇ।

ਮਹਾਰਾਣੀ ਆਖੀ ਗਈ, ਸੋਗ ਦੀਆਂ ਫੂੜੀਆਂ ਪੈ ਗਈਆਂ, ਪਤਾ ਨਹੀਂ ਖ਼ੁਸ਼ੀਆਂ ਦੀ ਪ੍ਰਭਾਤ ਆਉਣੀ ਹੈ ਜਾਂ ਨਹੀਂ। ਦੱਸਿਆ ਗਿਆ ਕਿ ਸ਼ੇਰ ਸਿੰਘ ਤੇ ਕੰਵਰ ਪ੍ਰਤਾਪ ਸਿੰਘ ਨੂੰ ਕਤਲ ਕਰ ਕੇ ਸੰਧਾਂਵਾਲੀਏ ਸਰਦਾਰ ਸ਼ਹਿਰ ਨੂੰ ਆਏ। ਰਾਹ ਵਿਚ ਉਨ੍ਹਾਂ ਨੂੰ ਰਾਜਾ ਧਿਆਨ ਸਿੰਘ ਮਿਲ ਪਿਆ। ਦੋਹਾਂ ਦੇ ਖ਼ੂਨ ਦੀ ਕਹਾਣੀ ਉਸ ਨੂੰ ਸੁਣਾਈ ਗਈ ਤੇ ਅਜੀਤ ਸਿੰਘ ਨੇ ਉਸ ਕੋਲੋਂ ਪੁਛਿਆ ਤਾਂ ਉਸ ਨੇ ਉੱਤਰ ਦਿੱਤਾ, "ਦਲੀਪ ਸਿੰਘ ਮਹਾਰਾਜਾ ਬਣੇਗਾ ਤੇ ਮੈਂ ਵਜ਼ੀਰ ।" ਸਰਕਾਰ ਦੇ ਹੋਰ ਵੀ ਪੁੱਤਰ ਅਜੇ ਸਨ, ਪਰ ਮੇਰੇ ਭਰਾ ਜਵਾਹਰ ਸਿੰਘ ਦੀ ਧਿਆਨ ਸਿੰਘ ਨਾਲ ਰਤਾ ਬਣਦੀ ਸੀ। ਨਾਲੇ ਸੰਧਾਵਾਲੀਏ ਮੇਰੇ ਪੁੱਤਰ ਨੂੰ ਰਾਜ-ਗੱਦੀ ਦੇਣ ਤੇ ਖ਼ੁਸ਼ ਸਨ, ਇਸ ਕਰਕੇ ਉਨ੍ਹਾਂ ਨੂੰ ਖ਼ੁਸ਼ ਕਰਨ ਵਾਸਤੇ ਇਹ ਉੱਤਰ ਉਸਨੇ ਦਿੱਤਾ। ਪਰ ਉਸ ਰਾਜ-ਧਰੋਹੀ ਦੀ ਮੌਤ ਆ ਗਈ ਸੀ, ਕਾਲ ਉਸਦੇ ਸਿਰ ਤੇ ਨੱਚਦਾ ਸੀ। ਜਦੋਂ ਕਿਲ੍ਹੇ ਵਿਚ ਆਏ ਤਾਂ ਧਿਆਨ ਸਿੰਘ ਦੇ ਆਦਮੀਆਂ ਨੂੰ ਕਿਲ੍ਹੇ ਵਿਚ ਨਾ ਵੜਨ ਦਿੱਤਾ ਗਿਆ। ਕਿਲ੍ਹੇ ਵਿਚ ਪੁਜਰ ਕੇ ਸ. ਅਜੀਤ ਸਿੰਘ ਨੇ ਧਿਆਨ ਸਿੰਘ ਦਾ ਕਿਸ ਧੜ ਨਾਲੋਂ ਵੱਖ ਕਰ ਦਿੱਤਾ।

"ਪਾਪੀ ਮਰ ਗਿਆ! ਕੁੱਤੇ ਦੀ ਮੌਤ ਮਰ ਗਿਆ। ਠੀਕ ਹੈ ਪਾਪੀ ਕੋ ਮਾਰਨੇ ਕੋ ਪਾਪ ਮਹਾਂ ਬਲੀ ਹੈ।" ਸਾਧੂਜੀ ਮਹਾਰਾਜ ਖ਼ੁਸ਼ੀ ਵਿਚ ਦਗ ਦਗ ਹੋ ਕੇ ਬੋਲੇ। ਉਨ੍ਹਾਂ ਦੀਆਂ ਅੱਖਾਂ ਦੇ ਅੱਥਰੂ ਇਕ-ਦਮ ਸੁੱਕ ਗਏ।

ਧਿਆਨ ਸਿੰਘ ਦੀ ਮੌਤ ਦੇ ਨਾਲ ਹੀ ਕਿਲ੍ਹੇ ਵਿਚ ਖ਼ੁਸ਼ੀ ਦੇ ਜੈਕਾਰੇ ਗਜਾਏ ਗਏ। ਖ਼ੁਸ਼ੀਆਂ ਦੇ ਨਾਚ ਹੋਣ ਲੱਗੇ। ਉਸ ਖ਼ੁਸ਼ੀ ਦੀ ਚਹਿਲ ਪਹਿਲ ਵਿਚ ਹੀ ਮੇਰਾ ਭਰਾ ਮੇਰੇ ਕੋਲ ਆਇਆ ਤੇ ਮੱਲੋ ਮੱਲੀ ਦਲੀਪ ਸਿੰਘ ਨੂੰ ਮੇਰੀ ਗੋਦ ਵਿਚੋਂ ਚੁੱਕ ਕੇ ਲੈ ਗਿਆ ਕਿ ਇਸ ਨੂੰ ਮਹਾਰਾਜਾ ਬਣਾਉਣਾ ਹੈ। ਮੈਂ ਬਥੇਰਾ ਰੋਕਿਆ ਕਿ ਇਹ ਸਮਾਂ ਬਹੁਤ ਭਿਆਨਕ ਹੈ। ਜੋ ਗੱਦੀ ਤੇ ਬੈਠਦਾ ਹੈ, ਉਸੇ ਦੀ ਮੌਤ ਹੋ ਜਾਂਦੀ ਹੈ। ਰਾਜ ਦੇ ਲਾਲਚ ਬਦਲੇ ਮੈਂ ਪੁੱਤਰ ਨੂੰ ਨਹੀਂ ਗੁਆ ਸਕਦੀ। ਪਰ ਮੇਰੇ ਵਾ ਵੇਲੇ ਵੱਲ ਕਿਸੇ ਧਿਆਨ ਨਾ ਦਿੱਤਾ। ਦਰਬਾਰ ਲਾਇਆ ਗਿਆ ਤੇ ਮੇਰੇ ਪੁੱਤਰ ਨੂੰ ਰਾਜ ਤਖ਼ਤ ਤੇ ਬੈਠਾ ਦਿੱਤਾ ਗਿਆ। ਪਰ ਉਸ ਨੂੰ ਰਾਜ ਤਿਲਕ ਧਿਆਨ ਸਿੰਘ ਦੇ ਲਹੂ ਦਾ ਲਾਇਆ। ਕਿਸੇ ਦੇ ਲਹੂ ਦਾ ਤਿਲਕ ਲਗਾਣਾ ਮਹਾਨ ਬਦਸ਼ਗਨੀ ਹੈ। ਮੈਂ ਉਸੇ ਵੇਲੇ ਹੀ ਤਾੜ ਗਈ ਕਿ ਮੇਰੇ ਪੁੱਤਰ ਨੂੰ ਮਹਾਰਾਜਾ ਨਹੀਂ ਬਣਾਇਆ ਗਿਆ ਸਗੋਂ ਔਕੜਾਂ ਦੇ ਪਹਾੜ ਹੇਠ ਦੱਬ ਦਿੱਤਾ ਗਿਆ ਹੈ।"

"ਰਾਜ-ਤਿਲਕ ਲੈ ਕੇ, ਮੇਰਾ ਲਾਲ ਅਜੇ ਮੇਰੇ ਕੋਲ ਪੁੱਜਾ ਹੀ ਸੀ ਕਿ ਰੌਲਾ ਪੇ ਗਿਆ ਕਿ ਧਿਆਨ ਸਿੰਘ ਦਾ ਪੁੱਤਰ ਹੀਰਾ ਸਿੰਘ ਭਾਰੀ ਫ਼ੌਜ ਨਾਲ ਲੈ ਕੇ ਕਿਲ੍ਹੇ 'ਤੇ ਚੜ੍ਹ ਆਇਆ ਹੈ। ਜਨਰਲ ਕੋਰਟ ਉਸ ਦਾ ਸਾਥ ਦੇ ਰਿਹਾ ਹੈ। ਮੈਨੂੰ ਅਜੇ ਮਹਾਰਾਣੀ ਚੰਦ ਕੌਰ ਦੀ ਮੌਤ ਭੁੱਲੀ ਨਹੀਂ ਸੀ, ਤੇ ਨਾ ਭੁੱਲੀ ਸੀ ਗੁਲਾਬ ਸਿੰਘ ਦੀ ਗਦਾਰੀ, ਇਸ ਕਰਕੇ ਮੇਰੇ ਮਨ ਵਿਚੋਂ ਤਾਂ ਲਹੂ ਸੁਕ ਗਿਆ ਕਿ ਹੁਣ ਖ਼ਬਰੇ ਵਿਧਾਤਾ ਕੀ ਕਰੇ। ਮੈਂ ਆਪਣੇ ਮਹੱਲ ਦੇ ਸਾਰੇ ਬੂਹੇ ਬੰਦ ਕਰਵਾ ਦਿੱਤੇ ਤੇ ਪੁੱਤਰ ਨੂੰ ਗੋਦ ਲੈ ਕੇ ਬੈਠ ਗਈ। ਤੋਪਾਂ ਚੱਲੀਆਂ, ਤਲਵਾਰਾਂ ਲਿਸ਼ਕੀਆਂ, ਨੇਜ਼ਿਆਂ ਤੇ ਸੇਲਿਆਂ ਨੇ ਕਈਆਂ ਨੂੰ ਵਿੰਨ੍ਹਿਆ। ਆਪਣੇ ਆਪਣਿਆਂ ਨੂੰ ਮਾਰਨ ਲੱਗੇ, ਕਿਸੇ ਨੇ ਤਰਸ ਨਾ ਖਾਧਾ, ਮਾਰ ਲੌ, ਲੁੱਟ ਲੌ, ਕੋਈ ਲੱਸੇ ਨਾਂ, ਔਹ ਵਪੈਰੀ ਨਿਕਲ ਗਿਆ, ਫੜ ਲੌ ਕੇ ਬੋਲਾਂ ਨਾਲ ਕਿਲ੍ਹੇ ਦੀਆਂ ਕੰਧਾਂ ਪਾਟ ਰਹੀਆਂ ਸਨ। ਸਾਰੀ ਰਾਤ ਲੜਾਈ ਹੁੰਦੀ ਰਹੀ।"

"ਦਿਨ ਚੜ੍ਹਨ ਦੇ ਨਾਲ ਹੀ ਪਤਾ ਲੱਗਾ ਕਿ ਕਿਲ੍ਹੇ ਤੇ ਕਬਜ਼ਾ ਰਾਜਾ ਹੀਰਾ ਸਿੰਘ ਦਾ ਹੋ ਗਿਆ ਹੈ, ਸੰਧਾਂਵਾਲੀਏ (ਸਰਦਾਰ ਅਜੀਤ ਸਿੰਘ ਤੇ ਸਰਦਾਰ ਲਹਿਣਾ ਸਿੰਘ) ਮਾਰ ਦਿੱਤੇ ਗਏ ਹਨ। ਉਨ੍ਹਾਂ ਦਾ ਸਾਥੀ ਤੇ ਮਦਦੀ ਕੋਈ ਨਹੀਂ ਛੱਡਿਆ।"

"ਉਫ ਇਹ ਕੈਸੀ ਕਥਾ ਹੈ? ਸਿੰਘ ਆਪਣੇ ਪੈਂਤੜੇ ਤੋਂ ਖਿਡ਼ਕ ਗਏ!" ਕਿੱਥੇ ਉਹ ਜੋ ਦੁਸ਼ਮਨਾਂ ਲੁਟੇਰਿਆਂ ਨੂੰ ਸਜ਼ਾ ਦੇਂਦੇ ਹੋਏ ਕਈ ਵਾਰ ਉਨ੍ਹਾਂ 'ਤੇ ਤਰਸ ਖਾ ਜਾਂਦੇ ਸਨ, ਪਰ ਅੱਜ ਉਹ ਆਪਣੇ ਭਰਾਵਾਂ ਦਾ ਖ਼ੂਨ ਪੀ ਰਹੇ ਨੇ।" ਸਾਧੂ ਦੀ ਖ਼ੁਸ਼ੀ ਫਿਰ ਹਵਾ ਹੋ ਗਈ। ਉਸ ਦੀਆਂ ਅੱਖਾਂ ਵਿਚ ਮੁੜ ਜਲ ਉਤਰ ਆਇਆ।

"ਅਜੇ ਤਾਂ ਇਹ ਦਰਦ-ਕਥਾ ਅੱਧ ਵਿਚ ਵੀ ਨਹੀਂ ਪੁੱਜੀ।" ਮਹਾਰਾਣੀ ਸਾਧੂ ਵਲ ਤੱਕ ਕੇ ਬੋਲੀ।

"ਇਸ ਦਾ ਭਾਵ ਕਿ ਕੋਈ ਵੀ ਜੀਊਂਦਾ ਨਹੀਂ ਰਿਹਾ?"

"ਜੀਉਂਦੇ ਥੋੜੇ ਰਹੇ, ਪਰ ਮਰੇ ਬਹੁਤੇ।"

"ਸਿਆਣਿਆਂ ਦੇ ਕੌਲ ਸੱਚੇ ਹੀ ਨਿਕਲੇ। ਆਖਦੇ ਸਨ, ਹੁਣ ਸਿੱਖ ਰਾਜ ਨਹੀਂ ਰਹੇਗਾ। ਇਸਦੇ ਜਾਣ ਦੀਆਂ ਨਿਸ਼ਾਨੀਆਂ ਪਰਗਟ ਹੋ ਗਈਆਂ ਹਨ। ਸੁਣਾਈ ਚਲੋ, ਦਿਲ ਤੇ ਪੱਥਰ ਰੱਖ ਕੇ ਸੁਣੀ ਜਾਂਦਾ ਹਾਂ।"

"ਮੇਰੇ ਭਰਾ ਨੂੰ ਨਾਲ ਲੈ ਕੇ ਹੀਰਾ ਸਿੰਘ ਮੇਰੇ ਮਹੱਲ ਵਿਚ ਆਇਆ। ਮੇਰੇ ਦਲੀਪ ਦੇ ਮਥਿਓਂ ਆਪਣੇ ਬਾਪ ਦੇ ਲਹੂ ਦਾ ਟਿੱਕਾ ਲਾਹਕੇ ਸੰਧਾਂਵਾਲੀਏ ਸਰਦਾਰਾਂ ਦੇ ਖ਼ੂਨ ਦਾ ਟਿੱਕਾ ਲਾ ਦਿੱਤਾ। ਟਿੱਕਾ ਲਾਉਂਦੀਆਂ ਹੋਇਆ ਉਸਨੇ ਆਖਿਆ, "ਇਹ ਬਾਲ ਮਹਾਰਾਜਾ ਰਹੇਗਾ ਤੇ ਮੈਂ ਇਸ ਦਾ ਵਜ਼ੀਰ।" ਅਗਲੇ ਦਿਨ ਫਿਰ ਦਰਬਾਰ ਕੀਤਾ ਗਿਆ। ਬੜੀਆਂ ਖ਼ੁਸ਼ੀਆਂ ਮਨਾਈਆਂ ਗਈਆਂ।

"ਹੀਰਾ ਸਿੰਘ ਆਪਣੇ ਬਾਪ ਨਾਲੋਂ ਵੀ ਵਧ ਪਾਪੀ, ਧੋਖੇਬਾਜ, ਜ਼ਾਲਮ ਤੇ ਖ਼ੁਦਗ਼ਜ਼ ਨਿਕਲਿਆ। ਉਸਨੂੰ ਮੇਰੇ ਵੀਰ ਨੂੰ ਵੀ ਧੋਖੇ ਵਿਚ ਫਸਾ ਲਿਆ ਉਹ ਵੀ ਉਸ ਦੇ ਪਾਪਾਂ ਵਿਚ ਸਹਾਈ ਹੋਣ ਲੱਗਾ। ਮੇਰੇ ਭਰਾ ਨੂੰ ਤਾਂ ਉਨ੍ਹਾਂ ਇਹ ਕਿਹਾ, "ਜਿੰਨਾ ਚਿਰ ਕਸ਼ਮੀਰਾਂ ਸਿੰਘ (ਮਹਾਰਾਜਾ ਰਣਜੀਤ ਸਿੰਘ ਦਾ ਪੁੱਤਰ) ਜੀਉਂਦਾ ਹੈ, ਓਨਾ ਚਿਰ ਖਤਰਾ ਹੈ ਕਿ ਉਹ ਦਲੀਪ ਸਿੰਘ ਕੋਨੋਂ ਤਖ਼ਤ-ਤਾਜ ਨਾਂ ਖੋਹ ਲਵੇ। ਉਸਦਾ ਫ਼ੌਜੀ ਪੰਚਾਂ ਵਿਚ ਚੰਗਾ ਸਤਿਕਾਰ ਹੈ।" ਪਰ ਉਸਦੀ ਆਪਣੀ ਮਰਜ਼ੀ ਸੀ ਕਿ ਸਾਰੇ ਹੀ ਵਿਰੋਧੀਆਂ ਨੂੰ ਚੁਣ ਚੁਣ ਕੇ ਮਾਰ ਲਵਾਂ ਤੇ ਮੁੜ ਰਾਜ-ਗੱਦੀ ਆਪ ਖੋਹ ਲਵਾਂ। ਇਸ ਚਾਲ ਨੂੰ ਨੇਪਰੇ ਚਾੜ੍ਹਨ ਵਾਸਤੇ ਉਹ ਫ਼ਰੇਬੀ ਮੇਰੇ ਨਾਲ ਵੀ ਬੜਾ ਮਿੱਠਾ ਰਿਹਾ। ਉਸਨੇ ਪਹਿਲਾਂ ਆਪਣੇ ਸਕੇ ਚਾਚੇ ਸੁਚੇਤ ਸਿੰਘ ਨੂੰ ਕਤਲ ਕਰਵਾ ਦਿੱਤਾ ਤੇ ਉਸ ਦੀ ਸਾਰੀ ਜਾਇਦਾਦ ਆਪ ਸਾਂਭ ਲਈ। ਉਸ ਦੇ ਪਿਛੋਂ ਮੈਨੂੰ ਜ਼ਹਿਰ ਦੇਣ ਦੀ ਕੋਸ਼ਿਸ਼ ਵੀ ਕੀਤੀ, ਪਰ ਜਿਸਨੂੰ ਅਕਾਲ ਪੁਰਖ ਰਖੇ ਉਸਨੂੰ ਕੌਣ ਮਾਰੇ। ਮੇਰੀ ਵਫ਼ਾਦਾਰ ਵੀ ਕੀਤੀ, ਪਰ ਜਿਸਨੂੰ ਅਕਾਲ ਪੁਰਖ ਰਖੇ ਉਸਨੂੰ ਕੌਣ ਮਾਰੇ। ਮੇਰੀ ਵਫ਼ਾਦਾਰ ਗੋੱਲੀ ਨੂੰ ਵੇਲੇ ਸਿਰ ਪਤਾ ਲੱਗ ਗਿਆ ਤੇ ਉਸਨੇ ਮੈਨੂੰ ਬਚਾ ਲਿਆ। ਉਸਦੀ ਕੁਟਲ ਨੀਤੀ ਦਾ ਗਿਆਨ ਮੈਂ ਫ਼ੌਜੀ ਪੰਚਾਂ ਨੂੰ ਕਰਾ ਦਿੱਤਾ। ਅਜੇ ਉਹ ਇਸ ਬਾਰੇ ਕੁਜ ਸੋਚ ਹੀ ਰਹੇ ਸਨ ਕਿ ਫ਼ਰੰਗੀ ਜਰਨੈਲ ਕਰੰਟ ਕੋਲੋਂ ਇਸ ਨੇ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ, ਸ. ਅਤਰ ਸਿੰਘ ਸੰਧਾਂਵਾਲੀਏ ਤੇ ਕੰਵਰ ਕਸ਼ਮੀਰਾ ਸਿੰਘ ਨੂੰ ਸ਼ਹੀਦ ਕਰਵਾ ਦਿੱਤਾ।"

"ਆਹ ਬਾਬਾ ਬੀਰ ਸਿੰਘ ਜੀ ਵੀ ਨਹੀਂ ਬਚੇ!" ਸਾਧੂ ਨੇ ਹੌਕਾ ਭਰਿਆ, ਉਹ ਮੇਰੇ ਗੁਰੂਸਨ। ਉਨ੍ਹਾਂ ਮੈਨੂੰ ਧਾਰਮਿਕ ਸਿਖਿਆ ਦਿੱਤੀ ਸੀ। ਉਹੋ ਜਹੇ ਸੰਤਾਂ ਨੂੰ ਵੀ ਸ਼ਹੀਦ ਕੀਤੀ ਗਿਆ। ਸਚ ਮੁਚ ਇਹ ਭਾਰੀ ਅਨਰਥ ਹੈ। ਪਰ ਪਾਪੀ ਹੀਰਾ ਸਿੰਘ ਅਜੇ ਜੀਉਂਦਾ ਹੈ?"

"ਸੰਤ ਮਾਰੇ ਵੀ ਕਦੇ ਬਚ ਸਕਦੇ ਹਨ। ਜਦੋਂ ਫ਼ੌਜੀ ਪੰਚਾਂ ਨੂੰ ਪਤਾ ਲੱਗਾ ਤਾਂ ਗੁੱਸੇ ਨਾਲ ਕੰਬ ਉੱਠੇ। ਉਨ੍ਹਾਂ ਨੇ ਤਲਵਾਰਾਂ ਸੂਤ ਲਈਆਂ ਤੇ ਹੀਰਾ ਸਿੰਘ ਨੂੰ ਸਣੇ ਉਸ ਦੇ ਉਸਤਾਦ ਪੰਡਤ ਜੱਲੇ ਦੇ ਡੱਕਰੇ ਕਰ ਦੇਣ ਦਾ ਮਤਾ ਸੋਧ ਲਿਆ। ਪੰਡਤ ਜੱਲਾ ਮਹਾਂ ਦੁਸ਼ਟ ਆਤਮਾ ਸੀ। ਉਹੋ ਹੀ ਪੁੱਠੀਆਂ ਗੱਲਾ ਦੱਸਦਾ ਸੀ। ਉਹਦਾ ਕੁਰੰਗ ਨਰਕਾਂ ਵਿਚ ਸੜੇਗਾ।"

ਹੀਰਾ ਸਿੰਘ ਨੂੰ ਸੂਹ ਲਗ ਗਈ ਕਿ ਉਹਦੇ ਲਹੂਦੇ ਤ੍ਰਿਹਾਏ ਫ਼ੌਜ ਪੰਚ ਹਨ। ਪੰਡਤ ਜੱਲੇ ਦੇ ਨਾਲ ਉਹ ਹਨੇਰੀ ਰਾਤ ਵਿਚ ਜੰਮੂ ਨੂੰ ਨੱਠ ਤੁਰਿਆ। ਉਸਦੇ ਨਾਲ ਥੋੜੇ ਜਹੇ ਸਿਪਾਹੀ ਸਨ ਤੇ ਖਚਰਾਂ ਉਤੇ ਉਸਨੇ ਸੋਨਾ ਚਾਂਦੀ ਲੱਦ ਲਿਆ ਸੀ। ਸਿੰਘਾਂ ਨੇ ਪਿੱਛਾ ਕੀਤਾ ਤੇ ਏਮਨਾਬਾਦ ਦੇ ਲਾਗੇ ਜਾ ਕੇ ਘੇਰ ਲਿਆ। ਮਮੂਲੀ ਜਹੀ ਲੜਾਈ ਪਿਛੋਂ ਹੀਰਾ ਸਿੰਘ ਮਾਰਿਆ ਗਿਆ ਤੇ ਪੰਡਤ ਜੱਲੇ ਦਾ ਵੀ ਸਿਰ ਧੜ ਨਾਲੋਂ ਵਖ ਕਰ ਦਿੱਤਾ ਗਿਆ। ਦੋਵੇਂ ਪਾਪੀ ਰਾਜ ਕਰਨ ਦੀਆਂ ਕੂੜੀਆਂ ਆਸਾਂ ਹਿੱਕ ਵਿਚ ਨੱਪੀ ਤੁਰ ਗਏ।

"ਮੇਰੇ ਦਿਲ ਨੂੰ ਲੱਗੀ ਚਿਰਾਂ ਦੀ ਅੱਗ ਇਸ ਖ਼ਬਰ ਨਾਲ ਬੁਝ ਗਈ:" "ਸਾਧੂ ਨੇ ਆਪਣੀ ਹਿੱਕ ਤੇ ਹੱਥ ਰੱਖ ਕੇ ਆਖਿਆ, "ਉਹ ਪਾਪੀ ਜਦੋਂ ਸਾਨੂੰ ਹੁਕਮ ਦੇਂਦਾ ਸੀ ਕਿ ਦੇਖਣਾ ਕੰਵਰ ਨੌਨਿਹਾਲ ਸਿੰਘ ਬਚ ਕੇ ਨਾ ਨਿਕਲ ਜਾਏ। ਉਸ ਵੇਲੇ ਮੈਨੂੰ ਕਚੀਚੀਆਂ ਆਂਦੀਆਂ ਸਨ ਕਿ ਮੈਂ ਇਸ ਪਾਪੀ ਦਾ ਹੀ ਸਿਰ ਵੱਢ ਸੁੱਟਾਂ। ਸਿਆਣੇ ਆਖਦੇ ਨੇ ਜੋ ਕਿਸੇ ਪਾਪ ਕਰਦਾ ਨਹੀਂ ਸੋਚਦਾ ਕਿ ਮੈਂ ਹਾਂ ਤਾਂ ਪਾਣੀ ਦੇ ਇਕ ਬੁਲਬੁਲੇ ਵਾਂਗ, ਪਤਾ ਨਹੀਂ ਮੌਤ ਦੇ ਇਕੋ ਬੁਲੇ ਨੇ ਕਿੰਨੀਆਂ ਖੁਹਣੀਆਂ ਗ਼ਰਕ ਕਰ ਦੇਣੀਆਂ ਹਨ।

## ਕਾਂਡ-12

"ਹੀਰਾ ਸਿੰਘ ਦੀ ਮੌਤ ਪਿਛੋਂ ਮੇਰਾ ਭਰਾ ਜਵਾਹਰ ਸਿੰਘ ਵਜ਼ੀਰ ਬਣਿਆ," ਮਹਾਰਾਣੀ ਦੱਸੀ ਗਈ।

"ਬੇਸ਼ਕ ਮੇਰਾ ਵੀਰ ਸੀ। ਇਕ ਭੈਣ ਆਪਣੇ ਭਰਾ ਦੀਆਂ ਕਮਜ਼ੋਰੀਆਂ ਤੇ ਗ਼ਲਤੀਆਂ ਨੂੰ ਸਦਾ ਅੱਖੋਂ ਉਹਲੇ ਕਰ ਦੇਂਦੀ ਹੈ, ਫਿਰ ਵੀ ਮੈਂ ਇਹ ਦੱਸਣੋਂ ਨਹੀਂ ਰਹਿ ਸਕਦੀ ਕਿ ਮੇਰੇ ਭਰਾ ਵਿਚ ਬਹੁਤ ਕਮਜ਼ੋਰੀਆਂ ਸਨ। ਰਾਜਾ ਹੀਰਾ ਸਿੰਘ ਨੇ ਉਸਨੂੰ ਸ਼ਰਾਬੀ ਬਣਾ ਦਿੱਤਾ ਸੀ। ਜਿਸ ਕੋਲ ਸ਼ਰਾਬ ਆ ਜਾਏ ਉਸ ਕੋਲ ਬਾਕੀ ਐਬ ਵੀ ਆ ਜਾਂਦੇ ਹਨ। ਉਹ ਸਦਾ ਰੰਗੀਆ ਬਣਿਆ ਰਹਿੰਦਾ, ਰਾਜ-ਕਾਜ ਵਲ ਘਟ ਹੀ ਧਿਆਨ ਦੇਂਦਾ। ਸਾਰਾ ਕੰਮ ਮੈਨੂੰ ਸੰਭਾਲਣਾ ਪਿਆ, ਕਿਉਂਕਿ ਮੇਰੇ ਪੁੱਤਰ ਦਾ ਭਵਿੱਖਤ ਮੈਨੂੰ ਕੁਝ ਚੰਗੇਰਾ ਨਹੀਂ ਸੀ ਭਾਸਦਾ। ਰਾਜ ਦੀ ਅੰਦੂਰਨੀ ਹਾਲਤ ਬਹੁਤ ਖ਼ਰਾਬ ਸੀ। ਸਰਕਾਰ ਦੇ ਚਲਾਣੇ ਪਿਛੋਂ ਨਾ ਕਿਸੇ ਮਾਮਲਾ ਇਕੱਠਾ ਕਰਨ ਵਲ ਧਿਆਨ ਦਿੱਤਾ ਸੀ ਤੇ ਨਾ ਦੇਸ਼ ਦੀ ਉੱਨਤੀ ਵਲ। ਸਰਕਾਰ ਨੇ ਜੋ ਚਾਲ੍ਹੀ ਸਾਲ ਰਾਜ ਕਰਕੇ ਖ਼ਜ਼ਾਨੇ ਵਿਚ ਜੋੜਿਆ ਸੀ, ਉਸ ਨੂੰ ਹੀ ਸਭ ਲੁਟ ਰਹੇ ਸਨ। ਕਾਤਲਾਂ ਨੂੰ ਖੁਲ੍ਹੇ ਗਫੇ ਦੇ ਕੇ ਦਿਨ ਦਿਹਾੜੇ ਕਤਲ ਕਰਾਏ ਜਾਂਦੇ ਸਨ। ਫ਼ੌਜੀ ਸਿਪਾਹੀ ਤੇ ਸਰਦਾਰ ਸਾਰੇ ਲਾਲਚੀ ਹੋ

ਗਏ। ਉਹ ਸਦਾ ਇਨਾਮ ਹੀ ਲੋਚਣ ਲਗੇ। ਰਾਜ ਦੀ ਭਲਿਆਈ, ਦੇਸ਼ ਦੀ ਉੱਨਤੀ, ਪੰਥਕ ਸਤਿਕਾਰ, ਧਰਮ ਦੀ ਖ਼ਾਤਰ ਕੁਰਬਾਨੀ, ਵਾਹਿਗੁਰੂ ਦਾ ਡਰ, ਗੱਲ ਕੀ ਸਾਰੀਆਂ ਚੰਗੀਆਂ ਗੱਲਾਂ ਭੁਲ ਗਈਆਂ।"

"ਹਰ ਜੀਅ ਨੂੰ ਆਪਣੀ ਜਾਨ ਤੇ ਇੱਜ਼ਤ ਦਾ ਡਰ ਸੀ, ਪਰਜਾ ਤਰਾਸ ਤਰਾਸ ਕਰਨ ਲੱਗੀ। ਜੀਉਣਾ ਤੇ ਮਰਨਾ ਓਸੇ ਤਰ੍ਹਾਂ ਹੀ ਔਖਾ ਹੋ ਗਿਆ ਜਿਵੇਂ ਮੁਗਲ ਰਾਜ ਦੇ ਅੰਤਲੇ ਦਿਨਾਂ ਵਿਚ ਸੀ। ਮੈਂ ਜਦੋਂ ਖ਼ਜ਼ਾਨੇ ਦਾ ਪਤਾ ਕੀਤਾ ਤਾਂ ਉਹ ਖ਼ਾਲੀ ਸੀ। ਬੜਾ ਉਪਰਾਲਾ ਕੀਤਾ ਕਿ ਮਾਮਲਾ ਪੂਰਾ ਇਕੱਠਾ ਹੋਵੇ, ਪਿਛਲੇ ਮਾਸੂਲ ਤਰਨ ਤੇ ਫ਼ੌਜ ਦਾ ਸੰਗਠਨ ਕੀਤਾ ਜਾਵੇ ਪਰ ਲੱਖ ਯਤਨ ਕਰਨ ਤੇ ਵੀ ਉਠਝੀ ਹੋਈ ਤਾਣੀ ਨੂੰ ਸੁਲਝਾ ਨਾ ਸਕੀ। ਫ਼ਰੰਗੀ ਵੀ ਸਾਰੇ ਮੁਲਕਾਂ ਨੂੰ ਫ਼ਤਹਿ ਕਰਦਾ ਬੂਹੇ ਤੇ ਆ ਪੁੱਜਾ ਸੀ, ਇਸ ਲਈ ਕਈ ਉਪਰਾਲਿਆਂ ਪਿਛੋਂ ਫ਼ੌਜੀ ਪੰਚ ਮੇਰੀ ਮਦਦ ਕਰਨ ਲੱਗੇ। ਰਾਜਾ ਗੁਲਾਬ ਸਿੰਘ ਨੇ ਜਸਰੋਟੇ ਦੇ ਪਹਾੜ ਤੇ ਬਗ਼ਾਵਤ ਕਰ ਦਿੱਤੀ। ਮੈਂ ਸਰਦਾਰ ਸ਼ਾਮ ਸਿੰਘ ਅਟਾਰੀ ਨਾਲ ਤਕੜੀ ਫ਼ੌਜ ਭੇਜੀ। ਉਨ੍ਹਾਂ ਬਾਗ਼ੀਆਂ ਨੂੰ ਦਬਾ ਦਿੱਤਾ ਅਤੇ ਗੁਲਾਬ ਸਿੰਘ ਨੂੰ ਕੈਦ ਕਰਕੇ ਲਾਹੌਰ ਲਿਆਂਦਾ ਗਿਆ।

"ਅਕਾਲ ਪੁਰਖ ਦੀ ਲੀਲ੍ਹਾ ਅਪਰ ਅਪਾਰ ਹੈ," ਸਾਧੂ ਨੇ ਪਰਵਾਸ ਦੇਣ ਲਈ ਆਖਿਆ।

"ਅਜੇ ਇਹ ਸਲਾਹ ਹੋ ਹੀ ਰਹੀ ਸੀ ਕਿ ਦਲੀਪ ਸਿੰਘ ਦੀ ਸ਼ਾਦੀ ਕੀਤੀ ਜਾਏ ਕਿ ਇਕ ਬਹੁਤ ਭਿਆਨਕ ਘਟਨਾ ਹੋ ਗਈ।"

"ਉਹ ਕੀ?"

ਮੈਂ ਬਥੇਰਾ ਸਮਝਾਉਂਦੀ ਰਹੀ ਕਿ ਕਤਲ ਕਰਨ ਦਾ ਸਿਲਸਿਲਾ ਹੁਣ ਬੰਦ ਕੀਤਾ ਜਾਏ। ਪਰ ਮੇਰੇ ਭਰਾ ਦੇ ਦਿਲ ਇਕ ਨਾ ਲੱਗੀ, ਇਕ ਕੰਨੋਂ ਸੁਣੀ ਤੇ ਦੂਸਰੇ ਕੰਨੋਂ ਕੱਢ ਦਿੱਤੀ। ਦਲੀਪ ਸਿੰਘ ਦੀ ਖ਼ਾਤਰ ਉਸ ਨੇ ਭਾਰੀ ਪਾਪ ਕਰ ਦਿੱਤਾ। ਉਹ ਇਹ ਕਿ ਸਰਦਾਰ ਦਾ ਇਕ ਪੁੱਤਰ ਕੰਵਰ ਪਸ਼ੌਰਾ ਸਿੰਘ ਅਜੇ ਜੀਉਂਦਾ ਸੀ। ਇਹ ਬੜਾ ਸਾਧੂ ਸੁਭਾ ਤੇ ਨਿਰਵੈਰ ਸੀ।

ਪਰ ਹਉਮੈ ਤੇ ਸ਼ਰੀਕਾ ਮਨੁੱਖ ਨੂੰ ਟਿਕਣ ਨਹੀਂ ਦੇਂਦਾ। ਮੇਰੇ ਕੁੜਮ ਸਰਦਾਰ ਚਤਰ ਸਿੰਘ ਅਟਾਰੀ ਵਾਲੇ ਦੀ ਸਲਾਹ ਨਾਲ ਕੰਵਰ ਪਸ਼ੌਰਾ ਸਿੰਘ ਨੂੰ ਉਸ ਵੇਲੇ ਕਤਲ ਕਰਵਾ ਦਿੱਤਾ, ਜਦੋਂ ਉਹ ਸ਼ਿਕਾਰ ਖੇਡ ਰਿਹਾ ਸੀ।"

"ਹੱਤਿਆ ਕਿਸ ਨੇ ਕੀਤੀ?"

"ਜਵਾਹਰ ਸਿੰਘ ਦੇ ਮਿੱਤਰ ਫ਼ਤਹਿ ਖਾਂ ਟਿਵਾਣੇ ਨੇ।"

ਸਾਧੂ ਇਹ ਸੁਣ ਕੇ ਚੁਪ ਹੋ ਗਿਆ, ਪਰ ਮਹਾਰਾਣੀ ਇਕ ਲੰਮਾ ਹੌਕਾ ਭਰ ਕੇ ਕਹਿਣ ਲੱਗੀ, "ਕੰਵਰ ਦੇ ਕਤਲ ਦੀ ਖ਼ਬਰ ਜਦੋਂ ਫ਼ੌਜੀ ਪੰਚਾਂ ਕੇ ਕੰਨੀਂ ਪਈ ਤਾਂ ਉਹ ਕੱਪੜਿਆਂ ਤੋਂ ਬਾਹਰ ਹੋ ਗਏ। ਉਨ੍ਹਾਂ ਨੇ ਉਸੇ ਵੇਲੇ ਜਵਾਹਰ ਸਿੰਘ ਕੋਲੋਂ ਜਵਾਬ ਤਲਬ ਕੀਤਾ।"

ਸਰਦਾਰ ਚਤਰ ਸਿੰਘ ਨੇ ਆਪਣਾ ਟੱਬਰ ਤਾਂ ਪਹਿਲਾਂ ਹੀ ਅਟਕ ਵੱਲ ਤੋਰ ਦਿੱਤਾ ਸੀ। ਉਹ ਫ਼ੌਜੀ ਪੰਚਾਂ ਤੋਂ ਡਰਦਾ ਮਾਰਾ ਗੁਲਾਬ ਸਿੰਘ ਦੇ ਕੋਲ ਜਾ ਲੁਕਿਆ। ਫ਼ਤਹਿ ਖਾਂ ਨੂੰ ਅਟਕ ਵਿਚ ਕਿਸੇ ਨਾ ਪੁੱਛਿਆ ਪਰ ਮੌਤ ਮੇਰੇ

ਭਰਾ ਦੇ ਸਿਰ ਤੇ ਆ ਬੋਲੀ। ਮੈਂ ਬੜਾ ਚਤਨ ਕੀਤਾ ਕਿ ਫ਼ੌਜੀ ਪੰਚਾਂ ਨੂੰ ਨਰਮ ਕਰ ਲਵਾਂ। ਸੋਨਾ ਚਾਂਦੀ ਤੇ ਦੁਸ਼ਾਲੇ ਵੰਡਣੇ ਚਾਹੇ, ਤਰਲੇ ਕੀਤੇ, ਪਰ ਉਹ ਨਾ ਮੰਨੇ। ਉਨ੍ਹਾਂ ਨੇ ਆਖ ਭੇਜਿਆ, "ਜੇ ਜਵਾਹਰ ਸਿੰਘ ਨੂੰ ਸਾਡੇ ਹਵਾਲੇ ਨਾ ਕੀਤਾ ਤਾਂ ਅਸੀਂ ਕਿਲ੍ਹੇ ਤੇ ਚੜ੍ਹਾਈ ਕਰ ਕੇ ਸਭ ਬਾਲ ਬੱਚੇ ਨੂੰ ਬਿਲੇ ਲਾ ਦਿਆਂਗੇ।" ਇਹ ਸੁਣ ਕੇ ਮੈਂ ਸੋਚੀਂ ਪੈ ਗਈ। ਫ਼ੌਜ ਦੀ ਬੁਰਛਾ ਗਰਦੀ ਮੈਨੂੰ ਭੁੱਲੀ ਨਹੀਂ ਸੀ, ਮੈਨੂੰ ਚਿੰਤਾ ਪਈ ਕਿ ਕਿਤੇ ਮੇਰੇ ਪੁੱਤਰ ਨੂੰ ਵੀ ਨਾ ਮਾਰ ਦੇਣ। ਮੈਂ ਭਰਾ ਨੂੰ ਨਾਲ ਲੈ ਕੇ ਮੀਆਂ ਮੀਰ ਦੀ ਛਾਉਣੀ ਨੂੰ ਤਰ ਪਈ। ਦਲੀਪ ਸਿੰਘ ਉਰਦੀ ਗੋਦ ਵਿਚ ਸੀ ਤੇ ਉਹ ਇਕ ਹਾਥੀ ਤੇ ਬੈਠੇ ਸਨ। ਮੈਂ ਦੂਸਰੇ ਹਾਥੀ ਤੇ ਸਾਂ ਤੇ ਮੇਰੇ ਨਾਲ ਮੰਗਲਾਂ ਗੋਲੀ ਸੀ।

"ਜਦੋਂ ਅਸੀਂ ਛਾਉਣੀ ਦੇ ਨੇੜੇ ਪੁੱਜੇ ਤਾਂ ਪਿੱਛਾ ਕਰਨ ਵਾਲਿਆਂ ਸਿਪਾਹੀਆਂ ਨੇ ਆ ਫੜਿਆ। ਪੰਚਾਂ ਤੱਕ ਨਾ ਅਸੀਂ ਪੁੱਜੇ ਨਾ ਪੰਜਾਂ ਨੂੰ ਕੋਈ ਪਤਾ ਲੱਗਾ। ਇਕ ਸਿਪਾਹੀ ਹਾਥੀ ਦੀ ਪੂਛ ਫੜ ਕੇ ਹਾਥੀ ਤੇ ਚੜ੍ਹ ਗਿਆ ਤੇ ਜਵਾਹਰ ਸਿੰਘ ਦੀ ਗੋਂਦ ਵਿਚੋਂ ਉਸ ਨੇ ਦਲੀਪ ਸਿੰਘ ਨੂੰ ਚੁਕ ਕੇ ਦੂਸਰੇ ਸਿਪਾਹੀ ਨੂੰ ਫੜਾ ਦਿੱਤਾ। ਉਸੇ ਜ਼ਾਲਮ ਨੇ ਹੀ ਨੇਜ਼ੇ ਨਾਲ ਮੇਰੇ ਵੀਰ ਨੂੰ ਮਾਰ ਦਿੱਤਾ ਉਸ ਦੀ ਤੜਪਦੀ ਲੋਥ ਹਾਥੀ ਤੋਂ ਥੱਲੇ ਸੁੱਟ ਦਿੱਤੀ ਤੇ ਤਲਵਾਰਾਂ ਨਾਲ ਨਿੱਕੇ-ਨਿੱਕੇ ਡੱਕਰੇ ਕਰ ਦਿੱਤੀ ਗਈ।"

ਇਹ ਕਹਿੰਦਿਆਂ ਹੋਇਆਂ ਮਹਾਰਾਣੀ ਦੀਆਂ ਅੱਖਾਂ ਵਿਚੋਂ ਅੱਥਰੂਆਂ ਦੀ ਝੜੀ ਲਗ ਗਈ, ਪਰ ਉਹ ਦਿਲ ਤਕੜਾ ਕਰਕੇ ਬੋਲੀ ਗਈ। "ਭਰਾ ਦੇ ਟੁਕੜੇ ਹੁੰਦੇ ਮੈਂ ਦੇਖ ਨਾ ਸਕੀ। ਮੈਂ ਪਾਗਲਾਂ ਵਾਂਗ ਧਾਹੀਂ ਮਾਰਕੇ ਹਾਥੀ ਤੋਂ ਛਾਲ ਮਾਰ ਦਿੱਤੀ ਤੇ ਉਛਲ ਕੇ ਭਰਾ ਦੀ ਲੋਥ ਉਤੇ ਜਾ ਡਿੱਗੀ। ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ ਤੇ ਮੇਰੇ ਵੈਣ ਅਸਮਾਨ ਪਾੜਨ ਲੱਗੇ। ਪਰ ਪੱਥਰ ਦਿਲ ਸਿਪਾਹੀ ਹੱਸਣ ਲੱਗੇ। ਉਨ੍ਹਾਂ ਵਿਚੋਂ ਦੋਂਹ ਨੇ ਮੈਨੂੰ ਦੋਹਾਂ ਬਾਹਾਂ ਤੋਂ ਫੜ ਕੇ ਉਠਾਇਆ ਤੇ ਗਾਲ੍ਹਾਂ ਕੱਢਦੇ ਹੋਏ ਧੂਹ ਕੇ ਇਕ ਤੰਬੂਵਿਚ ਲੈ ਗਏ। ਉਥੇ ਬੰਦ ਕਰ ਦਿੱਤਾ। ਮੇਰੇ ਕੋਲ ਹੀ ਮੰਗਲਾਂ ਦਾਸੀ ਭੀ ਆ ਗਈ, ਪਰ ਮੇਰੇ ਦਲੀਪ ਨੂੰ ਕਿਸੇ ਹੋਰ ਤੰਬੂਵਿਚ ਲੈ ਗਏ। ਧਰਤੀ ਦੀ ਮਿੱਟੀ ਪੁੱਟ ਮੈਂ ਸਿਰ ਵਿਚ ਪਾਲਈ। ਵਿਰਲਾਪ ਕਰਦਿਆਂ ਮੇਰਾ ਸਿੰਘ ਬਹਿ ਗਿਆ, ਪਰਕਿਸੇ ਇਕ ਨਾ ਸੁਣੀ।"

"ਭਰਾ ਦੀ ਮੌਤ ਨੇ ਮੈਨੂੰ ਪਾਗਲ ਕਰ ਦਿੱਤਾ। ਮੇਰੇ ਅੰਦਰ ਈਰਖਾ ਤੇ ਬਦਲੇ ਦੀ ਅੱਗ ਭੜਕ ਉਠੀ। ਮੈਂ ਬੜੇ ਭੈੜੇ ਫ਼ੈਸਲੇ ਕੀਤੇ ਮੇਰੇ ਦਿਲ ਦੀ ਇਹ ਤੜਪ ਸੀ ਕਿ ਏਨ੍ਹਾਂ ਸਿਪਾਹੀਆਂ ਦੇ ਡੱਕਰੇ ਕਰਾ ਦੇਵਾਂ। ਇਨ੍ਹਾਂ ਦੇ ਦਿਲ ਨਾ ਦਰਦ ਹੈ, ਨਾ ਅੱਖਾਂ ਵਿਚ ਸ਼ਰਮ। ਇਹ ਚੰਡਾਲ ਬਣ ਗਏ ਹਨ। ਪਰ ਮੈਂ ਕਰ ਕੁਝ ਨਹੀਂ ਸਾਂ ਸਕਦੀ। ਮੈਂ ਬਹੁਤ ਦੁਖੀ ਹੋ ਗਈ, ਰਾਤ ਰੋਂਦਿਆਂ ਨੂੰ ਲੰਘ ਜਾਂਦੀ ਤੇ ਦਿਨ ਸ਼ੇਰੇ ਪੰਜਾਬ ਦੀ ਸਮਾਧ ਤੇ ਜਾਂ ਵੀਰ ਦੀ ਮੜ੍ਹੀ ਤੇ ਵੈਣ ਪਾਉਂਦੀਆਂ ਗੁਜ਼ਰ ਜਾਂਦਾ।

"ਦਲੀਪ ਸਿੰਘ ਮਹਾਰਾਜਾ ਬਣਿਆ ਰਿਹਾ। ਫ਼ੌਜੀ ਪੰਚ ਚਾਹੁੰਦੇ ਸਨ ਕਿ ਵਜ਼ੀਰ ਕੋਈ ਫ਼ੌਜੀ ਬਣੇ, ਪਰ ਮੈਂ ਚਾਹੁੰਦੀ ਸਾਂ ਰਾਜਾ ਲਾਲ ਸਿੰਘ ਰਹੇ। ਕਿਉਂਕਿ ਉਸ ਨੇ ਮੈਨੂੰ ਕਿਹਾ ਕਿ ਮੈਂ ਤੇਰੇ ਵੀਰ ਦਾ ਬਦਲਾ ਲੈ ਦਿਆਂਗਾ। ਖ਼ਜ਼ਾਨਾ ਖ਼ਾਲੀ ਸੀ। ਸਿਪਾਹੀਆਂ ਨੂੰ ਇਨਾਮ ਦੇ ਕੇ ਚੁਪ ਕਰਾਇਆ ਜਾ ਸਕਦਾ ਸੀ, ਪਰ ਇਨਾਮ ਦਿੱਤੇ ਕਿਥੋਂ ਜਾਣ। ਖ਼ਜ਼ਾਨੇ ਵਿਚ ਤਾਂ ਕੁਝ ਹੈ ਨਹੀਂ ਅਤੇ ਇਹ ਫ਼ੈਸਲਾ ਹੋਇਆ ਕਿ ਕੁਝ ਮਹੀਨੇ ਲਾਲ ਸਿੰਘ ਵਜ਼ੀਰ ਰਹੇ ਤੇ

ਤੇਜਾ ਸਿੰਘ ਫ਼ੌਜਾਂ ਦਾ ਸਰਦਾਰ (ਕਮਾਂਡਰ ਇਨਚੀਫ਼) ਪਰ ਜਦੋਂ ਦਿਨ ਪੁੱਠੇ ਹੋਣ, ਓਦੋਂ ਜਾਂ ਤਾਂ ਆਪ ਨੂੰ ਪੁੱਠੀਆਂ ਸੁਝਦੀਆਂ ਨੇ ਜਾਂ ਜਿਨ੍ਹਾਂ ਤੇ ਭਰੋਸਾ ਕਰੀਦਾ ਹੈ, ਉਹ ਧੋਖਾ ਦੇ ਜਾਂਦੇ ਹਨ। ਲਾਲ ਸਿੰਘ ਤੇ ਤੇਜਾ ਸਿੰਘ ਦੋਵੇਂ ਮੇਰੀ ਬਰਬਾਦੀ ਦਾ ਕਾਰਨ ਬਣੇ।"

"ਉਹ ਕਿਵੇਂ?"

"ਇਨ੍ਹਾਂ ਅਕ੍ਰਿਤਘਣਾਂ ਨੇ ਆਪੇ ਹੀ ਖ਼ਾਲਸਾ ਫੌਜ ਨੂੰ ਫ਼ਰੰਗੀ ਨਾਲ ਲੜਾਇਆ ਤੇ ਆਪ ਹੀ ਧੋਖਾ ਦੇ ਕੇ ਹਾਰ ਕਰਾ ਦਿੱਤੀ, ਬਰੂਦ ਦੀ ਥਾਂ ਸਰੋਂ ਭੇਜੀ, ਤੇਜਾ ਸਿੰਘ ਨੇ ਸਤਲੁਜ ਦਾ ਪੁਲ ਤੋੜ ਦਿੱਤਾ, ਮੈਦਾਨੇ ਜੰਗ ਵਿਚੋਂ ਨੱਠ ਆਇਆ ਤੇ ਮੁੜ ਆਪ ਹੀ ਫ਼ਰੰਗੀ ਨਾਲ ਸੁਲਾਹ ਕਰ ਕੇ ਪੰਜਾਬ ਨੂੰ ਉਨ੍ਹਾਂ ਦੇ ਹਵਾਲੇ ਕਰ ਦਿੱਤਾ।"

"ਹੈਂ ਸਿੰਘ ਹਾਰ ਗਏ!" ਪੰਜਾਬ ਗ਼ੁਲਾਮ ਹੋ ਗਿਆ?"

ਬੜੀ ਹੈਰਾਨੀ ਨਾਲ ਸਾਧੂ ਨੇ ਪੁੱਛਿਆ।

"ਹਾਂ, ਸਿੰਘ ਹਾਰ ਗਏ," ਮਹਾਰਾਣੀ ਬੋਲੀ।

"ਉਹ ਸਿੰਘ ਨਹੀਂ ਰਹੇ, ਉਹ ਪੂਰਬੀਏ ਘਸਿਆਰੇ ਬਣਾ ਗਏ। ਜੇ ਸਿੰਘ ਹੁੰਦੇ ਤਾਂ ਹਾਰਦੇ ਨਾ। ਸਿੰਘਾਂ ਨੇ ਤਾਂ ਮੁਗਲ ਹਕੂਮਤ ਨੂੰ ਖ਼ਤਮ ਕਰ ਦਿੱਤਾ, ਜੋ ਕਈ ਸੌ ਸਾਲਾਂ ਤੋਂ ਰਾਜ ਕਰ ਰਹੀ ਸੀ।"

"ਫ਼ਰੰਗੀ ਨਾਲ ਗੰਢ ਤੁਪ ਕਰਕੇ ਇਹ ਤੇਜਾ ਸਿੰਘ ਤੇ ਲਾਲ ਸਿੰਘ ਲਾਹੌਰ ਵਿਚ ਆਏ। ਗੁਲਾਬ ਸਿੰਘ ਨੇ ਕਸ਼ਮੀਰ ਤੇ ਜੰਮੂ ਦੇ ਸੂਬੇ ਸਾਂਭ ਲਏ। ਮੈਂ ਆਪਣੀ ਗ਼ਲਤੀ ਤੇ ਪਛਤਾਈ, ਪਰ ਜਦੋਂ ਚਿੜੀਆਂ ਖੇਤ ਚੁਗ ਜਾਣ ਤਦੋਂ ਪਛਤਾਉਣ ਦੇ ਕੀ ਅਰਥ। ਜੇ ਲਾਲ ਸਿੰਘ ਤੇ ਤੇਜਾ ਸਿੰਘ ਉਤੇ ਭਰੋਸਾ ਨਾ ਕਰਦੀ ਤਾਂ ਅੱਜ ਘਰੋਂ ਬੇਘਰ ਨਾ ਹੁੰਦੀ। ਅੱਜ ਫ਼ਕੀਰਨੀਆਂ ਵਾਂਗ ਜੰਗਲਾਂ ਵਿਚ ਕੰਡੇ ਨਾ ਛਾਣਦੀ।"

ਮਹਾਰਾਣੀ ਦਾ ਗਲਾ ਰੁਕ ਗਿਆ। ਉਸ ਦੀਆਂ ਭੁੱਬਾਂ ਨਿਕਲ ਗਈਆਂ, ਉਹ ਅੱਖਾਂ ਅੱਗੇ ਲੀੜਾ ਦੇ ਕੇ ਰੋਣ ਲਗ ਪਈ।

ਸਾਧੂ ਤੇ ਗੋਮਤੀ ਉਸਨੂੰ ਧੀਰਜ ਦੇਂਦੇ ਹੋਏ ਚੁਪ ਕਰਾਉਣ ਲੱਗੇ।

## ਕਾਂਡ-13

"ਇਹ ਸਿੰਘਾਂ ਤੇ ਫ਼ਰੰਗੀਆਂ ਦੀ ਲੜਾਈ ਕਿਵੇਂ ਹੋਈ?" ਸਾਧੂ ਨੇ ਪੁੱਛਿਆ।

"ਇਸ ਲੜਾਈ ਦੀ ਗੱਲ ਇਉਂ ਹੈ," ਮਹਾਰਾਣੀ ਬੋਲੀ, "ਮੈਂ ਲਾਲ ਸਿੰਘ ਨੂੰ ਵਜ਼ੀਰ ਚੁਣਿਆ। ਇਹ ਬੇਈਮਾਨ ਨਿਕਲਿਆ। ਇਸ ਨੇ ਆਪਣੇ ਆਪ ਹੀ ਤੇਜਾ ਸਿੰਘ ਪੂਰਬੀਏ ਨੂੰ ਫ਼ੌਜਾਂ ਦਾ ਸਰਦਾਰ ਬਣਾ ਦਿੱਤਾ। ਜਿਵੇਂ ਮੈਂ ਪਹਿਲੇ ਦੱਸ ਚੁੱਕੀ ਹਾਂ, ਇਹ ਦੋਵੇਂ ਫ਼ਰੰਗੀ ਨਾਲ ਮਿਲ ਗਏ। ਇਨ੍ਹਾਂ ਦੇ ਨਾਲ ਹੀ ਰਾਜਾ ਗੁਲਾਬ ਸਿੰਘ ਰਲ ਗਿਆ, ਜੋ ਬੜਾ ਚਲਾਕ ਤੇ ਸਾਜ਼ਸ਼ੀ ਸੀ ਫ਼ਰੰਗੀ ਅੱਗੇ ਹੀ ਪੰਜਾਬ ਤੇ ਅੱਖਾਂ ਲਾਈ ਬੈਠਾ ਸੀ ਉਸਨੂੰ ਜਦੋਂ ਪਤਾ ਲੱਗਾ ਕਿ ਲਾਹੌਰ ਦਰਬਾਰ ਨੂੰ ਫੁੱਟ ਨੇ ਖਾ ਲਿਆ ਹੈ, ਵਫ਼ਾਦਾਰ ਦਰਬਾਰੀ ਤੇ ਸਿਪਾਹੀ ਨੌਕਰੀਆਂ ਛੱਡਕੇ ਘਰੋ ਘਰੀਂ ਜਾ ਬੈਠੇ ਹਨ, ਪ੍ਰਬੰਧਕ ਲਾਲਚੀ ਤੇ ਖ਼ੁਦਗਰਜ਼ ਹਨ ਅਤੇ ਫ਼ੌਜ ਆਪ-ਮੁਹਾਰੀ ਹੋ ਗਈ ਹੈ, ਤਾਂ ਉਸਨੇ ਝੱਟ

ਤੇਜਾ ਸਿੰਘ ਤੇ ਲਾਲ ਸਿੰਘ ਨਾਲ ਗੰਢ ਲਈ। ਮੈਨੂੰ ਕੋਈ ਪਤਾ ਨਹੀਂ ਕਿ ਮੇਰੇ ਰਾਜ ਦੀਆਂ ਹੁਣ ਕਿਵੇਂ ਵੰਡੀਆਂ ਪੈ ਰਹੀਆਂ ਹਨ।"

"ਸਾਜ਼ਸ਼ ਇਉਂ ਘੜੀ ਗਈ ਕਿ ਲਾਲ ਸਿੰਘ ਤੇ ਤੇਜਾ ਸਿੰਘ ਸਿੱਖ ਫ਼ੌਜ ਨੂੰ ਦਰਿਆ ਸਤਿਲੁਜ ਤੋਂ ਪਾਰ ਫ਼ਰੰਗੀ ਦੇ ਇਲਾਕੇ 'ਤੇ ਹਮਲਾ ਕਰਨ ਵਾਸਤੇ ਉਤਾਰੇ ਤੇ ਜਦੋਂ ਟਾਕਰਾ ਹੋਵੇ ਉਸ ਵੇਲੇ ਤੇਜਾ ਸਿੰਘ ਫ਼ੌਜ ਨੂੰ ਲੈ ਕੇ ਨਸ ਉਠੇ। ਇਸ ਤਰ੍ਹਾਂ ਆਪੇ ਭੱਜਦੇ ਹੋਏ ਸਿਪਾਹੀ ਮਾਰੇ ਜਾਣਗੇ, ਜਾਂ ਜਿਵੇਂ ਵੀ ਹੋਵੇ ਫ਼ਰੰਗੀ ਦੀ ਜਿੱਤ ਕਰਾ ਕੇ ਫ਼ਰੰਗੀ ਨੂੰ ਲਾਹੌਰ ਲਿਜਾਇਆ ਜਾਏਗਾ। ਇਸੇ ਤਰ੍ਹਾਂ ਹੀ ਹੋਇਆ। ਇਕ ਦਿਨ ਮੈਂ ਸੰਮਨ ਬੁਰਜ ਵਿਚ ਬੈਠੀ ਸਾਂ ਕਿ ਮੇਰੇ ਕੋਲ ਗੁਲਾਬ ਸਿੰਘ ਆਇਆ ਕਿ ਫ਼ਰੰਗੀ ਨੇ ਸਾਡੇ ਇਲਾਕੇ ਤੇ ਕਬਜ਼ਾ ਕਰ ਲਿਆ ਹੈ, ਕੀ ਕਰੀਏ? ਮੈਂ ਜੋਸ਼ ਵਿਚ ਆ ਕੇ ਆਖਿਆ, "ਮੁਕਾਬਲਾ ਕਰ ਕੇ ਰਾਜ ਦੀ ਰਾਖੀ ਕਰੋ। ਪੰਜਾਬ ਦੀ ਪਵਿੱਤ੍ਰ ਧਰਤੀ ਤੇ ਹੁਣ ਗ਼ੈਰ ਦੇ ਪੈਰ ਨਹੀਂ ਪੈਣੇ ਚਾਹੀਦੇ। ਇਹ ਧਰਤੀ ਸਿੰਘਾਂ ਦੀ ਹੈ, ਸਿੰਘਾਂ ਦੀ ਰਹੇਗੀ।" ਉਹ ਸਤ ਬਚਨ ਆਖਕੇ ਚਲਾ ਗਿਆ।"

"ਇਸ ਗੱਲ ਦੇ ਕੋਈ ਦੋ ਮਹੀਨੇ ਪਿਛੋਂ ਮੈਨੂੰ ਪਤਾ ਲੱਗਾ ਕਿ ਫ਼ਰੰਗੀ ਤੇ ਸਿੰਘਾਂ ਦੀ ਲੜਾਈ ਵਿਚ ਸਿੰਘ ਹਾਰ ਗਏ ਹਨ। ਸ: ਸ਼ਾਮ ਸਿੰਘ ਅਟਾਰੀ ਵਾਲੇ ਸ਼ਹੀਦ ਹੋ ਗਏ ਨੇ ਬਹੁਤ ਸਾਰਾ ਨੁਕਸਾਨ ਹੋਇਆ ਹੈ।"

"ਹੈਂ! ਸ਼ਾਮ ਸਿੰਘ ਅਟਾਰੀ ਸ਼ਹੀਦ ਹੋ ਗਿਆ?" ਸਾਧੂ ਨੇ ਤੜਪ ਕੇ ਪੁਛਿਆ।

"ਹਾਂ ਜੀ, ਉਸ ਵਰਗਾ ਜਰਨੈਲ ਕਿਸੇ ਮਾਂ ਨੇ ਨਹੀਂ ਜੰਮਣਾ। ਜਦੋਂ ਲੜਾਈ ਸ਼ੁਰੂ ਹੋਈ ਸੀ ਉਸ ਵੇਲੇ ਉਹ ਆਪਣੇ ਪਿੰਡ ਅਟਾਂਰੀ ਸੀ। ਘਰੋਂ ਤੁਰਨ ਲੱਗਿਆਂ ਉਸ ਨੇ ਮਤਾ ਸੋਧਿਆ ਕਿ ਉਹ ਜਾਂ ਤਾਂ ਜਿੱਤ ਕੇ ਆਏਗਾ, ਜਾਂ ਸ਼ਹੀਦ ਹੋ ਜਾਵੇਗਾ, ਹਾਰ ਕੇ ਅਟਾਰੀ ਨਹੀਂ ਮੁੜੇਗਾ। ਮੈਨੂੰ ਦੱਸਿਆ ਗਿਆ ਕਿ ਲਾਲ ਸਿੰਘ ਤੇ ਤੇਜਾ ਸਿੰਘ ਗ਼ਦਾਰੀ ਕਰ ਕੇ ਮੈਦਾਨੇ ਜੰਗ ਵਿਚੋਂ ਉਸ ਵੇਲੇ ਨੱਠ ਪਏ, ਜਦੋਂ ਸਿੰਘਾਂ ਦੀ ਫ਼ਤਹਿ ਹੋ ਚੱਲੀ ਸੀ, ਪਰ ਇਸ ਜਰਨੈਲ ਨੇ ਕਿਹਾ, 'ਨਹੀਂ' ਸਿੰਘ ਕਦੀ ਵੈਰੀ ਨੂੰ ਪਿੱਠ ਨਹੀਂ ਦਿਖਾਏਗਾ। ਮੈਦਾਨੇ ਜੰਗ ਵਿਚੋਂ ਗਿੱਦੜ ਨੱਸਦੇ ਹਨ, ਸ਼ੇਰ ਨਹੀਂ।' ਉਹ ਪੁਰਜ਼ਾ ਪੁਰਜ਼ਾ ਕੱਟ ਮਰਿਆ।"

"ਸਿੱਖ ਰਾਜ ਨੂੰ ਖ਼ਤਮ ਕਰਨ, ਫ਼ੌਜਾਂ ਦੇ ਬਲ ਨੂੰ ਬਰਬਾਦ ਕਰਨ ਅਤੇ ਆਪ ਇਨਾਮ ਲੈਣ ਵਾਸਤੇ ਜਾਣ ਬੁਝ ਕੇ ਲੜਾਈ ਹਾਰੀ ਗਈ। ਬਰੂਦ ਨਾ ਦਿੱਤਾ, ਦਰਿਆ ਦਾ ਪੁਲ ਤੋੜ ਦਿੱਤਾ, ਘਮਸਾਨ ਦੀ ਲੜਾਈ ਵਿਚੋਂ ਨੱਠ ਪਏ। ਮੈਂ ਕੀ ਦੱਸਾਂ, ਅੰਤ ਫ਼ਰੰਗੀ ਲਾਟ ਦੀ ਫ਼ੌਜ ਨੇ ਜਿਤ ਦੇ ਨਾਹਰਿਆਂ ਵਿਚ ਸਤਲੁਜ ਨੂੰ ਪਾਰ ਕਰ ਲਿਆ ਤੇ ਫਰੰਗੀ ਲਾਟ ਕਸੂਰ ਆ ਬੈਠਾ।"

"ਲਾਹੌਰ ਦਰਬਾਰ ਵਲੋਂ ਲਾਲ ਸਿੰਘ, ਤੇਜਾ ਸਿੰਘ, ਰਾਜਾ ਗੁਲਾਬ ਸਿੰਘ ਤੇ ਚਤਰ ਸਿੰਘ ਕਸੂਰ ਲਾਟ ਨੂੰ ਮਿਲਣ ਵਾਸਤੇ ਗਏ। ਆਪੋ ਆਪਣੇ ਲਾਭਾਂ ਵਲ ਹਰ ਇਕ ਨੇ ਖ਼ਿਆਲ ਰੱਖਿਆ। ਪਰ ਮੇਰੀ ਤੇ ਮੇਰੇ ਪੁੱਤਰ ਦੀ ਕਿਸਮਤ ਦੀ ਬੇੜੀ ਵਿਚ ਭਾਰੀ ਪੱਥਰ ਰੱਖ ਆਏ। ਇਕ ਇਕਰਾਰਨਾਮਾ ਹੋਇਆ। ਫ਼ਰੰਗੀ ਨੇ ਡੇਢ ਕਰੋੜ ਲੜਾਈ ਦਾ ਹਰਜਾਨਾ ਲਾਹੌਰ ਦਰਬਾਰ ਤੇ ਪਾਂ ਦਿੱਤਾ, ਪਰ ਖ਼ਜ਼ਾਨੇ ਵਿਚ ਤਾਂ ਪੈਸਾ ਨਹੀਂ ਸੀ, ਇਸ ਲਈ ਉਸ ਬਦਲੇ ਕਸ਼ਮੀਰ ਤੇ ਜੰਮੂ ਗਹਿਣੇ ਰੱਖ ਲਿਆ, ਜੋ ਰਾਜਾ ਗੁਲਾਬ ਸਿੰਘ ਨੇ ਸਾਡੇ ਹੀ ਲੁਟੇ ਹੋਏ ਰੁਪਏ ਨਾਲ ਖ਼ਰੀਦ ਲਿਆ।

ਹੁਣ ਉਹ ਕਸ਼ਮੀਰ ਤੇ ਜੰਮੂਦਾ ਮਹਾਰਾਜਾ ਹੈ। ਫ਼ਰੰਗੀ ਤੇ ਗੱਦਾਰ ਦਰਬਾਰੀਆਂ ਦਾ ਇਕ ਸਾਂਝਾ ਦਰਬਾਰ ਲਲਿਆਣੀ ਕੇ ਮੁਕਾਮ ਤੇ ਹੋਇਆ। ਉਸ ਵਿਚ ਮੇਰੇ ਪੁੱਤਰ ਨੂੰ ਸੱਦਿਆ ਗਿਆ। ਇਸ ਮਾਸੂਮ ਨੂੰ ਜਿਵੇਂ ਦਰਬਾਰੀਆਂ ਸਮਝਾਇਆ ਤਿਵੇਂ ਇਸ ਨੇ ਮਾਫ਼ੀ ਮੰਗ ਲਈ। ਫ਼ਰੰਗੀ ਅੱਗੇ ਸਿਰ ਝੁਕਾ ਦਿੱਤਾ। ਮੈਂ ਜਦੋਂ ਇਹ ਸੁਣਿਆ, ਉਸ ਵੇਲੇ ਮੇਰੇ ਸੀਨੇ ਸਾਂਗ ਵੱਜੀ। ਮੈਨੂੰ ਸਰਕਾਰ (ਸ਼ੇਰੇ ਪੰਜਾਬ) ਯਾਦ ਆਈ ! ਆਹ ! ਜਿਸ ਨੇ ਅਕਾਲ ਪੁਰਖ ਤੋਂ ਬਿਨਾਂ ਕਿਸੇ ਅੱਗੇ ਸਿਰ ਨਹੀਂ ਸੀ ਝੁਕਾਇਆ, ਅਜ ਉਸ ਦੀ ਔਲਾਦ ਪਰਦੇਸੀਆਂ ਅੱਗੇ ਹੱਥ ਜੋੜ ਕੇ ਖਲੋਂਦੀ ਰੋਟੀ ਦਾ ਟੁਕੜ ਮੰਗਦੀ ਹੈ, ਜਾਨ ਦੀ ਰਾਖੀ ਲੋੜਦੀ ਹੈ।"

"ਸਾਡੀਆਂ ਗ਼ਲਤੀਆਂ ਦਾ ਫਲ। ਅਸੀਂ ਸਿੰਘ ਨਹੀਂ ਰਹੇ। ਗੁਰੂਜੀ ਨੇ ਸਾਨੂੰ ਜਿਸ ਚਿੱਕੜ ਤੇ ਗੁਲਾਮੀ ਦੇ ਟੋਏ ਵਿਚੋਂ ਉਪਰ ਚੁਕਕੇ ਆਪਣੇ ਪੈਰਾਂ ਤੇ ਅਜ਼ਾਦ ਖਲੋਣਾ ਦੱਸਿਆ ਸੀ, ਉਹ ਭੁਲ ਗਏ। ਜੋ ਕੌਮ ਆਪਣੇ ਧਾਰਮਿਕ ਅਸੂਲਾਂ ਨੂੰ ਛੱਡ ਜਾਂਦੀ ਹੈ, ਉਸ ਦਾ ਇਹੋ ਹੀ ਹਸ਼ਰ ਹੁੰਦਾ ਹੈ।" ਸਾਧੂਨੀਵੀਂ ਪਾਈ ਬੋਲੀ ਗਿਆ। ਉਸ ਦੇ ਲੂੰ ਲੂੰ ਵਿਚ ਸਿੱਖੀ ਤੇ ਦੇਸ਼ ਪਿਆਰ ਦੀ ਲਹਿਰ ਫਿਰ ਗਈ। ਮਨ ਹੀ ਮਨ ਉਹ ਪਛਤਾਇਆ ਕਿ ਉਹ ਸਾਧੂਕਿਉਂ ਹੋਇਆ। ਉਸ ਨੂੰ ਚਾਹੀਦਾ ਸੀ ਰਾਜ ਦੀ ਰਾਖੀ ਕਰਦਾ।

"ਮੇਰਾ ਪੁੱਤਰ ਜਦੋਂ ਲਲਿਆਣੀ ਤੋਂ ਵਾਪਸ ਲਾਹੌਰ ਨੂੰ ਮੁੜਿਆ ਤਾਂ ਇਸ ਦੇ ਨਾਲ ਫ਼ਰੰਗੀ ਦੀ ਫ਼ੌਜ ਦੇ ਅਫ਼ਸਰ ਸਨ। ਜਦੋਂ ਮੈਨੂੰ ਪਤਾ ਲੱਗਾ ਕਿ ਜਲੰਧਰ ਦੁਆਬੇ ਦਾ ਇਲਾਕਾ ਵੀ ਫ਼ਰੰਗੀ ਨੇ ਆਪਣੇ ਰਾਜ ਨਾਲ ਮਿਲਾ ਲਿਆ ਹੈ ਤੇ ਮੇਰੇ ਪੁੱਤਰ ਦੇ ਰਾਜ ਦੀਆਂ ਹੱਦਾਂ ਨੇੜੇ ਹੋ ਗਈਆਂ ਨੇ, ਮੈਨੂੰ ਗਸ਼ਾਂ ਪਈਆਂ। ਮੈਨੂੰ ਆਪਣੀ ਇਸ ਭੁੱਲ ਦਾ ਪਤਾ ਲੱਗਾ। ਵੀਰ ਦੀ ਮੌਤ ਤੇ ਜੋ ਮੈਂ ਵੈਣ ਪਾਏ ਸਨ ਉਹ ਮੇਰੀ ਭੁੱਲ ਸੀ। ਮੇਰੇ ਵੈਣ ਸੱਚੇ ਹੋਏ, ਭੂਤੀ ਹੋਈ ਫ਼ੌਜ ਤਾਂ ਮਾਰ ਖਾ ਕੇ ਮੱਠੀ ਹੋ ਗਈ, ਪਰ ਮੈਂ ਤੇ ਮੇਰਾ ਪੁੱਤਰ ਗ਼ੁਲਾਮ ਹੋ ਗਏ। ਲਾਲ ਸਿੰਘ ਤੇ ਤੇਜਾ ਸਿੰਘ ਨੂੰ ਰਾਜ ਧਰੋਹੀ ਜਾਣ ਕੇ ਮੈਂ ਬਹੁਤ ਘਿਰਣਾ ਕਰਨ ਲੱਗੀ ਤੇ ਮੈਂ ਏਹਨਾਂ ਦੀਆਂ ਸੂਰਤਾਂ ਵੀ ਨਹੀਂ ਦੇਖਣਾ ਚਾਹੁੰਦੀ ਸੀ।"

ਸਾਧੂਨੇ ਕਿਹਾ, "ਦੇਸ਼ ਧਰੋਹੀ ਦਾ ਮੂੰਹ ਦੇਖਣਾ ਭਾਰੀ ਪਾਪ ਹੈ।" "ਪਤਾ ਨਹੀਂ ਕੀ ਚਾਲ ਹੋਈ, ਲਾਲ ਸਿੰਘ ਨੂੰ ਪੰਜ ਹਜ਼ਾਰ ਦੀ ਪੈਨਸ਼ਨ ਦੇ ਕੇ ਬਨਾਰਸ ਭੇਜ ਦਿੱਤਾ, ਗੁਲਾਬ ਸਿੰਘ ਕਸ਼ਮੀਰ ਦਾ ਮਹਾਰਾਜਾ ਬਣ ਗਿਆ। ਫ਼ਰੰਗੀ ਨੇ ਕਿਲ੍ਹੇ ਵਿਚ ਖ਼ਾਸ ਦਰਬਾਰ ਕਰ ਕੇ ਤੇਜਾ ਸਿੰਘ ਨੂੰ ਰਾਜੇ ਦਾ ਖ਼ਿਤਾਬ ਦੇਣਾ ਚਾਹਿਆ, ਪਰ ਮੈਂ ਇਸ ਦੁਸ਼ਟ ਨੂੰ ਵਡਿਆਉਣਾ ਨਹੀਂ ਸਾਂ ਚਾਹੁੰਦੀ ਤੇ ਮੈਂ ਪੁੱਤਰ ਨੂੰ ਆਖਿਆ, ਇਸ ਦੇ ਮੱਥੇ ਤਿਲਕ ਨਾ ਲਾਈਂ। ਉਸ ਨੇ ਉਸੇ ਤਰ੍ਹਾਂ ਕੀਤਾ। ਨਾ ਹੀ ਰਾਤ ਨੂੰ ਜੋ ਆਤਿਸ਼ਬਾਜ਼ੀ ਚੱਲੀ ਉਸ ਵਿਚ ਅਸੀਂ ਸ਼ਾਮਲ ਹੋਏ। ਅਕ੍ਰਿਤਘਣ ਆਪਣਾ ਰਾਜ ਪਰਦੇਸੀਆਂ ਨੂੰ ਦੇ ਕੇ ਖੁਸ਼ੀ ਕਰ ਰਿਹਾ ਸੀ।"

"ਨਰਕਾਂ ਦਾ ਕੋਹੜੀ ਕੀੜਾ ਬਣੇਗਾ," ਸਾਧੂਜੀ ਬੋਲੇ।

"ਫ਼ਰੰਗੀ ਦੀ ਦੇਖ ਭਾਲ ਵਿਚ ਇਕ ਪੰਚੈਤ ਰਾਜ ਪ੍ਰਬੰਧ ਕਰਨ ਵਾਸਤੇ ਬਣ ਗਈ। ਜਿੰਨਾ ਚਿਰ ਮੇਰਾ ਪੁੱਤਰ ਜੁਆਨ ਨਹੀਂ ਸੀ ਹੁੰਦਾ।.......ਮੈਂ ਏਨੇ ਵਿਚ ਹੀ ਸਬਰ ਕਰ ਬੈਠੀ ਕਿ ਹੁਣ ਬੁਰਛਾ ਗਰਦੀ ਤਾਂ ਖ਼ਤਮ ਹੋ ਜਾਏਗੀ, ਮੇਰੇ ਪੁੱਤਰ ਦੀ ਜਾਨ ਨੂੰ ਤਾਂ ਕੋਈ ਖ਼ਤਰਾ ਨਹੀਂ ਰਿਹਾ। ਇਹ ਇਕ ਸ਼ੇਰੇ ਪੰਜਾਬ ਦੀ ਨਿਸ਼ਾਨੀ ਸੰਸਾਰ ਤੇ ਕਾਇਮ ਰਹੂ,

ਜਿਸ ਨੂੰ ਦਰਿਆ ਅਟਕ ਵੀ ਰਾਹ ਦੇ ਦੇਂਦਾ ਸੀ। .....ਮੈਨੂੰ ਏਥੋਂ ਤਕ ਵੀ ਆਖਿਆ ਗਿਆ ਕਿ ਮੈਂ ਰਾਜ ਪ੍ਰਬੰਧ ਵਿਚ ਕੋਈ ਦਖ਼ਲ ਨਾ ਦਿਆਂ। ਮੇਰੇ ਖ਼ਰਚ ਵਾਸਤੇ ਚੋਖੀ ਰਕਮ ਦਿੱਤੀ ਜਾਏਗੀ ਤੇ ਸੰਮਨ ਬੁਰਜ ਦਾ ਮਹੱਲ ਅੱਗੇ ਹੀ ਮੇਰੇ ਕੋਲ ਸੀ। ਪੁੱਤਰ ਦੀ ਜਾਨ ਤੇ ਉਸ ਦੇ ਰਾਜ ਭਾਗ ਬਦਲੇ ਕਲੇਜਾ ਘੁੱਟ ਕੇ ਚੁਪ ਕਰ ਬੈਠੀ ਇਉਂ ਖ਼ਤਮ ਹੋਈ ਜੀ ਫ਼ਰੰਗੀ ਨਾਲ ਲੜਾਈ, ਅੱਗੇ ਮੇਰਾ ਦਰ ਦਰ ਰੁਲਣ ਦਾ ਹਾਲ ਹੈ, ਜੇ ਆਖੋ ਤਾਂ ਦੱਸਾਂ।"

"ਜ਼ਰੂਰ ਦੱਸੋ। ਆਪਣੇ ਦੁੱਖਾਂ ਦੀ ਵਾਰਤਾ ਕਿਸੇ ਨੂੰ ਸੁਣਾਉਣ ਤੇ ਦਿਲ ਹੌਲਾ ਹੋ ਜਾਂਦਾ ਹੈ। ਵਾਰਤਾ ਦਾ ਕਥਨ ਕਰਦਿਆਂ ਹੋਇਆਂ ਅੱਖੋਂ ਕਿਰੇ ਅੱਥਰੂਤਨ ਨੂੰ ਅਰੋਗ ਕਰਦੇ ਹਨ।" ਸਾਧੂਨੇ ਅਗਲੀ ਜੀਵਨ ਕਹਾਣੀ ਵੀ ਸੁਣਨੀ ਚਾਹੀ।

## ਕਾਂਡ-14

"ਪਾਪੀ ਤੇਜਾ ਸਿੰਘ ਨਿਮਕ-ਹਰਾਮ ਹੋ ਗਿਆ, ਤੇ ਦੂਸਰਾ ਧਿਆਨ ਸਿੰਘ ਸਾਬਤ ਹੋਇਆ", ਮਹਾਰਾਣੀ ਨੇ ਰਹਿੰਦੀ ਕਥਾ ਸ਼ੁਰੂਕੀਤੀ, ਉਸ ਨੇ ਫ਼ਰੰਗੀ ਨੂੰ ਚੁਕਿਆ, "ਜਿੰਨਾ ਚਿਰ ਮੈਂ ਲਾਹੌਰ ਵਿਚ ਹਾਂ ਫ਼ਰੰਗੀਆਂ ਦੇ ਵਿਰੁੱਧ ਕੋਈ ਨਾ ਕੋਈ ਸਾਜ਼ਸ਼ ਕਰਦੀ ਰਹਾਂਗੀ। ਗੁਪਤ ਤੌਰ ਤੇ ਮੇਰੇ ਕੋਲ ਕਈ ਸਰਦਾਰ ਆਉਂਦੇ, ਜੋ ਰਾਜ ਵਿਚ ਬੁਰਛਾ-ਗਰਦੀ ਫੈਲਾਉਣਾ ਚਾਹੁੰਦੇ ਹਨ। ਮੈਂ ਦਲੀਪ ਸਿੰਘ ਨੂੰ ਭੀ ਚੁੱਕਦੀ ਤੇ ਸਮਝਾਉਂਦੀ ਰਹਾਂਗੀ ਕਿ ਉਹ ਫ਼ਰੰਗੀਆਂ ਤੇ ਤੇਜਾ ਸਿੰਘ ਦੀ ਵਿਰੋਧਤਾ ਕਰੇ।" ਪਰ ਅਸਲ ਵਿਚ ਤੇਜਾ ਸਿੰਘ ਵਲੋਂ ਥਪੇ ਇਹ ਸਾਰੇ ਦੋਸ਼ ਝੂਠੇ ਸਨ। "ਮੇਰੇ ਕੋਲ ਨਾ ਕੋਈ ਸਰਦਾਰ ਆਉਂਦਾ ਸੀ ਤੇ ਨਾ ਮੈਂ ਕਿਸੇ ਨਾਲ ਸਾਜ਼ਸ਼ ਕਰਦੀ ਸਾਂ। ਮੈਂ ਤਾਂ ਆਪਣੀ ਕਿਸਮਤ ਦੀ ਨਵੀਂ ਉਸਾਰੀ ਦੇਖ ਦੇਖ ਕੇ ਸੋਚਾਂ ਵਿਚ ਗੁੰਮ ਰਹਿੰਦੀ ਸਾਂ। ਮੈਨੂੰ ਪੁੱਤਰ ਦੇ ਜੀਵਨ ਦੀ ਚਿੰਤਾ ਸੀ।..... ਇਹ ਠੀਕ ਹੈ ਮੈਨੂੰ ਫ਼ਰੰਗੀ ਦੇ ਲਾਹੌਰ ਵਿਚ ਆਉਣ ਤੇ ਰਾਜ ਵਿਚ ਦਖ਼ਲ ਦੇਣ ਦੀ ਘਿਰਣਾ ਜ਼ਰੂਰ ਸੀ, ਪਰ ਉਹ ਪਰਗਟ ਕਦੇ ਨਹੀਂ ਸੀ ਕੀਤੀ।"

"ਆਖ਼ਰ ਇਕ ਦਿਨ ਸਵੇਰੇ ਮੇਰਾ ਛੋਟਾਂ ਭਰਾ ਰੋਂਦਾ ਹੋਇਆ ਮੇਰੇ ਕੋਲ ਆਇਆ। ਉਸਨੇ ਰੋਂਦਿਆਂ ਦੱਸਿਆ, "ਭੈਣ ਅੱਜ ਤੇਰਾ ਅੰਨ ਜਲ ਲਾਹੌਰ ਦੇ ਕਿਲ੍ਹੇ ਵਿਚੋਂ ਚੁਕਿਆ ਗਿਆ। ਤਿਆਰੀ ਕਰ ਲੈ। ਗੋਲੀਆਂ ਦੇ ਨਾਲ ਤੈਨੂੰ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਅੱਜ ਹੀ ਭੇਜਿਆ ਜਾ ਰਿਹਾ ਹੈ। ਤੂੰ ਇਕੱਲੀ ਜਾਏਂਗੀ, ਦਲੀਪ ਸਿੰਘ ਨੂੰ ਨਹੀਂ ਮਿਲ ਸਕਦੀ।..... ਜੇ ਤੂੰ ਨਾ ਜਾਏਂਗੀ ਤਾਂ ਦਲੀਪ ਦਾ ਰਾਜ ਅੱਜ ਹੀ ਖ਼ਤਮ ਹੋ ਜਾਏਗਾ, ਸ਼ਾਇਦ ਦੋਹਾਂ ਮਾਂ ਪੁੱਤ....। ਉਹ ਪੂਰੀ ਗੱਲ ਨਾ ਕਰ ਸਕਿਆ ਤੇ ਮੈਂ ਸੁਣਕੇ ਬਿਲਕੁਲ ਘਬਰਾ ਗਈ, ਉਸ ਦਾ ਇਕ ਇਕ ਸ਼ਬਦ ਮੇਰੀਆਂ ਆਂਦਰਾਂ ਨੂੰ ਘੁੱਟੀ ਜਾਂਦਾ ਸੀ ਅਤੇ ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਮਹੱਲ ਦਾ ਸਾਰਾ ਸਾਮਾਨ ਚੱਕਰ ਬਣ ਕੇ ਅੱਖਾਂ ਅੱਗੇ ਘੁੰਮਦਾ ਨਜ਼ਰ ਆਉਣ ਲੱਗਾ। ਉਸ ਚੱਕਰ ਦੇ ਵਿਚ ਹੀ ਦਲੀਪ ਦੀ ਤਸਵੀਰ ਦਿੱਸੀ। ਮੈਂ ਜਿੱਥੇ ਖਲੋਤੀ ਸਾਂ ਉਥੇ ਹੀ ਬੈਠ ਗਈ। ਕੋਈ ਉੱਤਰ ਵੀ ਨਾ ਦੇ ਸਕੀ। ਹੌਲੀ ਹੌਲੀ ਮੇਰੀ ਘਬਰਾਹਟ ਲੱਥੀ ਤੇ ਗੁੱਸਾ ਵਧਿਆ। ਮੈਂ ਗੁੱਸੇ ਨਾਲ ਲਾਲ ਪੀਲੀ ਹੋ ਕੇ ਬੋਲੀ, 'ਮੈਂ ਲਾਹੌਰ ਨਹੀਂ ਛੱਡਣਾ, ਮੈਂ ਮਹਾਰਾਣੀ ਹਾਂ ਤੇ ਮਹਾਰਾਜੇ ਦੀ ਮਾਤਾ ਹਾਂ। ਮੇਰਾ ਘਰ ਹੈ। ਮੇਰੀ ਮਰਜ਼ੀ ਵਿਰੁੱਧ ਕੋਣ ਮੈਨੂੰ ਭੇਜਣ ਵਾਲਾ ਹੈ।"

"ਤੂੰ ਭੁਲੇਖੇ ਵਿਚ ਹੈਂ ਭੈਣ, ਹਰੀ ਸਿੰਘ ਮੇਰਾ ਭਰਾ ਨੀਵੀਂ ਪਾਈ ਆਖਣ ਲੱਗਾ, "ਜਿਸ ਦਿਨ ਬਰੂਦ ਸਰਸੋਂ ਹੋ ਗਿਆ, ਜਿਸ ਦਿਨ ਦਰਿਆ ਵਿਚ ਡੁਬਦੇ ਹੋਏ ਵਫ਼ਾਦਾਰ ਸਿਪਾਹੀਆਂ ਨੇ ਜਾਨਾਂ ਦੇ ਦਿੱਤੀਆਂ, ਜਿਸ ਦਿਨ ਗੱਦਾਰਾਂ ਨੇ ਫ਼ਰੰਗੀ ਨੂੰ ਸਤਲੁਜੋਂ ਪਾਰ ਕਰ ਲਿਆ, ਉਸ ਦਿਨ ਤੋਂ ਇਹ ਪੰਜਾਬ ਤੇਰਾ ਘਰ ਨਹੀਂ। ਇਹ ਕਿਲ੍ਹਾ, ਸ਼ਾਹੀ ਸਾਮਾਨ, ਇਹ ਫ਼ੌਜ, ਦਰਬਾਰ ਇਹ ਸਭ ਕੁਝ ਬਿਗਾਨਾ ਹੈ। ਤੂੰ, ਮੈਂ ਤੇ ਦਲੀਪ ਕਿਸੇ ਦੀ ਮਿਹਰਬਾਨੀ ਤੇ ਹਾਂ। ਦਲੀਪ ਦੇ ਭਲੇ ਵਾਸਤੇ ਜ਼ਬਾਨ ਨੂੰ ਜੰਦਰਾ ਲਾ ਤੇ ਹੁਕਮ ਦੀ ਪਾਲਣਾ ਕਰ।"

"ਮੈਂ ਹੁਕਮ ਦੀ ਪਾਲਣਾ ਕਰਾਂ?"

"ਹਾਂ ! ਹੁਕਮ ਦੀ ਪਾਲਣਾ ਕਰ।"

ਮੇਰੇ ਅੰਦਰ ਗੁੱਸੇ ਦੇ ਭਾਂਬੜ ਬਲ ਉਠੇ। ਮੇਰੀਆਂ ਬਾਹਾਂ ਵਿਚ ਭਿਆਨਕ ਬਲ ਆ ਗਿਆ। ਮੈਂ ਉਠਕੇ ਦੋਹਾਂ ਹੱਥਾਂ ਨਾਲ ਹਰੀ ਸਿੰਘ ਦੇ ਦੋਵੇਂ ਮੋਢੇ ਘੁੱਟ ਲਏ ਤੇ ਬੋਲੀ, "ਤੂੰ ਭੰਗ ਤਾਂ ਨਹੀਂ ਪੀਤੀ। ਕੀ ਭੈਣ ਨੂੰ ਜਲਾਵਤਨ ਕਰਕੇ ਤੂੰ ਜੀਉਂਦਾ ਰਹੇਂਗਾ?"

"ਉਹ ਕੋਈ ਉੱਤਰ ਨਾ ਦੇ ਸਕਿਆ। ਉਹ ਬੱਚਿਆਂ ਵਾਂਗ ਰੋਈ ਗਿਆ। ਆਖ਼ਰ ਉਹ ਏਨਾ ਆਖ ਕੇ ਤੁਰ ਗਿਆ, "ਭੈਣੇ ਤੈਨੂੰ ਜਾਣਾ ਹੀ ਪਵੇਗਾ। ਦਲੀਪ ਦੇ ਰਾਜ ਤੇ ਸੁਖ ਦੇ ਬਦਲੇ ਤੈਨੂੰ ਜਾਣਾ ਹੀ ਪਵੇਗਾ। ਉਹ ਤੈਨੂੰ ਹੁਣ ਨਹੀਂ ਮਿਲ ਸਕਦਾ।"

"ਮਹਾਰਾਜਾ ਦਲੀਪ ਸਿੰਘ ਜੀ ਉਸ ਵੇਲੇ ਕਿਥੇ ਸਨ?" ਸਾਧੂ ਨੇ ਪੁਛਿਆ।

ਉਸ ਤੋਂ ਇਕ ਦਿਨ ਪਹਿਲਾਂ, ਸਰਦਾਰ ਗੁਲਾਬ ਸਿੰਘ ਅਟਾਰੀ ਵਾਲਾ ਅਤੇ ਫ਼ਰੰਗੀ ਮੇਜਰ ਲਾਰੰਸ ਸ਼ਿਕਾਰ ਖੇਡਣ ਦੇ ਬਹਾਨੇ ਮੇਰੇ ਕੋਲੋਂ ਦਲੀਪ ਨੂੰ ਬਾਹਰ ਲੈ ਗਏ ਸਨ। ਰਾਤ ਨੂੰ ਵਾਪਸ ਨਾ ਆਏ। ਸ਼ਾਲਾਮਾਰ ਬਾਗ਼ ਵਿਚ ਹੀ ਤੰਬੂ ਲਾ ਕੇ ਰਹੇ। ਸਾਰੀ ਰਾਤ ਮੈਂ ਜਾਗਦਿਆਂ ਹੋਇਆਂ ਅੱਖਾਂ ਵਿਚ ਦੀ ਕੱਢੀ, ਦਿਨੇ ਲਾਹੌਰ ਛੱਡ ਦੇਣ ਦਾ ਸੁਨੇਹਾ ਮਿਲ ਗਿਆ।" ਹਨੇਰੀ ਗੁਫ਼ਾ ਵਿਚ ਅੱਗ ਦੇ ਕੋਲ ਬੈਠੀ ਮਹਾਰਾਣੀ ਆਪਣੀ ਜੀਵਨ-ਕਹਾਣੀ ਦੱਸੀ ਗਈ। ਗੋਮਤੀ ਤੇ ਸਾਧੂ ਉਸ ਦੇ ਸਰੋਤੇ ਚੁਪ ਚਾਪ ਸੁਣਦੇ ਰਹੇ।

"ਮੈਂ ਬਥੇਰੇ ਤਰਲੇ ਕੀਤੇ, ਰੋ ਰੋ ਕੇ ਵਾਸਤੇ ਪਾਏ, ਗੁੱਸੇ ਨਾਲ ਧਮਕੀਆਂ ਦਿੱਤੀਆਂ ਕਿ ਮੇਰੇ ਪੁੱਤਰ ਨੂੰ ਇਕ ਵਾਰ ਮਿਲ ਲੈਣ ਦਿਓ, ਉਸ ਦਾ ਮੂੰਹ ਦੇਖ ਜਾਵਾਂ, ਜਾਂਦੀ ਵਾਰ ਦਾ ਪਿਆਰ ਦੇ ਜਾਵਾਂ, ਮੁੜ ਖ਼ਬਰੇ ਮਿਲਣਾ ਹੈ ਕਿ ਨਹੀਂ, ਪਰ ਕਿਸੇ ਇਕ ਨਾ ਸੁਣੀ। ਨਾ ਪੁੱਤਰ ਨੂੰ ਦੇਖਣ ਦਿੱਤਾ, ਨਾ ਫ਼ਰੰਗੀ ਮੇਜਰ ਲਾਰੰਸ ਨੂੰ ਮਿਲਣ ਦਿੱਤਾ। ਬਸ ਗੋੱਲੀਆਂ ਦੇ ਨਾਲ ਲਾਹੌਰ ਦੇ ਕਿਲ੍ਹੇ ਵਿਚੋਂ ਕੱਢ ਦਿੱਤਾ। ਜਿਸ ਵੇਲੇ ਮੈਂ ਸੰਮਨ ਬੁਰਜ ਵਿਚੋਂ ਨਿਕਲ ਕੇ ਪਾਲਕੀ ਵਿਚ ਬੈਠੀ ਤਾਂ ਮੈਂ ਬੇਸੁਰਤ ਹੋ ਗਈ। ਸ਼ੇਖੂਪੁਰੇ ਤਕ ਜਾਂਦਿਆਂ ਜਾਂਦਿਆਂ, ਪਤਾ ਨਹੀਂ ਮੈਂ ਕਿੰਨੀ ਵਾਰ ਰੋਈ ਤੇ ਕਿੰਨੀਆਂ ਕੁ ਗਸ਼ਾਂ ਪਈਆਂ।"

ਇਹ ਕੁਝ ਦੱਸਦਿਆਂ ਹੋਇਆਂ ਮਹਾਰਾਣੀ ਦੀਆਂ ਅੱਖਾਂ ਅੱਗੇ ਆਪਣੀ ਜਲਾਵਤਨੀ ਦੀ ਪੂਰੀ ਝਾਕੀ ਆਈ। ਉਸ ਨੂੰ ਦੇਖ ਕੇ ਉਹ ਸਿਰ ਤੋਂ ਪੈਰਾਂ ਤੱਕ ਕੰਬ ਗਈ।

"ਸ਼ੇਖੂਪੁਰੇ ਦੇ ਕਿਲ੍ਹੇ ਵਿਚ ਮੈਨੂੰ ਕੈਦ ਕੀਤਾ ਗਿਆ। ਆਪਣੀਆਂ ਗੋੱਲੀਆਂ ਤੋਂ ਬਿਨਾਂ ਮੈਂ ਕਿਸੇ ਨੂੰ ਮਿਲ ਨਹੀਂ ਸਾਂ ਸਕਦੀ। ਕਰੜਾ ਪਹਿਰਾ ਸੀ, ਮੈਨੂੰ ਜਿਥੇ ਖ਼ਰਚ ਵਾਸਤੇ ਡੇਢ ਲੱਖ ਰੁਪਿਆ ਸਾਲਾਨਾ ਮਿਲਦਾ ਸੀ, ਉਸ ਨੂੰ

ਘਟਾ ਕੇ ਸਿਰਫ਼ ਅਠਤਾਲੀ ਹਜ਼ਾਰ ਸਾਲਾਨਾ ਰਹਿਣ ਦਿੱਤਾ। ਸਰਦਾਰ ਭੂਰਾ ਸਿੰਘ ਜਿਹੜਾ ਮੇਰਾ ਰਾਖਾ ਸੀ, ਉਹ ਬਹੁਤ ਪੱਥਰ-ਦਿਲ ਸੀ। ਉਹ ਮੇਰੀ ਇਕ ਨਾ ਸੁਣਦਾ ਮੈਂ ਬੜੇ ਤਰਲੇ ਲੈਂਦੀ ਕਿ ਮੇਰਾ ਪੁੱਤਰ ਇਕ ਵੇਰ ਮੈਨੂੰ ਆ ਕਿ ਮਿਲ ਜਾਏ, ਪਰ ਗੋੱਲੀਆਂ ਨੂੰ ਵੀ ਕਿਸੇ ਲਾਹੌਰ ਤੱਕ ਨਾ ਜਾਣ ਦਿੱਤਾ। ਮੈਨੂੰ ਪੱਕਾ ਯਕੀਨ ਹੋ ਗਿਆ ਕਿ ਹੁਣ ਮੈਂ ਜੀਉਂਦੇ ਜੀ ਲਾਹੌਰ ਨਹੀਂ ਦੇਖ ਸਕਾਂਗੀ। ਮਹਾਰਾਜਾ ਖੜਕ ਸਿੰਘ ਤੇ ਮਹਾਰਾਣੀ ਚੰਦ ਕੌਰ ਵਾਂਗ ਅੰਦਰੇ ਅੰਦਰ ਗਾਲ ਕੇ ਖ਼ਤਮ ਕੀਤਾ ਜਾਏਗਾ। ਪੁੱਤਰ ਦੇ ਮਿਲਣ ਦੀ ਆਸ ਜਾਂਦੀ ਰਹੀ। ਅਕਾਲ ਪੁਰਖ ਦੀ ਮਰਜ਼ੀ।"

'ਅਕਾਲ-ਪੁਰਖ' ਸ਼ਬਦ ਨੂੰ ਸੁਣ ਕੇ ਸਾਧੂ ਕੋਲੋਂ ਨਾ ਰਿਹਾ ਗਿਆ। ਉਹ ਵਜਦ ਜਹੇ ਵਿਚ ਆ ਕੇ ਉੱਚੀ ਸਾਰੀ ਬੋਲ ਪਿਆ "ਅਕਾਲ ਤੂੰ ਹੀ! ਅਕਾਲ ਤੂੰ ਹੀ!"

ਮਹਾਰਾਣੀ ਨੇ ਫਿਰ ਦੱਸਣਾ ਸ਼ੁਰੂ ਕੀਤਾ, "ਮੈਂ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਹੀ ਉਡਦੀ ਉਡਦੀ ਖ਼ਬਰ ਸੁਣੀ ਕਿ ਮੁਲਤਾਨ ਅਤੇ ਹੋਰ ਥਾਵਾਂ ਤੇ ਬਗ਼ਾਵਤਾਂ ਹੋ ਗਈਆਂ ਹਨ। ਉਨ੍ਹਾਂ ਬਗ਼ਾਵਤਾਂ ਦਾ ਇਲਜ਼ਾਮ ਵੀ ਮੇਰੇ ਤੇ ਲਾਇਆ ਗਿਆ ਤੇ ਮੈਨੂੰ ਸ਼ੇਖੁਪੁਰੇ ਦੇ ਕਿਲ੍ਹੇ ਵਿਚੋਂ ਕੱਢ ਕੇ ਪੰਜਾਬੋਂ ਵੀ ਬਾਹਰ ਕੱਢ ਦਿੱਤਾ। ਬਹੁਤ ਲੰਮੇ ਪੰਧ ਪਿਛੋਂ ਮੈਨੂੰ ਪਤਾ ਲੱਗਾ ਕਿ ਮੈਂ ਬਨਾਰਸ ਪੁਜ ਗਈ ਹਾਂ। ਰਾਹ ਵਿਚ ਮੈਨੂੰ ਤਕਲੀਫ਼ ਤਾਂ ਨਾ ਹੋਈ, ਪਰ ਮੈਂ ਲੱਸਣ ਦਾ ਬੜਾ ਜਤਨ ਕੀਤਾ, ਪਰ ਨੱਸ ਨਾ ਸਕੀ। ਪਹਿਰਾ ਬਹੁਤ ਕਰੜਾ ਸੀ। ਮੇਰੀਆਂਗੋੱਲੀਆਂ ਦੀ ਗਿਣਤੀ ਘਟ ਗਈ ਤੇ ਮੇਰਾ ਵਜ਼ੀਫ਼ਾ ਭੀ ਘਟ ਗਿਆ। ਉਹ ਸਿਰਫ਼ ਬਾਗਾਂ ਹਜ਼ਾਰ ਸਾਲ ਦਾ ਰਹਿ ਗਿਆ। ਖ਼ਰਚਾ ਘਟਾਉਣ ਦਾ ਇਹ ਕਾਰਨ ਦੱਸਿਆ ਗਿਆ ਕਿ  ਪੰਜਾਬੋਂ ਬਾਹਰ ਆਉਣ ਲੱਗੀ ਮੈਂ ਬਹੁਤ ਸਾਰਾ ਧਨ ਤੇ ਗਹਿਣਾ ਨਾਲ ਲੈ ਆਈ ਹਾਂ। ਇਹ ਸਭ ਝੂਠ ਸੀ, ਬਹੁਤ ਥੋੜਾ ਕੁਝ ਮੇਰੇ ਕੋਲ ਸੀ। ਉਹ ਵੀ ਪੁੰਨ ਦਾਨ ਕਰਨ ਵਿਚ ਮੈਂ ਦੇ ਦਿੱਤਾ। ਅਲਾਹਬਾਦ ਤੇ ਬਨਾਰਸ ਦੇ ਕਿਲ੍ਹਿਆਂ ਵਿਚ ਬੈਠਿਆਂ ਮੈਂ ਵੱਡੇ ਲਾਟ ਡਲਹੌਜੀ ਨੂੰ ਅਨੇਕਾਂ ਚਿੱਠੀਆਂ ਲਿਖੀਆਂ, ਪੰਜਾਬ ਨੂੰ ਭੀ ਖ਼ਤ ਪਾਏ, ਆਦਮੀ ਭੇਜੇ, ਪਰ ਕਿਸੇ ਪਾਸੇ ਕੋਈ ਸੁਣਾਈ ਨਾ ਹੋਈ ਸਗੋਂ ਉਲਟਾ ਮੈਨੂੰ ਤੰਗ ਕੀਤਾ ਜਾਣ ਲੱਗਾ। ਕਰੜੀਆਂ ਪਾਬੰਦੀਆਂ ਲਾਈਆਂ ਜਾਣ ਲੱਗੀਆ। ਪੁੱਤਰ-ਮਿਲਾਪ ਦੀ ਕੋਈ ਆਸ ਨਾ ਰਹੀ। ਨਿਰਾਸਤਾ ਨੇ ਮੇਰਾ ਲੱਕ ਤੋੜ ਦਿੱਤਾ।

"ਆਖ਼ਰ ਮੈਨੂੰ ਬਨਾਰਸ ਵਿਚ ਵੀ ਨਾ ਟਿਕਣ ਦਿੱਤਾ, ਉਥੋਂ ਚੁਨਾਰ ਦੇ ਕਿਲ੍ਹੇ ਵਿਚ ਸੁਟਿਆ ਗਿਆ। ਇਹ ਥਾਂ ਮੇਰੇ ਮਾਰਨ ਦੀ ਸੀ। ਏਥੋਂ ਦਾ ਕੈਦੀ, ਆਖਦੇ ਨੇ ਕਦੀ ਜੀਊਂਦਾ ਬਾਹਰ ਨਹੀਂ ਗਿਆ। ਮੈਂ ਡਰ ਗਈ ਤੇ ਸੋਚਿਆ, ਜੇ ਮਰ ਹੀ ਗਈ ਤਾਂ ਪੁੱਤਰ ਮਿਲਣ ਦੀ ਸੱਧਰ ਦਿਲ ਵਿਚ ਹੀ ਰਹਿ ਜਾਏਗੀ ਇਸ ਕੈਦੋਂ ਖਲਾਸੀ ਪਾਉਣ ਦੀ ਵਿਓਂਤ ਸੋਚੀ, ਜੋ ਅਕਾਲ ਪੁਰਖ ਨੇ ਨੇਪਰੇ ਚਾੜ੍ਹੀ ਪਰ ਸ਼ਾਮੋ ਵਿਚਾਰੀ ਦਾ ਕੁਝ ਪਤਾ ਨਹੀਂ, ਉਸ ਨਾਲ ਕੀ ਬੀਤੀ। ਸ਼ਾਮੋ ਤੇ ਇਸ ਗੋਮਤੀ ਨੇ ਮੇਰੇ ਸਿਰ ਤੇ ਬੜਾ ਭਾਰ ਚੜ੍ਹਾਇਆ ਹੈ। ਇਨ੍ਹਾਂ ਨੇ ਮੈਨੂੰ ਫ਼ਰੰਗੀ ਦੀ ਕੈਦ ਵਿਚੋਂ ਆਜ਼ਾਦ ਕੀਤਾ ਹੈ। ਅਕਾਲ ਪੁਰਖ ਇਨ੍ਹਾਂ ਨੂੰ ਸੁਖ ਦੇਵੇ। ਮੈਂ ਹੁਣ ਸ਼ੁਭ ਅਸੀਸ ਤੋਂ ਬਿਨਾਂ ਹੋਰ ਕੁਝ ਨਹੀਂ ਦੇ ਸਕਦੀ, ਮੈਂ ਫ਼ਕੀਰਨੀ ਹਾਂ।"

"ਰਾਤ ਦੇ ਪਿਛੋਂ ਪਭਾਤ ਜ਼ਰੂਰ ਹੋਵੇਗੀ," ਸਾਧੂ ਬੜੀ ਗੰਭੀਰਤਾ ਵਿਚ ਬੋਲਿਆ।

## ਕਾਂਡ-15

ਹੁਣ ਇਹ ਦੱਸਣਾ ਜ਼ਰੂਰੀ ਹੈ ਕਿ ਮਹਾਰਾਣੀ ਤੇ ਗੋਮਤੀ ਰਾਮ ਨਗਰੋਂ ਸਾਧੂ ਦੀ ਗੁਫ਼ਾ ਤੱਕ ਕਿਵੇਂ ਪੁੱਜੀਆਂ।

ਰਾਮ ਨਗਰ ਤਹਿਸੀਲ ਚੁਨਾਰ ਵਿਚ ਹੀ ਸੀ। ਉਥੋਂ ਤੁਰ ਕੇ ਮੰਜ਼ਲੋਂ ਮੰਜ਼ਲੀ ਦੋਵੇਂ ਫ਼ਤਹਿ ਗੜ੍ਹ ਪਹੁੰਚ ਗਈਆਂ। ਰਾਹ ਵਿਚ ਕੋਈ ਪੁਛ ਪ੍ਰਤੀਤ ਨਾ ਹੋਈ। ਕਿਸੇ ਵੀ ਸਿਪਾਹੀ ਜਾਂ ਚਿੱਟ-ਕੱਪੜੀਏ ਨੂੰ ਜਦੋਂ ਦੇਖ ਲੈਂਦੀਆਂ ਤਾਂ ਇਹ ਜ਼ਰੂਰ ਡਰ ਜਾਂਦੀਆਂ। ਜਿਸ ਵੇਲੇ ਫ਼ਤਰ ਗੜ੍ਹ ਪੁੱਜੀਆਂ ਤਾਂ ਇਨ੍ਹਾਂ ਨੂੰ ਪਤਾ ਲੱਗ ਗਿਆ ਕਿ ਉਨ੍ਹਾਂ ਦੇ ਗ੍ਰਿਫਤਾਰ ਕਰਨ ਵਾਸਤੇ ਪਿੰਡ ਪਿੰਡ ਤੇ ਸ਼ਹਿਰ ਸ਼ਹਿਰ ਢੋਲ ਪਿੱਟੇ ਗਏ ਹਨ ਅਤੇ ਵੱਡੇ ਵੱਡੇ ਇਨਾਮ ਰੱਖੇ ਗਏ ਹਨ। ਭੇਸ ਫ਼ਕੀਰੀ ਸੀ, ਪਰ ਸੁਭਾ ਤੇ ਦਿਲ ਸ਼ਾਹੀ ਸੀ। ਕਿਸੇ ਅੱਗੇ ਹੱਥ ਦੀ ਤਲੀ ਅੱਡ ਕੇ ਮੰਗਣਾ ਔਖਾ ਸੀ। ਜੇ ਹੱਥ ਮੰਗਣ ਵਾਸਤੇ ਵਧਦੇ ਤਾਂ ਜ਼ਬਾਨੋਂ ਉਹ ਸ਼ਬਦ ਨਾ ਨਿਕਲਦੇ ਜੋ ਸੱਚਮੁਚ ਗ਼ਰੀਬ ਮੰਗਤਿਆਂ ਦੀ ਜ਼ਬਾਨੋਂ ਨਿਕਲਦੇ ਹਨ। ਇਨ੍ਹਾਂ ਕੋਲ ਕੁਝ ਕੁ ਸੋਨੇ ਦੀਆਂ ਟੂੰਬਾਂ ਵੀ ਸਨ, ਪਰ ਉਨ੍ਹਾਂ ਨੂੰ ਵੇਚ ਨਹੀਂ ਸਨ ਸਕਦੀਆਂ ਤਾਂ ਜੁ ਸ਼ੱਕ ਵਿਚ ਕੋਈ ਗ੍ਰਿਫ਼ਤਾਰ ਨਾ ਕਰਾ ਦੇਵੇ। ਉਸ ਪਹਾੜੀ ਇਲਾਕੇ ਵਿਚ ਨਾ ਹੀ ਕੋਈ ਐਸੇ ਤੰਦੂਰ ਹੁੰਦੇ ਸਨ ਜਿਥੋਂ ਕੋਈ ਚੀਜ਼ ਮਿਲ ਸਕੇ। ਉਸ ਵੇਲੇ ਮੁਸਾਫ਼ਰ ਨੂੰ ਮੰਗ ਕੇ ਹੀ ਭੁੱਖ ਦੂਰ ਕਰਨੀ ਪੈਂਦੀ ਸੀ।

ਬੜੇ ਯਤਨ ਨਾਲ ਏਥੇ ਇਕ ਸ਼ਾਹੂਕਾਰ ਦੀ ਇਸਤਰੀ ਕੋਲ ਮਹਾਰਾਣੀ ਨੇ ਆਪਣੇ ਕੀਮਤੀ ਛਾਪ ਕੌਡਾਂ ਦੇ ਭਾ ਵੇਚੀ। ਬਹੁ-ਮੁਲੇ ਨਗੀਨੇ ਵਾਲੀ ਛਾਪ ਸੀ, ਪਰ ਕੇਵਲ ਵੀਹ ਰੁਪੈ ਤੋਂ ਦਿੱਤੀ। ਉਹ 20 ਪੱਲੇ ਬੰਨ੍ਹਕੇ ਦੋਵੇਂ ਫ਼ਤਹਿਗੜ੍ਹ ਤੋਂ ਅੱਗੇ ਟੁਰਨ ਲੱਗੀਆਂ ਤਾਂ ਪਤਾ ਲੱਗਾ ਕਿ ਅਗਲੇ ਸਾਰੇ ਰਾਹ ਰੁਕੇ ਹੋਏ ਹਨ। ਮਹਾਰਾਣੀ ਦੀ ਭਾਲ ਬੜੀ ਕਰੜਾਈ ਨਾਲ ਹੋ ਰਹੀ ਹੈ। ਚੁਨਾਰੋਂ ਹਲਕਾਰੇ ਆਏ ਹੋਏ ਹਨ ਕਿ ਮਹਾਰਾਣੀ ਫ਼ਤਰ ਗੜ੍ਹ ਵੱਲ ਆਈ ਹੈ ਤੇ ਉਸ ਨੇ ਪੰਜਾਬ ਵੱਲ ਜਾਣਾ ਹੈ। ਗੋਮਤੀ ਨੇ ਕਈਆਂ ਆਉਣ ਜਾਣ ਵਾਲੇ ਯਾਤਰੂਆਂ ਨਾਲ ਕਈ ਤਰ੍ਹਾਂ ਦੀਆਂ ਗੱਲਾਂ ਕਰ ਕੇ ਇਸ ਗੱਲ ਦਾ ਪਤਾ ਕੱਢ ਲਿਆ। ਇਹ ਪੱਛਮ ਦੀ ਥਾਂ ਪੂਰਬ ਨੂੰ ਹੋ ਤੁਰੀਆਂ। ਮੰਜ਼ਲੋਂ ਮੰਜ਼ਲੀ ਜੌਨਪੁਰ ਆ ਗਈਆਂ। ਜੌਨਪੁਰ ਤੋਂ ਆਜ਼ਮਗੜ੍ਹ ਨੂੰ ਆ ਰਹੀਆਂ ਸਨ ਕਿ ਗੋਮਤੀ ਬੀਮਾਰ ਪੈ ਗਈ। ਇਸ ਨੂੰ ਮੌਸਮੀ ਤਾਪ ਨੇ ਆ ਘੇਰਿਆ। ਇਕ ਪਿੰਡ ਦੇ ਮੰਦਰ ਵਿਚ ਇਨ੍ਹਾਂ ਨੇ ਡੇਰਾ ਲਾ ਲਿਆ। ਉਸ ਮੰਦਰ ਦਾ ਪੁਜਾਰੀ ਕੋਈ ਨਹੀਂ ਸੀ। ਪਿੰਡ ਵਿਚ ਇਕ ਬੁੱਢਾ ਜਿਹਾ ਵੈਦ ਸੀ, ਉਸ ਪਾਸੋਂ ਦਾਰੂਦਵਾਈ ਲੈ ਕੇ ਗੋਮਤੀ ਨੂੰ ਮਹਾਰਾਣੀ ਦੇਂਦੀ ਰਹੀ ਤੇ ਪੂਰੇ ਵੀਹ ਦਿਨ ਉਥੇ ਬੈਠ ਕੇ ਕੱਟਣੇ ਪਏ। ਉਨ੍ਹਾਂ ਵੀਹਾਂ ਦਿਨਾਂ ਦੇ ਆਰਾਮ ਨੇ ਜਿੰਦਾਂ ਦਾ ਥਕੇਵਾਂ ਵੀ ਕੁਝ ਦੂਰ ਕਰ ਦਿੱਤਾ।

ਆਜ਼ਮਗੜ੍ਹ ਤੋਂ ਗੋਰਖਪੁਰ ਆਈਆਂ। ਗੋਰਖਪੁਰ ਪੁੱਜ ਕੇ ਸਲਾਹ ਹੋਈ ਕਿ ਨਿਪਾਲ ਪੁੱਜ ਜਾਣ। ਹੋ ਸਕਦਾ ਹੈ ਉਥੋਂ ਦਾ ਰਾਜ ਦਰਬਾਰ ਉਨ੍ਹਾਂ ਦੀ ਮਦਦ ਕਰੇ, ਕਿਉਂਕਿ ਮਹਾਰਾਣੀ ਨੇ ਸੁਣਿਆ ਹੋਇਆ ਸੀ ਕਿ ਮਹਾਰਾਜਾ ਰਣਜੀਤ ਸਿੰਘ ਨਾਲ ਨਿਪਾਲ ਰਾਜ ਦੇ ਚੰਗੇ ਸੰਬੰਧ ਸਨ।

ਗੋਰਖਪੁਰੋਂ ਜੋ ਸ਼ਾਹੀ ਰਾਹ ਨਿਪਾਲ ਨੂੰ ਜਾਂਦਾ ਹੈ, ਉਸ ਨੂੰ ਪਾਸੇ ਛੱਡ ਕੇ ਇਹ ਦਰਿਆਏ ਗੰਧਕ ਦੇ ਕਿਨਾਰੇ ਹੋ ਤੁਰੀਆਂ। ਇਹ ਰਾਹ ਬੜਾ ਬਿਖੜਾ ਤੇ ਡਰਾਉਣਾ ਹੈ। ਘਣੇ ਜੰਗਲ ਤੇ ਉਚੇ ਪਹਾੜ ਰਾਹ ਵਿਚ ਆਉਂਦੇ ਹਨ। ਪਰ ਨਿਰਭੈ ਹੋ ਕੇ ਦੋਵੇਂ ਤੁਰੀਆਂ ਗਈਆਂ।

ਗੋਰਖਪੁਰੋਂ ਇਨ੍ਹਾਂ ਦੇ ਪਿਛੇ ਇਕ ਸਰਕਾਰੀ ਸੂਹਾ ਲੱਗ ਗਿਆ, ਉਸ ਦੀ ਉਮਰ ਕੋਈ ਚਾਲ੍ਹੀ ਕੁ ਸਾਲ ਦੀ ਹੋਵੇਗੀ। ਉਹ ਸਾਧੂ ਬਣਿਆ ਹੋਇਆ ਸੀ। ਪਹਿਲਾਂ ਤਾਂ ਉਹ ਦੂਰ ਦੂਰ ਰਿਹਾ। ਜਿਥੇ ਇਹ ਰਾਤ ਕੱਟਦੀਆਂ ਉਥੇ ਹੀ ਉਹ ਰਾਤ ਕੱਟਦਾ। ਕਦੀ ਅੱਖਾਂ ਮੀਟ ਕੇ ਬੈਠਦਾ, ਕਦੀ ਮਾਲਾ ਫੇਰਨ ਲੱਗ ਜਾਂਦਾ ਤੇ ਇਨ੍ਹਾਂ ਨਾਲ ਕੋਈ ਗੱਲ ਨਾ ਕਰਦਾ। ਮਹਾਰਾਣੀ ਨੇ ਦੋ ਕੁ ਵਾਰ ਗੋਮਤੀ ਨੂੰ ਜਤਾਇਆ ਕਿ ਇਹ ਕੋਈ ਪਖੰਡੀ ਸਾਧੂ ਜਾਪਦਾ ਹੈ, ਕਿਤੇ ਕੋਈ ਸਰਕਾਰੀ ਸੂਹੀਆ ਨਾ ਹੋਵੇ। ਗੋਮਤੀ ਨੇ ਸੱਚ ਨਾ ਮੰਨਿਆ। ਜਦੋਂ ਤੀਸਰੀ ਮੰਜ਼ਲ ਤੁਰਨ ਲੱਗੀਆਂ ਤਾਂ ਉਹ ਇਨ੍ਹਾਂ ਦੇ ਨਾਲ ਰਲ ਪਿਆ। ਉਸ ਨੇ ਗੱਲਾਂ-ਕੱਥਾਂ ਵੀ ਕਰਨੀਆਂ ਸ਼ੁਰੂ ਕਰ ਦਿੱਤੀਆਂ। ਹੌਲੀ ਹੌਲੀ ਵਲੀਂ ਵਲੀਂ ਇਕ ਤਾਂ ਉਸਨੇ ਇਹ ਪੁੱਛਣ ਦਾ ਯਤਨ ਕੀਤਾ ਕਿ ਉਹ ਕਿਥੋਂ ਆਈਆਂ ਤੇ ਕਿੱਥੇ ਚੱਲੀਆਂ ਹਨ? ਦੂਸਰਾ ਦੋਹਾਂ ਦੀ ਬੋਲੀ ਵਲ ਖ਼ਿਆਲ ਰਖਦਾ ਰਿਹਾ ਕਿ ਇਨ੍ਹਾਂ ਦੀ ਬੋਲੀ ਪੂਰਬੀ ਹੈ ਜਾਂ ਪੰਜਾਬੀ। ਗੋਮਤੀ ਦੀ ਜ਼ਬਾਨ ਵਿਚ ਅਜੇ ਫ਼ਰਕ ਮਲੂਮ ਨਹੀਂ ਸੀ ਹੁੰਦਾ ਪਰ ਮਹਾਰਾਣੀ ਜਦੋਂ ਹਿੰਦੀ ਬੋਲਣ ਦਾ ਯਤਨ ਕਰਦੀ ਸੀ ਤਾਂ ਉਸ ਤੇ ਪੰਜਾਬੀ ਰੰਗਣ ਹੁੰਦੀ ਸੀ। ਸੂਹੀਏ ਨੂੰ ਪੱਕਾ ਯਕੀਨ ਹੋ ਗਿਆ ਕਿ ਮਹਾਰਾਣੀ ਜਿੰਦਾਂ ਇਹੋ ਹੈ, ਨਾਲ ਇਸਦੇ ਗੋੱਲੀ ਹੈ। ਮਹਾਰਾਣੀ ਵੀ ਤਾੜ ਗਈ ਕਿ ਇਹ ਸਾਧੂ ਨਹੀਂ ਸਗੋਂ ਸਰਕਾਰੀ ਸੂਹੀਆਂ ਹੈ, ਜੋ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਾ ਦੇਵੇਗਾ।

ਮਹਾਰਾਣੀ ਤੇ ਗੋਮਤੀ ਉਸ ਕੋਲੋਂ ਦੂਰ ਹੋਣਾ ਚਾਹੁੰਦੀਆਂ ਸਨ ਪਰ ਉਹ ਨੇੜੇ ਹੋਣਾ ਚਾਹੁੰਦਾ ਸੀ। ਉਸ ਨੇ ਬੜੀਆਂ ਧਾਰਮਿਕ ਕਥਾ ਸੁਣਾਉਣੀਆਂ ਸ਼ੁਰੂ ਕੀਤੀਆਂ। ਚੰਗੇ ਵਿਚਾਰ ਪਰਗਟ ਕਰਨ ਲੱਗਾ ਤੇ ਹਮਦਰਦੀ ਜਤਾਉਂਦਾ ਹੋਇਆ ਸਾਬਤ ਕਰਨ ਲੱਗਾ ਕਿ ਉਹ ਇਨ੍ਹਾਂ ਦਾ ਹਰ ਹਾਲਤ ਵਿਚ ਮਦਦੀ ਰਹੇਗਾ। ਜੇ ਇਨ੍ਹਾਂ ਨਿਪਾਲ ਜਾਣਾ ਹੈ ਤਾਂ ਲੈ ਚੱਲੇਗਾ, ਉਥੇ ਉਸ ਦੇ ਅਨੇਕਾਂ ਜਾਣੂ ਭੀ ਰਹਿੰਦੇ ਹਨ।

ਰਾਹ ਵਿਚ ਉਜਾੜ ਆਈ। ਦਰਿਆ ਦੇ ਦੋਹੀਂ ਪਾਸੀਂ ਜੰਗਲ ਹੀ ਜੰਗਲ ਸਨ, ਗੋਮਤੀ ਤੇ ਮਹਾਰਾਣੀ ਦਰਿਆ ਦੇ ਕੰਢੇ ਇਕ ਚਟਾਨ ਉਤੇ ਬੈਠ ਗਈਆਂ। ਉਹ ਵੀ ਰਤਾ ਕੁ ਪਰੇ ਹੋ ਕੇ ਦੂਸਰੀ ਚਟਾਨ ਉਤੇ ਬੈਠ ਗਿਆ। ਮਹਾਰਾਣੀ ਨੇ ਗੋਮਤੀ ਦੇ ਕੰਨ ਵਿਚ ਕੁਝ ਆਖਿਆ ਤੇ ਆਪਣੇ ਲੱਕ ਨਾਲੋਂ ਖੋਲ੍ਹ ਕੇ ਇਕ ਸੋਨੇ ਦਾ ਛੱਲਾ ਗੋਮਤੀ ਨੂੰ ਦਿੱਤਾ। ਉਹ ਸਾਧੂ ਨੂੰ ਦਿਖਾਉਣ ਵਾਸਤੇ ਗਈ।

"ਬਾਬਾ ਜੀ ਦੇਖੋ, ਯੇਹ ਸੋਨੇ ਕਾ ਤੋ ਨਹੀਂ। ਹਮ ਕੋ ਵਾਸਤੇ ਸੇ ਮਿਲਾ ਹੈ?" ਗੋਮਤੀ ਨੇ ਸਾਧੂ ਨੂੰ ਆਖਿਆ।

ਸਾਧੂ ਨੇ ਅੱਗੇ ਹੱਥ ਕਰਕੇ ਛੱਲੇ ਨੂੰ ਫੜ ਲਿਆ ਤੇ ਦੇਖਦਾ ਹੋਇਆ ਮਨ ਹੀ ਮਨ ਬੜਾ ਖ਼ੁਸ਼ ਹੋਇਆ ਕਿ ਹੁਣ ਤਾਂ ਉਸ ਨੂੰ ਪੂਰਾ ਪਤਾ ਲੱਗ ਗਿਆ ਤੇ ਉਹ ਆਪਣੇ ਕੰਮ ਵਿਚ ਕਾਮਯਾਬ ਹੋ ਗਿਆ ਹੈ। ਮਹਾਰਾਣੀ ਨੂੰ ਗ੍ਰਿਫ਼ਤਾਰ ਕਰਾਕੇ ਮੂੰਹੋਂ ਮੰਗਿਆਂ ਇਨਾਮ ਪਾਏਗਾ। ਉਹ ਅਜੇ ਛੱਲੇ ਨੂੰ ਦੇਖ ਹੀ ਰਿਹਾ ਸੀ ਕਿ ਗੋਮਤੀ ਨੇ ਸਾਰੇ ਜ਼ੋਰ ਨਾਲ ਉਸ ਨੂੰ ਧੱਕਾ ਮਾਰਿਆ। ਉਹ ਉਲਟ ਕੇ ਦਰਿਆ ਵਿਚ ਜਾ ਡਿੱਗਾ। ਸੋਨੇ ਦਾ ਛੱਲਾ ਉਸ ਦੇ ਹੱਥ ਵਿਚ ਹੀ ਰਿਹਾ। "ਪਾਖੰਡੀ ਸਾਧੂ ਤੈਨੂੰ ਮੌਤ ਦੇ ਇਨਾਮ ਨਾਲ ਇਹ ਸੋਨੇ ਦਾ ਛੱਲਾ ਵੀ ਦਿੱਤਾ ਜਾਂਦਾ ਹੈ।"

ਇਹ ਆਖ ਕੇ ਗੋਮਤੀ ਨੇ ਮਹਾਰਾਣੀ ਵਲ ਇਸ਼ਾਰਾ ਕੀਤਾ ਕਿ ਚਲੋ ਨੱਸ ਚੱਲੀਏ। ਇਹ ਜੀਊਂਦਾ ਹੁਣ ਦਰਿਆ ਵਿਚੋਂ ਨਹੀਂ ਨਿਕਲ ਸਕਦਾ, ਪਾਣੀ ਡੋਬੂ ਹੈ। ਉਹ ਗੋਤੇ ਖਾਂਦਾ ਹੋਇਆ ਪਿਛੇ ਨੂੰ ਜਾਣ ਲੱਗਾ ਤੇ ਇਹ ਅੱਗੇ ਨੂੰ ਹੋ ਤੁਰੀਆਂ। ਦਰਿਆ ਦਾ ਕੰਢਾ ਛੱਡ ਦਿੱਤਾ ਅਤੇ ਜੰਗਲ ਵਲ ਰੁਖ ਕਰ ਲਿਆ। ਜੰਗਲ ਵਲ ਜਾਣ ਦਾ

ਇਹ ਕਾਰਨ ਸੀ ਕਿ ਜੇ ਕਿਸੇ ਸਬੱਬ ਸੂਹੀਆਂ ਬਚ ਵੀ ਗਿਆ ਤਾਂ ਉਹ ਜ਼ਰੂਰ ਇਨ੍ਹਾਂ ਦੇ ਫੜਨ ਵਾਸਤੇ ਕਿਸੇ ਨੂੰ ਪਿਛੇ ਭੇਜੇਗਾ। ਇਨ੍ਹਾਂ ਨੇ ਦੋ ਰਾਤਾਂ ਜੰਗਲ ਵਿਚ ਹੀ ਕੱਟੀਆਂ, ਕਿਸੇ ਆਦਮ ਜਾਤ ਦੇ ਮੱਥੇ ਨਾ ਲੱਗੀਆਂ ਅਤੇ ਨਾ ਹੀ ਕੁਝ ਖਾਧਾ ਪੀਤਾ।

ਉਨ੍ਹਾਂ ਦਾ ਕਿਆਸ ਸਹੀ ਨਿਕਲਿਆ। ਉਹ ਸੂਹੀਆ ਚੰਗਾ ਤਾਰੂ ਸੀ। ਰੋਹੜੂ ਪਾਣੀ ਨੂੰ ਚੀਰ ਕੇ ਉਹ ਕਿਨਾਰੇ ਜਾ ਲੱਗਾ, ਪਰ ਕੋਈ ਪੂਰੇ ਮੀਲ ਦੀ ਵਾਟ ਉਤੇ ਜਾ ਕੇ ਮੁੜ ਉਹ ਇਕੱਲਾ ਉਨ੍ਹਾਂ ਦੇ ਪਿਛੇ ਨਹੀਂ ਆਇਆ, ਸਗੋਂ ਲਾਗੇ ਦੇ ਪਿੰਡ ਗਿਆ। ਉਥੋਂ ਪਿੰਡ ਦੇ ਚੌਕੀਦਾਰ ਤੇ ਨੰਬਰਦਾਰ ਨੂੰ ਨਾਲ ਲੈ ਕੇ ਥਾਣੇ ਖ਼ਬਰ ਦਿੱਤੀ। ਥਾਣੇ ਵਾਲਿਆਂ ਗੋਰਖਪੁਰ ਪਤਾ ਦਿੱਤਾ। ਦੋਂਹ ਇਸਤ੍ਰੀਆਂ ਦੀ ਗ੍ਰਿਫ਼ਤਾਰੀ ਵਾਸਤੇ ਥਾਣਾ ਚੜ੍ਹਿਆ ਤੇ ਥਾਣੇ ਦੀ ਮਦਦ ਵਾਸਤੇ ਗੋਰਖਪੁਰੋਂ ਘੋੜ-ਸੁਆਰ ਸਿਪਾਹੀ ਆਏ। ਇਹ ਤਕੜਾ ਸ਼ਿਕਾਰੀਆਂ ਦਾ ਟੋਲਾ ਬਣ ਗਿਆ।

ਇਹ ਦੋਵੇਂ ਇਕ ਪੁਰਾਣੇ ਰੁਖ ਦੀਆਂ ਜੜ੍ਹਾਂ ਵਿਚ ਲੁਕੀਆਂ ਸਨ ਕਿ ਘੋੜ-ਸੁਆਰਾਂ ਸਮੇਤ ਥਾਣੇਦਾਰ ਦੀ ਾੜ ਆ ਪਈ। ਪਰ ਇਹ ਦੜ ਵੱਟ ਕੇ ਬੈਠੀਆਂ ਰਹੀਆਂ। ਉਹ ਹਰ ਰੁਖ ਦਾ ਤਣਾ ਤਣਾ ਫੋਲਦੇ ਹੋਏ ਅੱਗੇ ਲੰਘ ਗਏ ਤੇ ਕੁਦਰਤ ਨਾਲ ਉਨ੍ਹਾਂ ਦੇ ਨੇੜੇ ਨਾ ਆਏ। ਇਕ ਜੰਗਲ ਦਾ ਰਾਹ ਦੂਸਰੀਆਂ ਢਿਡੋਂ ਭੁੱਖੀਆਂ, ਤੀਸਰਾ ਸਿਰ ਤੇ ਵੈਰੀ, ਚੌਥਾ ਪਰਦੇਸ ਅਤੇ ਅਣਡਿਠੀਆਂ ਥਾਵਾਂ, ਪੰਜਵੇਂ ਬਰਸਾਤ ਦੇ ਦਿਨ, ਪਤਾ ਨਹੀਂ ਕਿ ਕਿਹੜੇ ਵੇਲੇ ਬਰਸਾਤ ਉਤਰ ਆਏ। ਫਿਰ ਵੀ ਘਾਬਰੀਆਂ ਨਹੀਂ ਜਾਨਵਰਾਂ ਵਾਂਗ ਲੁਕ ਲੁਕ ਕੇ ਕੁਬੇ ਲੱਕ ਤੁਰਦੀਆਂ ਹੋਈਆਂ ਉਹ ਇਕ ਪਾਸੇ ਨੂੰ ਨਿਕਲ ਗਈਆਂ । ਅੱਗ ਜੰਗਲ ਮੁਕ ਗਿਆ, ਪਰ ਉਨ੍ਹਾਂ ਨੂੰ ਪਤਾ ਨਹੀਂ ਕਿ ਉਹ ਕਿਥੇ ਹਨ ਤੇ ਕਿਧਰ ਜਾ ਰਹੀਆਂ ਹਨ। ਚਾਰ ਚੁਫੇਰੇ ਨਿਗਾਹ ਮਾਰੀ, ਨਾ ਮਨੁੱਖ ਦੀ ਜਾਤ ਇਖਾਈ ਦਿੱਤੀ ਦੇ ਨਾ ਹੀ ਕੋਈ ਮਨੁੱਖੀ ਅਵਾਜ਼ ਸੁਣਾਈ ਦਿੱਤੀ। ਉਨ੍ਹਾਂ ਨੇ ਸੁਖ ਦਾ ਸਾਹ ਲਿਆ, ਬੈਠ ਕੇ ਪੈਰਾਂ ਨੂੰ ਘੁੱਟਣ ਲੱਗ ਪਈਆਂ, ਪਰ ਅਜੇ ਬੈਠੀਆਂ ਨੂੰ ਪੰਦਰਾਂ ਮਿੰਟ ਵੀ ਨਹੀਂ ਸਨ ਹੋਏ ਕਿ ਚੜ੍ਹਦੇ ਪਾਸਿਓਂ ਇੱਕ ਮਨੁੱਖਾਂ ਦੀ ਧਾੜ ਰੌਲਾ ਪਾਉਂਦੀ ਹੋਈ ਉਨ੍ਹਾਂ ਵੱਲ ਆਉਂਦੀ ਉਨ੍ਹਾਂ ਨੂੰ ਦੱਸੀ ਤੇ ਰੌਲਾ ਸੁਣਾਈ ਦਿੱਤਾ।

ਮੌਤ ਕੋਲੋਂ ਡਰਦੀਆਂ ਹਰਨੀਆਂ ਵਾਂਗ ਦੋਵੇਂ ਉੱਠ ਨੱਠੀਆਂ ਤੇ ਮੁੜ ਜੰਗਲ ਵੱਲ ਮੂੰਹ ਕੀਤਾ। ਜ਼ਖਮੀ ਹੋਏ ਪੈਰਾਂ ਨਾਲ ਉਹ ਜਿੰਨਾ ਵੱਧ ਤੋਂ ਵੱਧ ਨੱਸ ਸਕਦੀਆਂ ਸਨ ਉਠ ਨੱਸੀਆਂ ਪਰ ਫਿਰ ਵੀ ਸ਼ਿਕਾਰੀ ਨੇੜੇ ਆ ਗਏ। ਜਦੋਂ ਬਹੁਤ ਹੀ ਨੇੜੇ ਆਉਣ ਲੱਗੇ ਤਾਂ ਕੁਦਰਤ ਵਲੋਂ ਮੀਂਹ ਛੱਜੀਂ ਖਾਰੀ ਲੱਖ ਪਿਆ। ਉਹ ਰੁਕ ਗਏ, ਪਰ ਇਹ ਮੀਂਹ ਵਰ੍ਹਦੇ ਵਿਚ ਹੀ ਨੱਸੀਆਂ ਗਈਆਂ ਇਨ੍ਹਾਂ ਨੂੰ ਹੁਣ ਵਿਸ਼ਵਾਸ ਹੋ ਗਿਆ ਕਿ ਉਹ ਜੀਊਂਦੀਆਂ ਉਸ ਜੰਗਲ ਵਿਚੋਂ ਨਹੀਂ ਨਿਕਲ ਸਕਦੀਆਂ। ਚੋਖੀ ਦੂਰ ਨਿਕਲ ਗਈਆਂ ਤਾਂ ਜੰਗਲ ਘੱਟ ਹੋ ਗਿਆ ਪਹਾੜ ਦੀ ਉਤਰਾਈ ਆ ਗਈ। ਇਹ ਗੋਂਦ ਵਾਂਗ ਹੇਠਾਂ ਨੂੰ ਚਲੀਆਂ ਗਈਆਂ, ਜਿਥੇ ਪਹਾੜੀ ਦੇ ਪੈਰਾਂ ਵਿਚ ਪਾਣੀ ਦਾ ਨਾਲਾ ਵਗ ਰਿਹਾ ਸੀ। ਕਿਸੇ ਆਸਰੇ ਦੀ ਢੂੰਡ ਵਿਚ ਉਸ ਨਾਲੇ ਦੇ ਕੰਢੇ ਕੰਢੇ ਚੜ੍ਹਦੇ ਪਾਸੇ ਵਲ ਹੋ ਤੁਰੀਆਂ। ਸਾਧੂ ਪਰਤਾਪ ਸਿੰਘ ਵਾਲੀ ਗੁਫ਼ਾ ਇਨ੍ਹਾਂ ਨੂੰ ਨਜ਼ਰ ਪਈ। ਜੀ ਭਿਆਣੀਆਂ ਉਸ ਵਿਚ ਜਾ ਵੜੀਆਂ। ਇਹ ਖਿਆਲ ਵੀ ਨਾ ਕੀਤਾ ਕਿ ਇਸ ਹਨੇਰੀ ਗੁਫ਼ਾ ਵਿਚ ਸ਼ਾਇਦ ਕੋਈ ਸ਼ੇਰ ਚੀਤਾ ਨਾ ਲੁਕਿਆ ਹੋਵੇ। ਭੁੱਖ, ਥਕੇਵੇਂ, ਡਰ ਅਤੇ ਸੀਤ ਨੇ ਉਨ੍ਹਾਂ ਨੂੰ ਬਿਲਕੁਲ ਮਰਨ ਕਿਨਾਰੇ ਕਰ ਦਿੱਤੀ ਹੋਇਆ ਸੀ।

## ਕਾਂਡ-16

"ਨਿਪਾਲ ਰਾਜ ਵਿਚ ਜਾ ਰਹਿਣਾ ਹੀ ਚੰਗਾ, ਉਹ ਅਣਖੀ ਬੰਦੇ ਸੁਣੀਂਦੇ ਹਨ, ਜ਼ਰੂਰ ਮਦਦ ਕਰਨਗੇ।" ਸਾਧੂ ਪਰਤਾਪ ਸਿੰਘ ਬੋਲਿਆ।

"ਨਿਪਾਲ ਏਥੋਂ ਕਿੰਨੀ ਕੁ ਦੂਰ ਹੈ?"

"ਨੇੜੇ ਹੀ ਹੈ, ਦੋਂਹ ਜਾਂ ਤਿੰਨਾਂ ਦਿਨਾਂ ਵਿਚ ਹੀ ਓਥੇ ਪੁਜ ਜਾਓਗੀਆਂ। ਅਗੇ ਤੁਸਾਂ ਗ਼ਲਤੀ ਕੀਤੀ ਜੋ ਫ਼ਕੀਰਨੀਆਂ ਦਾ ਭੇਸ ਧਾਰਨ ਕੀਤਾ। ਫ਼ਕੀਰ ਤਾਂ ਸਾਰਾ ਦੇਸ ਹੈ, ਕੋਈ ਸਤਿਕਾਰ ਨਹੀਂ, ਫ਼ਕੀਰਨੀਆਂ ਜਾਂ ਗ਼ਰੀਬਣੀਆਂ ਦਾ। ਤੁਸਾਂ ਨੂੰ ਸਾਧੂ ਬਾਣਾ ਧਾਰ ਕੇ ਦੇਵੀਆਂ ਬਣ ਜਾਣਾ ਚਾਹੀਦਾ ਸੀ, ਮੁੜ ਸਾਰੇ ਸਤਿਕਾਰ ਵੀ ਕਰਦੇ ਤੇ ਕੋਈ ਤੰਗ ਵੀ ਨਾ ਕਰਦਾ।"

"ਜਿਵੇਂ ਹੁਕਮ ਹੋਵੇ ਸਾਨੂੰ ਨਿਪਾਲ ਜ਼ਰੂਰ ਪਹੁੰਚਾ ਦੇਵੋ।"

"ਮੇਰਾ ਧਰਮ ਹੈ।"

ਜਿਥੇ ਰਹੀਏ, ਉਸੇ ਥਾਂ ਨਾਲ ਹਿਤ ਹੋ ਜਾਂਦਾ ਹੈ। ਜਿਸ ਗੁਫ਼ਾ ਵਿਚ ਪਹਿਲੇ ਚਾਰ ਦਿਨ, ਤਕਲੀਫ਼ ਦੇ ਕੱਟੇ ਸਨ ਤੇ ਜੀਵਨ ਤੋਂ ਦੋਵੇਂ ਹੱਥ ਧੋ ਬੈਠੀਆਂ ਸਨ, ਉਸੇ ਗੁਫ਼ਾ ਵਿਚੋਂ ਹੁਣ ਜਾਣ ਨੂੰ ਚਿਤ ਨਹੀਂ ਸੀ ਕਰਦਾ। ਨੇਕ ਸਾਧੂ ਦੀ ਨੇਕੀ ਨੇ ਉਨ੍ਹਾਂ ਦੇ ਸਾਰੇ ਡਰ ਦੂਰ ਕਰ ਦਿਤੇ ਤੇ ਦੋਹਾਂ ਤੇ ਤਨ ਵੀ ਅਰੋਗ ਹੋ ਗਏ। ਹੁਣ ਸਿਰਫ਼ ਮਹਾਰਾਣੀ ਨੂੰ ਇਕੋ ਦੁਖ ਰਹਿ ਗਿਆ ਕਿ ਉਹ ਪੁੱਤਰ ਨੂੰ ਕਿਵੇਂ ਮਿਲੇ। ਕਿਲ੍ਹੇ ਵਿਚੋਂ ਨੱਸੀ ਨੂੰ ਪੰਜ ਮਹੀਨੇ ਹੋ ਚਲੇ ਹਨ, ਅਜੇ ਤੱਕ ਉਹ ਪੁੱਤਰ ਦੇ ਨੇੜੇ ਨਹੀਂ ਪੁੱਜੀ, ਸਗੋਂ ਦੂਰ ਹੋ ਗਈ ਹੈ। ਹੁਣ ਨਿਪਾਲ ਜਾਣ ਦੀ ਤਿਆਰੀ ਹੈ, ਜੋ ਹੋਰ ਵੀ ਦੂਰ ਹੈ। ਇਨ੍ਹਾਂ ਬਿਪਤਾਂ ਦੇ ਦਿਨਾਂ ਵਿਚ ਗੁਰਬਾਣੀ ਦਾ ਹੀ ਜ਼ਿਆਦਾ ਆਸਰਾ ਹੈ। ਉਸ ਨੂੰ ਜਿੰਨੀ ਗੁਰ-ਬਾਣੀ ਕੰਠ ਸੀ ਉਨੀ ਦਾ ਪਾਠ ਰੋਜ਼ ਕਰਦੀ ਤੇ ਜਦੋਂ ਕੋਈ ਭਾਰੀ ਬਿਪਤਾ ਆਉਂਦੀ ਤਾਂ 'ਜਪੁਜੀ' ਦਾ ਪਾਠ ਕਰਨਾ ਸ਼ੁਰੂ ਕਰ ਦਿੰਦਾ। ਉਸ ਨੂੰ ਯਕੀਨ ਹੋ ਗਿਆ ਸੀ ਕਿ ਬਾਣੀ ਦੇ ਪੜ੍ਹਨ ਨਾਲ ਅਕਾਲ ਪੁਰਖ ਜ਼ਰੂਰ ਸਹਾਇਤਾ ਕਰਦਾ ਹੈ। ਜੰਗਲ ਦੇ ਲਾਗੇ ਲਾਗੇ ਜੋ ਵਸੋਂ ਸੀ ਉਸ ਵਿਚ ਸਾਧੂ ਦੀ ਚੰਗੀ ਮਹਾਨਤਾ ਸੀ। ਪੂਰਾ ਮਹੀਨਾ ਉਹ ਮਹਾਰਾਣੀ ਅਤੇ ਗੋਮਤੀ ਦੇ ਖਾਣ ਲਈ ਸੌ ਕੋਸ਼ਿਸ਼ ਕਰ ਕੇ ਵੀ ਜੋ ਕੁਝ ਮਿਲ ਸਕਦਾ ਸੀ, ਲਿਆਉਂਦਾ ਰਿਹਾ। ਉਹ ਭਾਵੇਂ ਕਈ ਵੇਰ ਕਹਿ ਭੀ ਚੁਕੀਆਂ ਸਨ ਕਿ ਉਸ ਦਾ ਬੁੱਢਾ ਅਤੇ ਕਮਜ਼ੋਰ ਸਰੀਰ ਹੈ, ਉਨ੍ਹਾਂ ਲਈ ਇਤਨੀ ਖੇਚਲ ਨਾ ਕੀਤਾ ਕਰੇ, ਪਰ ਉਹ ਆਪ ਭੁੱਖਾ ਰਹਿ ਕੇ ਭੀ ਇਨ੍ਹਾਂ ਦਾ ਬਹੁਤ ਖ਼ਿਆਲ ਕਰਦਾ।

ਬਰਸਾਤ ਦਾ ਮੌਸਮ ਗੁਜ਼ਰ ਚੁਕਣ ਤੇ ਮਹਾਰਾਣੀ ਨੇ ਇੱਛਾ ਪ੍ਰਗਟ ਕੀਤੀ ਕਿ ਉਨ੍ਹਾਂ ਨੂੰ ਨਿਪਾਲ ਵਲ ਚਲਾ ਜਾਣਾ ਚਾਹੀਦਾ ਹੈ। ਸਾਧੂ ਦਾ ਸੰਬੰਧ ਹੁਣ ਬਾਪ ਬੇਟੀਆਂ ਜਿਹਾ ਹੋ ਗਿਆ ਸੀ ਤੇ ਉਸ ਦਾ ਦਿਲ ਭਾਵੇਂ ਕੁਝ ਡੋਬੇ ਖਾਂਦਾ ਸੀ, ਪਰ ਉਹ ਜਾਣਦਾ ਸੀ ਕਿ ਬਹੁਤ ਜਲਦੀ ਠੰਡ ਉਤਰ ਪਏਗੀ ਅਤੇ ਇਨ੍ਹਾਂ ਲਈ ਸਫ਼ਰ ਕਰਨਾ ਮੁਸ਼ਕਿਲ ਹੋ ਜਾਏਗਾ। ਇਸ ਲਈ ਟੋਰ ਦੇਣਾ ਹੀ ਚੰਗਾ ਸਮਝਿਆ। ਇਨ੍ਹਾਂ ਲਈ ਜੁੱਤੀਆਂ ਅਤੇ ਦੋ ਪਹਾੜੀ ਕੰਬਲ ਭੀ ਲੈ ਆਂਦੇ। ਜੋ ਇਨ੍ਹਾਂ ਕੋਲ ਬਚੀਆਂ ਟੂਮਾਂ ਸਨ ਤੇ ਜਿੰਨ੍ਹਾਂ ਨੂੰ ਸਾਂਭ ਕੇ ਹਿੱਕ ਨਾਲ ਲਾਈ ਫਿਰਦੀਆਂ ਸਨ, ਉਨ੍ਹਾਂ ਵਿਚੋਂ

ਇਕ ਟੂਮਾ ਵੇਚ ਕੇ ਚੋਖੇ ਰੁਪੈ ਭੀ ਲਿਆ ਦਿੱਤੇ। ਇਕ ਇਕ ਤ੍ਰੈਸ਼ੂਲ, ਗਲ ਵਾਸਤੇ ਮਾਲਾ ਅਤੇ ਆਸਣਾਂ ਵਾਸਤੇ ਸ਼ੇਰ ਦੀਆਂ ਖੱਲਾਂ ਲਿਆ ਦਿੱਤੀਆਂ। ਉਹ ਫ਼ਕੀਰਨੀਆਂ ਤੋਂ ਸੰਨਿਆਸਣਾਂ ਬਣ ਗਈਆਂ। ਸ਼ੇਰ ਦੀਆਂ ਖੱਲਾਂ ਨੂੰ ਕੱਛੇ ਮਾਰਿਆ, ਮੱਥੇ ਤੇ ਤਿਲਕ ਲਾਏ, ਵਾਲਾਂ ਨੂੰ ਪਿਛੇ ਖੁਲ੍ਹਿਆਂ ਛੱਡ ਨੂੰ ਕੱਛੇ ਮਾਰਿਆ, ਮੱਥੇ ਤੇ ਤਿਲਕ ਲਾਏ, ਵਾਲਾਂ ਨੂੰ ਪਿਛੇ ਖੁਲ੍ਹਿਆਂ ਛੱਡ ਦਿੱਤਾ, ਮਾਲਾ ਗਲ ਪਾ ਲਈਆਂ, ਤੇ ਧੋਤੀਆਂ ਦੇ ਉਪਰ ਦੀ ਭੂਰੇ ਓੜ੍ਹ ਲਏ। ਅੱਗੇ ਅੱਗੇ ਸਾਧੂ ਤੁਰਿਆ, ਤੇ ਪਿਛੇ ਉਹ ਤੁਰੀਆਂ। ਇਉ ਨਿਪਾਨ ਪੁੱਜਣ ਦੀ ਤਿਆਰੀ ਹੋਈ।

ਸਾਧੂ ਪਰਤਾਪ ਸਿੰਘ ਦਾ ਪਹਿਲਾਂ ਤਾਂ ਵਿਚਾਰ ਸੀ ਕਿ ਉਹ ਆਪ ਨਾਲ ਨਾ ਜਾਏ, ਜਾਂ ਕਿਸੇ ਸਾਥ ਨਾਲ ਰਲਾ ਦੇਵੇ, ਕਿਉਂਕਿ ਉਸ ਨੇ ਆਪਣੇ ਗੁਰਦੇਵ ਨਾਲ ਬਚਨ ਕੀਤਾ ਸੀ ਕਿ ਉਹ ਗੁਫ਼ਾ ਦੇ ਅਗਨਕੁੰਡ ਨੂੰ ਠੰਡਿਆਂ ਨਹੀਂ ਹੋਣ ਦੇਵੇਗਾ। ਸੈਂਕੜੇ ਸਾਲਾਂ ਤੋਂ ਇਹ ਬਲ ਰਹੀ ਅਗਨੀ ਬਲ ਦੀ ਰਹਿਣੀ ਚਾਹੀਦੀ ਹੈ, ਪਰ ਉਸ ਦਾ ਮਨ ਨਾ ਮੰਨਿਆ। ਉਹ ਆਪ ਤਿਆਰ ਹੋ ਪਿਆ ਕਿ ਨਿਪਾਲ ਦੀ ਸਰਹੱਦ ਤਕ ਉਨ੍ਹਾਂ ਨੂੰ ਛੱਡ ਆਏ। ਅੱਗ ਨੂੰ ਨੱਪ ਦਿੱਤਾ ਗਿਆ। ਉਹ ਨੱਪੀ ਹੋਈ ਅੱਗ ਇਕ ਮਹੀਨੇ ਤੱਕ ਨਹੀਂ ਬੁਝਦੀ ਸੀ।

## ਕਾਂਡ-17

ਕੁਦਰਤ ਦੇ ਰੰਗ ਨਿਆਰੇ ਹਨ। ਜਦੋਂ ਮਨੁੱਖ ਮਰਨਾ ਲੋਚਦਾ ਹੈ, ਓਦੋਂ ਉਹ ਮਰਦਾ ਨਹੀਂ ਤੇ ਜਦੋਂ ਜੀਉਣਾ ਚਾਹੁੰਦਾ ਹੈ ਓਦੋਂ ਮਰ ਜਾਂਦਾ ਹੈ। ਸਾਧੂ ਪਰਤਾਪ ਸਿੰਘ ਦੀ ਤੀਬਰ ਇੱਛਾ ਸੀ ਕਿ ਉਸਦੀ ਉਮਰ ਲੰਬੀ ਹੋ ਜਾਏ ਤਾਂ ਕਿ ਉਹ ਮਹਾਰਾਣੀ ਦੀ ਕੋਈ ਸੇਵਾ ਕਰ ਸਕੇ। ਰਾਹ ਵਿਚ ਤੁਰੇ ਜਾਂਦਿਆਂ ਉਸਨੇ ਇਹ ਵੀ ਇੱਛਾ ਪਰਗਟ ਕੀਤੀ ਕਿ ਉਹ ਮਹਾਰਾਣੀ ਨੂੰ ਨਿਪਾਲ ਛੱਡਕੇ ਆਪ ਪੰਜਾਬ ਜਾਏਗਾ ਤੇ ਮਹਾਰਾਜਾ ਦਲੀਪ ਸਿੰਘ ਦੀ ਸੁਖ ਸਾਂਦ ਲਿਆ ਕੇ ਮਹਾਰਾਣੀ ਨੂੰ ਦੱਸੇਗਾ। ਪਰ ਜਿਉਂ ਹੀ ਤਿੰਨਾਂ-ਮਹਾਰਾਣੀ, ਗੋਮਤੀ ਤੇ ਸਾਧੂ ਨੇ ਨਿਪਾਲ ਰਾਜ ਦੀ ਧਰਤੀ ਤੇ ਪੈਰ ਰਖਿਆ, ਸਾਧੂ ਨੂੰ ਨਮੂਨੀਆਂ ਹੋ ਗਿਆ। ਥੋੜ੍ਹੇ ਸਮੇਂ ਵਿਚ ਹੀ ਉਹ ਪੀੜ ਨਾਲ ਤੜਪ ਤੜਪ ਕੇ ਪਰਲੋਕ ਗਮਨ ਕਰ ਗਿਆ। ਅੰਤ ਵੇਲੇ ਉਸਨੇ ਬੜੇ ਦੁਖ ਅਤੇ ਤਰਲੇ ਨਾਲ ਆਖਿਆ, "ਮਹਾਰਾਣੀ ਜੀ, ਮੈਨੂੰ ਮਾਫ਼ ਕਰਨਾ, ਮੈਂ ਆਪ ਜੀ ਦੀ ਕੋਈ ਸੇਵਾ ਨਹੀਂ ਕਰ ਸਕਿਆ। ਮੈਂ ਜਿਸ ਰਾਜ ਦੇ ਕਾਇਮ ਕਰਨ ਵਿਚ ਜੁਆਨੀ ਗੁਆਈ ਸੀ, ਉਸ ਰਾਜ ਦਾ ਅੰਤ ਹੁੰਦਾ ਸੁਣ ਕੇ ਮਰਨ ਲੱਗਾ ਹਾਂ। ਮਰਨ ਵੇਲੇ ਮੇਰੀ ਇਹੋ ਇਛੱਛਾ ਹੈ ਕਿ ਮੈਂ ਮੁੜ ਛੇਤੀ ਹੀ ਪੰਜਾਬ ਵਿਚ ਜਨਮ ਲਵਾਂ ਤੇ ਗੁਰੂ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਵੇਖਾਂ......! ਮੈਂ ਜੋ ਅਗੇ ਭੁੱਲਾਂ ਕੀਤੀਆਂ ਹਨ, ਉਹ ਮੁੜਕੇ ਨਹੀਂ ਕਰਾਂਗਾ। ਹਰ ਇਕ ਸਿੱਖ ਸੰਤ -ਸਿਪਾਹੀ ਹੈ ਅਤੇ ਹਰ ਇਕ ਸੰਤ-ਸਿਪਾਹੀ ਦਾ ਪਹਿਲਾ ਧਰਮ ਹੈ ਕਿ ਉਹ ਦੇਸ਼, ਕੌਮ ਤੇ ਧਰਮ ਦੀ ਖ਼ਾਤਰ ਜਿੰਨੀ ਵੀ ਕੁਰਬਾਨੀ ਹੋ ਸਕੇ ਕਰੇ। ਮੈਂ ਪਾਪੀ ਨੇ ਪਤਾ ਨਹੀਂ ਕੀ ਭੁੱਲ ਕੀਤੀ ਕਿ ਮੈਨੂੰ ਅਕਾਲ ਪੁਰਖ ਨੇ ਆਪ ਦੀ ਸੇਵਾ ਕਰਨ ਦਾ ਸਮਾਂ ਨਹੀਂ ਦਿੱਤਾ। ਜਾਓ, ਪੁੱਤਰ ਮਿਲਾਪ ਹੋਏ..... ਅਕਾਲ ਪੁਰਖ ਤੁਸਾਂ ਦੇ ਅੰਗ ਸੰਗ ਸਹਾਈ ਹੋਏ। ਮੇਰੀ ਅਰਦਾਸ ਹੈ।"

ਸਾਧੂ ਦੀ ਮੌਤ ਨਹੀਂ ਹੋਈ ਸਗੋਂ ਮਹਾਰਾਣੀ ਤੇ ਗੋਮਤੀ ਦੇ ਆਸਰੇ ਦਾ ਬੁਰਜ ਢੱਠ ਗਿਆ। ਸਾਧੂ ਰਾਹਾਂ ਦਾ ਜਾਣੂ ਸੀ। ਉਸ ਨੇ ਇਨ੍ਹਾਂ ਨੂੰ ਨਿਪਾਲ ਰਾਜ ਵਿਚ ਬਹੁਤ ਸੁਖੈਨ ਤੇ ਖ਼ਤਰੇ ਤੋਂ ਦੂਰ ਰੱਖਕੇ ਝੱਟ ਲੈ ਆਂਦਾ ਸੀ। ਉਸ

ਨੇਕ ਆਦਮੀ ਨੂੰ ਯਾਦ ਕਰ ਕਰਕੇ ਉਸ ਦੀ ਲੋਥ ਉਤੇ ਦੋਵੇਂ ਰੋਂਦੀਆਂ ਰਹੀਆਂ, ਉਹ ਹੈਰਾਨ ਸਨ ਕਿ ਸਾਧੂਬਾਬੇ ਦੇ ਰੂਹ ਬਗ਼ੈਰ ਜਿਸਮ ਦਾ ਕੀ ਬੰਦੋ-ਬਸਤ ਕਰਨ, ਕਿਉਂਕਿ ਉਹ ਨੇਕ ਬਜ਼ੁਰਗ ਦੀ ਲੋਥ ਨੂੰ ਕਾਵਾਂ-ਕੁੱਤਿਆਂ ਦੇ ਹਵਾਲੇ ਨਹੀਂ ਸਨ ਕਰਨਾ ਚਾਹੁੰਦੀਆਂ ।ਉਨ੍ਹਾਂ ਨੇ ਬੜਾ ਸੋਚਿਆ ਕਿ ਸਸਕਾਰ ਕਿਵੇਂ ਕਰਨ। ਪ੍ਰਾਣ ਵੀ ਓਥੇ ਦਿੱਤੇ ਜਿਥੇ ਨਾ ਲੱਕੜਾਂ ਇਕੱਠੀਆਂ ਹੋ ਸਕਣ ਤੇ ਨਾ ਹੀ ਆਦਮ ਜਾਤ ਮਿਲੇ। ਦੋਵੇਂ ਘਾਬਰ ਗਈਆਂ ਤੇ ਉਸ ਘਬਰਾਹਟ ਦੇ ਅਸਰ ਕਰਕੇ ਮਹਾਰਾਣੀ ਨੇ ਇਕ ਮਨ ਹੋ ਕੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਕੋਈ ਨਾ ਕੋਈ ਵਸੀਲਾ ਬਣੇ, ਜਿਸ ਨਾਲ ਇਸ ਬਜ਼ੁਰਗ ਦਾ ਤਨ ਅਗਨੀ ਦੀ ਭੇਟ ਕੀਤੀ ਜਾ ਸਕੇ, ਕੁਝ ਸਮਾਂ ਉਹ ਇਸ ਚਿੰਤਾ ਫ਼ਿਕਰ ਵਿਚ ਰਹੀਆਂ। ਗੋਮਤੀ ਕਈ ਵੇਰ ਚੌਗਿਰਦੇ ਮੀਲ ਅੱਧ ਮੀਲ ਹੋ ਕੇ ਦੇਖ ਆਈ ਕਿ ਕੋਈ ਆਦਮੀ ਮਿਲੇ ਤਾਂ ਆਪਣਾ ਦੁੱਖ ਦੱਸੇ। ਪਰ ਕੋਈ ਵਸੀਲਾ ਨਾ ਬਣਿਆ। ਉਦਾਸ ਚਿਤ ਦੋਵੇਂ ਬੈਠੀਆਂ ਰਾਤ ਅਤੇ ਹਨ੍ਹੇਰੇ ਦਾ ਫ਼ਿਕਰ ਕਰ ਰਹੀਆਂ ਸਨ ਕਿ ਉਸ ਵੇਲੇ ਦੋ ਘੋੜ ਸੁਆਰ ਕਿਧਰੋਂ ਆ ਨਿਕਲੇ। ਉਹ ਸ਼ਿਕਾਰੀ ਸਨ ਤੇ ਕਿਸੇ ਸ਼ਿਕਾਰ ਦੀ ਭਾਲ ਵਿਚ ਆਏ ਸਨ। ਉਨ੍ਹਾਂ ਨੇਬੜੀ ਅਸਚਰਜਤਾ ਨਾਲ ਮਹਾਰਾਣੀ ਤੇ ਗੋਮਤੀ ਵੱਲ ਅਤੇ ਫਿਰ ਸਾਧੂਦੀ ਲੋਥ ਵੱਲ ਤੱਕਿਆ। ਪੁਛਿਆ ਕਿ ਉਹ ਕੌਣ ਹਨ, ਇਹ ਮਰਨ ਵਾਲਾ ਕੌਣ ਸੀ ਤੇ ਹੁਣ ਉਹ ਕੀ ਸੋਚ ਰਹੀਆਂ ਨੇ? ਉਨ੍ਹਾਂ ਬੜੀ ਨਿਰਭੈਤਾ ਤੇ ਸੁਚੱਜਤਾ ਨਾਲ ਉੱਤਰ ਦਿੱਤਾ ਕਿ ਉਹ ਦੇਵੀਆਂ (ਸੰਨਿਆਸਨਾਂ) ਹਨ, ਉਨ੍ਹਾਂ ਦਾ ਗੁਰਦੇਵ ਨਮੂਨੀਏ ਨਾਲ ਮਰ ਗਿਆ ਹੈ। ਉਹ ਰਸਤੇ ਤੋਂ ਭੀ ਅੰਜਾਣ ਹਨ, ਇਸ ਲਈ ਉਹ ਜ਼ਰੂਰ ਉਨ੍ਹਾਂ ਦੀ ਮਦਦ ਕਰਨ ਤੇ ਇਕ ਸਾਧੂਦਾ ਮੁਰਦਾ ਖ਼ਰਾਬ ਹੋਣ ਤੋਂ ਬਚਾਣ।

ਉਹ ਜੁਆਨ ਨਿਪਾਲ ਦੇ ਵੱਡੇ ਵਜ਼ੀਰ ਰਾਣਾ ਜੰਗ ਬਹਾਦਰ ਦੇ ਸਿਪਾਹੀ ਸਨ, ਜੋ ਸ਼ਿਕਾਰ ਖੇਡਣ ਵਾਸਤੇ ਖਟਮੰਡੂਤੋਂ ਆਇਆ ਹੋਇਆ ਸੀ। ਕੋਈ ਦੋ ਮੀਲ ਦੀ ਵਾਟ ਤੇ ਉਸ ਦੇ ਤੰਬੂਲੱਗੇ ਹੋਏ ਸਨ।

ਉਨ੍ਹਾਂ ਵਿਚੋਂ ਇਕ ਜੁਆਨ ਮਹਾਰਾਣੀ ਦੇ ਕੋਲ ਰਿਹਾ ਤੇ ਦੂਸਰਾ ਜੰਗ ਬਹਾਦਰ ਵੱਲ ਗਿਆ ਕਿ ਉਸ ਕੋਲੋਂ ਆਗਿਆ ਤੇ ਮਦਦ ਲਿਆਵੇ ਤਾਂ ਕਿ ਸਾਧੂਦੀ ਲੋਥ ਸੰਭਾਲੀ ਜਾਏ।

ਕੋਈ ਘੰਟੇ ਪਿਛੋਂ ਉਹ ਜੁਆਨ ਵਾਪਸ ਮੁੜਿਆ। ਉਸ ਨਾਲ ਛੇ ਜੁਆਨ ਹੋਰ ਸਨ, ਜਿਨ੍ਹਾਂ ਨੇ ਆ ਕੇ ਸਾਧੂਦੀ ਲੋਥ ਨੂੰ ਚੁਕ ਲਿਆ ਤੇ ਡੇਰੇ ਵੱਲ ਲੈ ਗਏ। ਜੰਗਲ ਵਿਚੋਂ ਸੁੱਕੀਆਂ ਲੱਕੜਾਂ ਇਕੱਠੀਆਂ ਕਰ ਕੇ ਚਿਖਾ ਚਿਣੀ ਤੇ ਸਾਧੂਦਾ ਸਸਕਾਰ ਕਰ ਦਿੱਤਾ। ਜਦੋਂ ਅੰਗੀਠਾ ਠੰਡਾ ਹੋ ਗਿਆ ਤਾਂ ਰਾਖ ਤੇ ਹੱਡੀਆਂ ਨੂੰ ਇਕੱਠੀਆਂ ਕਰ ਕੇ ਲਾਗੇ ਵਗ ਰਹੀ ਛੋਟੀ ਜਹੀ ਨਦੀ ਵਿਚ ਸੁੱਟ ਦਿੱਤਾ।

ਮਹਾਰਾਣੀ ਤੇ ਗੋਮਤੀ ਸੰਤਣੀਆਂ ਸਨ, ਸਾਧੂਲਿਬਾਸ ਉਨ੍ਹਾਂ ਨੂੰ ਕਮਾਲ ਦਾ ਫੱਬਦਾ ਸੀ। ਸਣੇ ਜੰਗ ਬਹਾਦਰ ਦੇ ਸਾਰੇ ਜੁਆਨ ਉਨ੍ਹਾਂ ਵੱਲ ਦੇਖ ਦੇਖ ਕੇ ਹੈਰਾਨ ਹੋ ਰਹੇ ਸਨ। ਜੰਗ ਬਹਾਦਰ ਤਾਂ ਤਾੜ ਗਿਆ ਕਿ ਇਹ ਸੱਚ ਮੁੱਚ ਉਹ ਸੰਤਣੀਆਂ ਨਹੀਂ ਜੋ ਜਗਤ ਨੂੰ ਮਿਥਿਆ ਸਮਝ ਕੇ ਘਰੋਂ ਨਿਕਲੀਆਂ ਤੇ ਤਪੱਸਿਆ ਕਰ ਰਹੀਆਂ ਹਨ। ਕੋਈ ਸ਼ੱਕ ਵਾਲੀ ਗੱਲ ਜ਼ਰੂਰ ਜਾਪਦੀ ਹੈ।

ਮਹਾਰਾਣੀ ਵੀ ਚਾਹੁੰਦੀ ਸੀ ਕਿ ਉਹ ਸਾਫ਼ ਦੱਸ ਦੇਵੇ ਕਿ ਉਹ ਸ਼ੇਰੇ ਪੰਜਾਬ ਦੀ ਮਹਾਰਾਣੀ ਜਿੰਦ ਕੌਰ ਹੈ, ਅਤੇ ਫ਼ਰੰਗੀ ਦੀ ਕੈਦ ਤੋਂ ਨੱਸੀ ਹੋਈ ਹੈ।

"ਭਗਵਾਨ ਦੇ ਨਾਂ ਤੇ ਸੱਚ ਦੱਸਦੀਆਂ ਹਾਂ" ਮਹਾਰਾਣੀ ਬੋਲੀ।

"ਅਸੀਂ ਸੰਤਣੀਆਂ ਨਹੀਂ, ਥੋੜੇ ਚਿਰ ਤੋਂ ਇਹ ਲਿਬਾਸ ਧਾਰਨ ਕੀਤਾ ਹੈ। ਮੈਂ ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਣੀ ਜਿੰਦ ਕੌਰ ਹਾਂ ਤੇ ਇਹ ਮੇਰੀ ਗੋੱਲੀ ਗੋਮਤੀ ਹੈ।"

ਇਹ ਸੁਣਦੇ ਸਾਰ ਹੀ ਜੰਗ ਬਹਾਦਰ ਆਪਣੇ ਆਸਣ ਤੋਂ ਉਠਿਆ ਤੇ ਬੜੇ ਸਤਿਕਾਰ ਨਾਲ ਬੋਲਿਆ, "ਮੁਆਫ਼ ਕਰਨਾ, ਮਹਾਰਾਣੀ ਜੀ ! ਜੇ ਕੋਈ ਭੁੱਲ ਹੋ ਗਈ ਹੋਵੇ। ਬੈਠੋ ਤੇ ਦੱਸੋ, ਮਹਾਰਾਣੀ ਨੂੰ ਲਿਪਾਲ ਆਉਣ ਦਾ ਇਤਫ਼ਾਕ ਕਿਵੇਂ ਹੋਇਆ?"

ਮਹਾਰਾਣੀ ਤੇ ਗੋਮਤੀ ਬੈਠ ਗਈਆਂ। ਉਨ੍ਹਾਂ ਨੇ ਕੋਈ ਪੂਰੇ ਦੋ ਘੰਟਿਆਂ ਵਿਚ ਦੀ ਆਪਣੀ ਸਾਰੀ ਵਿਥਿਆ ਸੁਣਾ ਦਿੱਤੀ। ਸੁਣਾਈ ਵੀ ਐਸੇ ਹਿਰਦੇ-ਵੇਧਕ ਢੰਗ ਨਾਲ ਕਿ ਸੁਣਦਿਆਂ ਹੋਇਆਂ ਜੰਗ ਬਹਾਦਰ ਦੀਆਂ ਅੱਖਾਂ ਅੱਥਰੂਆਂ ਨਾਲ ਤਰ ਹੋ ਗਈਆਂ। ਉਸ ਦੇ ਅੰਗ ਅੰਗ ਵਿਚ ਹਮਦਰਦੀ ਤੇ ਦਇਆ ਉਪਜ ਗਈ। ਉਸ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਬੜਾ ਯੋਧਾ ਅਤੇ ਪਰਉਪਕਾਰੀ ਸੁਣਿਆ ਹੋਇਆ ਸੀ ਅਤੇ ਸਿੱਖ ਰਾਜ ਦੇ ਜਾਣ ਦਾ ਉਸ ਨੂੰ ਬਹੁਤ ਅਫ਼ਸੋਸ ਹੋਇਆ।

"ਮੈਂ ਆਸਰਾ ਲੋੜਦੀ ਹਾਂ, ਨਿਪਾਲ ਰਾਜ ਮੇਰੀ ਮਦਦ ਕਰੇ", ਮਹਾਰਾਣੀ ਦੋਵੇਂ ਹੱਥ ਜੋੜ ਕੇ ਬੋਲੀ।

"ਮਹਾਰਾਣੀ ਜੀ, ਹੱਥ ਜੋੜਨ ਦੀ ਲੋੜ ਨਹੀਂ", ਜੰਗ ਬਹਾਦਰ ਤਲਵਾਰ ਦੇ ਮਿਆਨ ਤੇ ਹੱਥ ਰੱਖ ਕੇ ਬੋਲਿਆ, "ਨਿਪਾਲ ਰਾਜ ਭਾਰਤ ਦਾ ਪੁਰਾਣਾ ਅਜ਼ਾਦ ਰਾਜ ਹੈ। ਇਹ ਨਿਰਬਲਾਂ, ਬੱਚਿਆਂ ਤੇ ਇਸਤ੍ਰੀਆਂ ਦੀ ਰਾਖੀ ਕਰਨ ਵਾਸਤੇ ਸਾਰੇ ਖ਼ਤਰਿਆਂ ਦਾ ਟਾਕਰਾ ਕਰਨ ਲਈ ਤਿਆਰ ਰਹਿੰਦਾ ਹੈ। ਮੇਰੇ ਬਹਾਦਰ ਸਿਪਾਹੀ ਆਪ ਦੀ ਰਾਖੀ ਕਰਨਗੇ। ਆਪ ਨੂੰ ਸੰਤਾਂ ਦੇ ਭੇਸ ਵਿਚ ਰਹਿਣ ਦੀ ਲੋੜ ਨਹੀਂ, ਸਗੋਂ ਇਕ ਮਹਾਰਾਣੀ ਦੀ ਹੈਸੀਅਤ ਵਿਚ ਰਖਿਆ ਜਾਏਗਾ।"

ਮਹਾਰਾਣੀ ਨੇ ਜੰਗ ਬਹਾਦਰ ਦਾ ਕਈ ਵਾਰ ਧੰਨਵਾਦ ਕੀਤਾ। ਉਸ ਦੀ ਆਤਮਾ ਨੂੰ ਭਰੋਸਾ ਹੋ ਗਿਆ ਕਿ ਜੰਗ ਬਹਾਦਰ ਜ਼ਰੂਰ ਉਨ੍ਹਾਂ ਦੀ ਮਦਦ ਕਰੇਗਾ। ਨਿਪਾਲ ਰਾਜ ਵਿਚ ਰਹਿੰਦੀ ਹੋਈ ਉਹ ਆਪਣੇ ਪੁੱਤਰ ਦਲੀਪ ਦੀ ਖ਼ਬਰ ਸੁਰਤ ਜ਼ਰੂਰ ਮੰਗਵਾ ਲਵੇਗੀ। ਕੈਦ ਰਹਿਣ ਦੀ ਖੱਜਲ ਖੁਆਰੀ, ਭੁੱਖ ਅਤੇ ਨਿਰਾਦਰੀ ਦਾ ਖ਼ਾਤਮਾ ਹੋ ਗਿਆ।

ਅਗਲੇ ਦਿਨ ਜੰਗ ਬਹਾਦਰ ਨੇ ਖਟਮੰਡੂ ਵਲ ਕੂਚ ਕੀਤਾ। ਮਹਾਰਾਣੀ ਤੇ ਗੋਮਤੀ ਘੋੜਿਆਂ ਤੇ ਸੁਆਰ ਹੋ ਕੇ ਉਸਦੇ ਨਾਲ ਹੋ ਤੁਰੀਆਂ।

## ਕਾਂਡ-18

ਹਿਮਾਲਾ ਪਰਬਤ ਦੀ ਦੱਖਣੀ ਕੁੱਖ ਵਿਚ ਨਿਪਾਲ ਇਕ ਅਜ਼ਾਦ ਰਾਜ ਹੈ। ਇਸ ਦਾ ਕੁਲ ਰਕਬਾ 58.●●● ਮੁਰੱਬਾ ਮੀਲ ਹੈ। ਉੱਤਰ ਵਲ ਤਿੱਬਤ, ਦੱਖਣ ਵੱਲ ਬੰਗਾਲ ਤੇ ਸੂਬਾ ਯੂ.ਪੀ. ਅਤੇ ਪੂਰਬ ਵੱਲ ਸਿਕਮ ਰਿਆਸਤ ਹੈ। ਇਸ ਦੀ ਭਾਗ ਭਰੀ ਧਰਤੀ ਤੇ ਪੰਜਾਬ ਵਾਂਗ ਹੀ ਹਰ ਤਰ੍ਹਾਂ ਦੇ ਅਨਾਜਾਂ ਦੀਆਂ ਫ਼ਸਲਾਂ ਹੁੰਦੀਆਂ ਹਨ। ਫਲ ਅਤੇ ਜੜ੍ਹੀ ਬੂਟੀ ਬਹੁਤ ਹੁੰਦੀ ਹੈ।

ਧਰਤੀ ਦੇ ਤਿੰਨ ਹਿੱਸੇ ਹਨ। ਇਕ ਤਿਹਾਈ ਹਿੱਸਾ ਤਾਂ ਉਹ ਹੈ ਜਿਸ ਦੀ ਸਮੁੰਦਰ ਤੋਂ 5 ਹਜ਼ਾਰ ਫੁੱਟ ਹੈ ਅਤੇ ਤੀਸਰਾ ਉਪਰਲਾ ਹਿੱਸਾ ਜਿਸ ਦੀ ਉਚਾਈ 29 ਹਜ਼ਾਰ ਫੁੱਟ ਹੈ, ਜੋ 'ਪਹਾੜ ਐਵਰਿਸਟ' ਦੀ ਚੋਟੀ ਦੇ ਨਾਂ ਨਾਲ ਮਸ਼ਹੂਰ ਹੈ ਤੇ ਸੰਸਾਰ ਭਰ ਦੇ ਪਹਾੜਾਂ ਨਾਲੋਂ ਉੱਚਾ ਹੈ।

ਨਿਪਾਲ ਵਿਚ ਮੰਗੋਲ ਨਸਲ ਦੀਆਂ ਇਹ ਕੌਮਾਂ ਰਹਿੰਦੀਆਂ ਹਨ, ਗੋਰਗ, ਮੱਘਰ, ਪੁਰਮੀ, ਸਿਮਧੁਗੁਰਖਾਲੀ, ਨਿਵਾੜ ਅਤੇ ਲਿਪਚੋ। ਵਰਤਮਾਨ ਨਿਪਾਲ ਰਾਜ ਗੁਰਖਾਲੀ ਕੌਮ ਦੇ ਹੱਥ ਹੈ, ਜਿਨ੍ਹਾਂ ਨੂੰ ਗੋਰਖੇ ਆਖਦੇ ਹਾਂ ਅਤੇ ਜੋ ਚੰਗੇ ਲੜਾਕੇ ਤੇ ਵਫ਼ਾਦਾਰ ਸਿਪਾਹੀ ਗਿਣੇ ਜਾਂਦੇ ਹਨ। ਸਾਰੀਆਂ ਕੌਮਾਂ ਦੇ ਧਰਮ ਦੋ ਹਨ। ਹਿੰਦੂ ਤੇ ਬੁਧ ਧਰਮ। 2773 ਮੰਦਰ ਨਿਪਾਲ ਵਿਚ ਹਨ ਤੇ ਵੱਡਾ ਪ੍ਰੋਹਤ ਜਿਸ ਨੂੰ ਰਾਜ ਗੁਰੂ ਆਖਿਆ ਜਾਂਦਾ ਹੈ, ਉਹ ਰਾਜ ਕੌਂਸਲ ਦਾ ਮੈਂਬਰ ਹੁੰਦਾ ਹੈ।

ਖੱਟਮੰਡੂ ਨਿਪਾਲ ਦੀ ਰਾਜਧਾਨੀ ਹੈ। ਇਸ ਸ਼ਹਿਰ ਨੂੰ ਪੁਰਾਣੇ ਸੰਸਕ੍ਰਿਤ ਸਾਹਿੱਤ ਦਾ ਖ਼ਜ਼ਾਨਾ ਵੀ ਆਖਿਆ ਜਾਂਦਾ ਹੈ, ਕਿਉਂਕਿ ਸੰਸਕ੍ਰਿਤ ਦੇ ਖੋਜੀਆਂ ਤੇ ਵਿਦਵਾਨਾਂ ਨੂੰ ਸਦੀਆਂ ਪੁਰਾਣੇ ਹੱਥ-ਲਿਖਤ ਗ੍ਰੰਥ ਏਥੋਂ ਪ੍ਰਾਪਤ ਹੋਏ ਹਨ। ਇਹ ਸ਼ਹਿਰ ਦਰਿਆ ਵਿਸ਼ਨੂੰ-ਮਤੀ ਦੇ ਪਰਬੀ ਕਿਨਾਰੇ ਤੇ ਵਸਿਆ ਹੋਇਆ ਹੈ।

ਨਿਪਾਲ ਦਾ ਪਹਿਲਾ ਇਤਿਹਾਸ ਬੜਾ ਅਮਨ ਤੇ ਸ਼ਾਂਤੀ ਵਾਲਾ ਹੈ, ਪਰ 184● ਤੋਂ 1848 ਤਕ ਦਾ ਇਤਿਹਾਸ ਲਹੂ ਨਾਲ ਰੰਗਿਆ ਪਿਆ ਹੈ। ਜਿਵੇਂ ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਪਿਛੋਂ ਪੰਜਾਬ ਦੇ ਅਜ਼ਾਦ ਰਾਜ ਵਿਚ ਖ਼ੁਦਗਰਜ਼ੀ ਦੀ ਅੰਨ੍ਹੀ ਤਲਵਾਰ ਚੱਲੀ, ਦੋਸ਼ੀਆਂ ਤੇ ਨਿਰਦੋਸ਼ੀਆਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਜਾਂਦਾ ਰਿਹਾ, ਤਿਵੇਂ ਹੀ ਨਿਪਾਲ ਵਿਚ ਵਜ਼ੀਰਾਂ ਨੇ ਅੱਤ ਚੁੱਕ ਲਈ। ਪਿਉ ਪੁੱਤਰ ਦਾ ਵੈਰੀ ਹੋ ਗਿਆ। ਮਹਾਰਾਜਾ ਨਿਪਾਲ ਇਕ ਕੱਠ-ਪੁਤਲੀ ਬਣ ਕੇ ਰਾਜ ਸਿੰਘਾਸਣ ਤੇ ਬੈਠਾ ਰਿਹਾ। ਵਜ਼ੀਰ ਖ਼ੂਨ ਦੀਆਂ ਨਦੀਆਂ ਚਲਾਉਣ ਲੱਗੇ।

ਜੰਗ ਬਹਾਦਰ ਨੂੰ ਵਰਤਮਾਨ ਨਿਪਾਲ ਦਾ ਬਾਪ ਕਿਹਾ ਜਾਂਦਾ ਹੈ, ਜਦੋਂ ਇਸਦੇ ਮੁਢਲੇ ਹਾਲ ਪੜ੍ਹੀਏ ਤਾਂ ਮੱਲੋ ਮੱਲੀ ਕਲੇਜਾ ਘੁਟਿਆ ਜਾਦਾ ਹੈ। 1843 ਵਿਚ ਮੁਤਾਬਰ ਸਿੰਘ ਬਨਾਰਸੋਂ ਰਾਜ ਵਿਚ ਆਇਆ ਤੇ ਉਸਨੇ ਭੀਮ ਸੈਨ ਨੂੰ ਖ਼ਤਮ ਕਰਕੇ ਰਾਜ ਦਰਬਾਰ ਵਿਚ ਆਪਣੀ ਤਾਕਤ ਕਾਇਮ ਕੀਤੀ, ਪਰ ਮੁਤਾਬਰ ਸਿੰਘ ਦੇ ਭਤੀਜੇ ਜੰਗ ਬਹਾਦਰ ਨੇ ਫ਼ੌਜ ਵਿਚ ਚੰਗਾ ਅਸਰ-ਰਸੂਖ ਪੈਦਾ ਕਰ ਲਿਆ। ਨਾਲ ਹੀ ਇਸਦਾ ਪਿਆਰ ਇਕ ਰਾਣੀ ਨਾਲ ਪੈ ਗਿਆ, ਜਿਸਦੀ ਮਦਦ ਨਾਲ ਇਸ ਨੇ ਆਪਣੇ ਚਾਚੇ ਮੁਤਾਬਰ ਸਿੰਘ ਨੂੰ 18 ਮਈ 1●845 ਨੂੰ ਕਤਲ ਕਰ

ਦਿੱਤਾ। ਮੁਤਾਬਰ ਸਿੰਘ ਦੇ ਹਮਦਰਦੀਆਂ ਨੇ ਬਗ਼ਾਵਤ ਕਰ ਦਿੱਤੀ। ਇਸ ਨੇ ਬਾਗ਼ੀਆਂ ਦਾ ਟਾਕਰਾ ਕੀਤਾ ਤੇ ਚੁਣ ਚੁਣ ਕੇ ਮਾਰ ਦਿੱਤੇ। ਜਿਸ ਦਿਨ ਬਹੁਤੇ ਬਾਗ਼ੀ ਮਾਰੇ, ਉਹ 15 ਸਤੰਬਰ 1846 ਦਾ ਦਿਨ ਬੜਾ ਪ੍ਰਸਿੱਧ ਹੈ। ਉਸ ਰਾਣੀ ਨੂੰ ਵੀ ਜਲਾਵਤਨ ਕੀਤਾ ਗਿਆ ਸੀ। ਸੋ ਨਿਪਾਲ ਰਾਜ ਵਿਚ ਜੰਗ ਬਹਾਦਰ ਦਾ ਸਮਾਂ 1846 ਤੋਂ 1877 ਤੱਕ ਹੈ। 1846 ਤੋਂ ਹੁਣ ਤੱਕ ਨਿਪਾਲ ਵਿਚ ਨਾ ਕੋਈ ਬਗ਼ਾਵਤ ਹੋਈ ਹੈ ਤੇ ਨਾ ਖ਼ੂਨ ਖ਼ਰਾਬਾ।

ਜੰਗ ਬਹਾਦਰ ਨੇ ਮਹਾਰਾਣੀ ਦਾ ਬੜਾ ਸਤਿਕਾਰ ਕੀਤਾ, ਪਾਲਕੀ ਵਿਚ ਬਿਠਾ ਕੇ ਖੱਟਮੰਡੂਲੈ ਗਿਆ। ਇਕ ਮਹੀਨਾ ਆਪਣੇ ਮਹੱਲ ਵਿਚ ਹੀ ਰਹਿਣ ਵਾਸਤੇ ਥਾਂ ਦਿੱਤੀ। ਲੀੜੇ, ਖ਼ੁਰਾਕ ਤੇ ਦਸੀਆਂ ਦਾ ਪ੍ਰਬੰਧ ਕੀਤਾ। ਮਹਾਰਾਣੀ ਸੱਚ ਮੁਚ ਮਹਾਰਾਣੀ ਬਣ ਗਈ। ਗੋਮਤੀ ਉਸ ਦੀ ਵੱਡੀ ਗੋੱਲੀ ਸੀ ਤੇ ਪੰਜਾਬ ਵਾਂਗ ਹੀ ਮਹਾਰਾਣੀ ਨੂੰ ਮੁੜ ਪੁੰਨ ਦਾਨ ਕਰਨ ਦਾ ਸਮਾਂ ਪ੍ਰਾਪਤ ਹੋ ਗਿਆ। ਇਕ ਪੁੱਤਰ-ਮਿਲਾਪ ਦੇ ਸੁਖ ਤੋਂ ਬਿਨਾਂ ਸਾਰੇ ਸੁਖ ਪਾ੍ਪਤ ਹੋ ਗਏ।

ਦਰਿਆ ਵਿਸ਼ਨੂੰ-ਮਤੀ ਦੇ ਕਿਨਾਰੇ ਇਕ ਨਵੇਕਲੀ ਥਾਂ ਤੇ ਜੰਗ ਬਹਾਦਰ ਨੇ ਕਈ ਹਜ਼ਾਰ ਰੁਪਿਆ ਖ਼ਰਚ ਕੇ ਇਕ ਆਲੀਸ਼ਾਨ ਮਹੱਲ ਤਿਆਰ ਕਰ ਦਿੱਤੀ। ਮਹਾਰਾਣੀ ਉਸ ਮਹੱਲ ਵਿਚ ਅਮਨ ਤੇ ਸ਼ਾਂਤੀ ਵਿਚ ਜੀਵਨ ਦੇ ਦਿਨ ਕੱਟਣ ਲੱਗੀ। ਗੋਮਤੀ ਅਤੇ ਹੋਰ ਦਾਸੀਆਂ ਉਸਦੇ ਦਿਲ ਬਹਿਲਾਵੇ ਵਾਸਤੇ ਸਨ। ਰਾਜ ਨਿਪਾਲ ਦੇ ਖ਼ਜ਼ਾਨੇ ਵਿਚੋਂ ਦਸ ਹਜ਼ਾਰ ਰੁਪਿਆ ਸਾਲਾਨਾ ਵਜ਼ੀਫ਼ਾ ਮਿਲਣਾ ਵੀ ਮੁਕੱਰਰ ਹੋ ਗਿਆ ਸੀ।

## ਕਾਂਡ-19

ਮਾਰਚ ਦੇ ਅੰਤਮ ਦਿਨ ਹਨ। ਮਹਾਰਾਣੀ ਆਪਣੇ ਮਹੱਲ ਵਿਚੋਂ ਬਰਫ਼ ਨਾਲ ਲੱਦੀਆਂ ਦੁੱਧ-ਚਿੱਟੀਆਂ ਹਿਮਾਲਾ ਪਹਾੜ ਦੀਆਂ ਚੋਟੀਆਂ ਵੇਖ ਰਹੀ ਹੈ। ਵਿਸ਼ਨੂੰ-ਮਤੀ ਦਰਿਆ ਦਾ ਨਿਰਮਲ ਜਲ ਆਪਣੀ ਤੇਜ਼ ਰਫ਼ਤਾਰ ਨਾਲ ਤੁਰਿਆ ਜਾ ਰਿਹਾ ਹੈ। ਉਸ ਦਾ ਮਧੁਰ ਗੀਤ ਵੀ ਉਸਨੂੰ ਸੁਣਾਈ ਦੇ ਰਿਹਾ ਹੈ, ਪਰ ਉਹ ਉਦਾਸ-ਚਿਤ ਤੇ ਵੈਰਾਗੀ ਹਾਲਤ ਵਿੱਚ ਹੈ। ਕੁਦਰਤ ਦਾ ਦਿਲ-ਖਿੱਚਵਾਂ ਨਜ਼ਾਰਾ ਉਸਨੂੰ ਖੇੜਾ ਤੇ ਉਮਾਰ ਨਹੀਂ ਦੇ ਰਹੇ, ਕਿਉਂਕਿ ਉਸ ਦੇ ਅੰਦਰ 'ਪੁੱਤਰ ਮਿਲਣ ਦੀ' ਇੱਕ ਭੁੱਖ ਹੈ। ਰਾਣੀ ਇੱਛਰਾਂ ਵਾਂਗ ਉਹ ਦਲੀਪ ਦੀ ਖ਼ਾਤਰ ਆਪਣਾ ਆਪ ਗਾਲ ਰਹੀ ਹੈ ਕਿ ਕਿਵੇਂ ਸੋਅ ਮਿਲ ਜਾਏ, 'ਉਹ ਕਿਥੇ ਹੈ?' ਇਸੇ ਬਦਲੇ ਹੀ ਕਈਆਂ ਰਾਜ ਜੋਤਸ਼ੀਆਂ ਨੂੰ ਪੁੱਛਣ ਤੋਂ ਬਿਨਾਂ ਚੋਖੇ ਪੈਸੇ ਦੇ ਦੇ ਇਕ ਦੋਂਹ ਨੂੰ ਪੰਜਾਬ ਤੋਰ ਬੈਠੀ ਹੈ, ਪਰ ਨਾ ਕਿਸੇ ਜੋਤਸ਼ੀ ਨੇ ਸਹੀ ਟੇਵਾ ਲਾਇਆ ਹੈ, ਤੇ ਨਾ ਹੀ ਪੰਜਾਬ ਗਿਆ ਕੋਈ ਮੁੜਿਆ ਹੈ। ਮੱਛੀ ਵਾਂਗ ਤੜਫ ਰਹੀ ਹੈ। ਨਾ ਰਾਤ ਨੂੰ ਚੈਨ ਆਉਂਦਾ ਹੈ ਨਾ ਦਿਨੇ ਅਰਾਮ। ਉਸ ਦਾ ਦਿਲ ਪ੍ਰਚਾਣ ਵਾਸਤੇ ਦਾਸੀਆਂ ਬੜਾ ਯਤਨ ਕਰਦੀਆਂ ਹਨ, ਪਰ ਉਹ ਸਫਲ ਨਹੀਂ ਹੁੰਦੀਆਂ।

"ਮਹਾਰਾਣੀ ਜੀ!" ਦਾਸੀ ਨੇ ਆ ਕੇ ਪਿਛੋਂ ਅਵਾਜ਼ ਦਿੱਤੀ।

ਮਹਾਰਾਣੀ ਨੇ ਪਿਛੇ ਮੁੜ ਕੇ ਦੇਖਿਆ ਤੇ ਪੁਛਿਆ, "ਕਿਉਂ?"

"ਇਕ ਇਸਤਰੀ ਤੇ ਇਕ ਮਰਦ ਬਾਹਰ ਖਲੋਤੇ ਹਨ, ਉਹ ਤੁਸਾਂ ਨੂੰ ਮਿਲਣਾ ਚਾਹੁੰਦੇ ਨੇ।"

"ਉਹ ਕੌਣ ਨੇ?"

ਇਸਤਰੀ ਆਖਦੀ ਹੈ, "ਮੇਰਾ ਨਾਂ ਸ਼ਾਮੋ ਹੈ, ਮੈਂ ਮਹਾਰਾਣੀ ਨੂੰ ਜ਼ਰੂਰੀ ਮਿਲਣਾ ਹੈ।"

"ਸ਼ਾਮੋ ! ਜਾਹ, ਉਸਨੂੰ ਅੰਦਰ ਲੈ ਆ।" ਇਹ ਆਗਿਆ ਲੈ ਕੇ ਦਾਸੀ ਚਲੀ ਗਈ। ਮਹਾਰਾਣੀ ਦੀਆਂ ਅੱਖਾਂ ਅਗੋਂ ਹਿਮਾਲਾ ਪਰਬਤ ਦੀ ਸੁੰਦਰਤਾ ਦੀ ਝਾਕੀ ਪਾਸੇ ਹੋ ਗਈ ਤੇ ਚੁਨਾਰ ਦੇ ਕਿਲ੍ਹੇ ਦੀ ਉਹ ਝਾਕੀ ਅੱਖਾਂ ਸਾਹਮਣੇ ਆ ਗਈ, ਜਦੋਂ ਸ਼ਾਮੋ ਦੀ ਮਦਦ ਨਾਲ ਮਹਾਰਾਣੀ ਕੈਦ ਤੋਂ ਨੱਸਣ ਦਾ ਯਤਨ ਕਰਨ ਲੱਗੀ ਸੀ। "ਉਹ ਜੀਉਂਦੀ ਹੈ !ਮਹਾਰਾਣੀ ਆਪਣੇ ਆਪ ਹੀ ਖ਼ੁਸ਼ੀ ਨਾਲ ਬੋਲੀ। ਅਕਾਲ ਪੁਰਖ ਨੇ ਇਹ ਵੀ ਚੰਗਾ ਕੀਤਾ।"

ਥੋੜੇ ਚਿਰ ਪਿਛੋਂ ਦਾਸੀ ਦੇ ਨਾਲ ਸ਼ਾਮੋ ਇਕੱਲੀ ਅੰਦਰ ਆਈ। ਉਹ ਨਿਪਾਲੀ ਔਰਤਾਂ ਦੇ ਲਿਬਾਸ ਵਿਚ ਸੀ। ਉਹ ਆਉਂਦੀ ਹੀ ਮਹਾਰਾਣੀ ਦੇ ਪੈਰੀਂ ਡਿੱਗ ਪਈ। ਪੈਰਾਂ ਨੂੰ ਚੁੰਮਿਆ ਤੇ ਖ਼ੁਸ਼ੀ ਨਾਲ ਅੱਥਰੂਵਗ ਤੁਰੇ। ਉਹ ਕਿੰਨਾ ਚਿਰ ਕੋਈ ਗੱਲ ਨਾ ਕਰ ਸਕੀ, ਵੈਰਾਗ ਨੇ ਐਨਾ ਅਸਰ ਕੀਤਾ।

ਮਹਾਰਾਣੀ ਨੇ ਉਸਨੂੰ ਚੁਕ ਕੇ ਹਿੱਕ ਨਾਲ ਲਾ ਲਿਆ ਤੇ ਦੋਵੇਂ ਰਲ ਕੇ ਰੋਈਆਂ। ਜਦੋਂ ਵੈਰਾਗ ਮੱਠਾ ਹੋ ਗਿਆ ਤਾਂ ਮਹਾਰਾਣੀ ਨੇ ਪੁਛਿਆ, "ਸੁਣਾ, ਤੈਨੂੰ ਕਿਵੇਂ ਪਤਾ ਲੱਗਾ, ਮੈਂ ਇਥੇ ਹਾਂ?"

ਸ਼ਾਮੋ ਤਾੜ ਗਈ ਕਿ ਮਹਾਰਾਣੀ ਦਾ ਭਾਵ ਮੇਰੀ ਜੀਵਨ-ਵਿਥਿਆ ਸੁਣਨ ਦਾ ਹੈ। ਉਸਨੇ ਬੜੇ ਥੋੜ ਸ਼ਬਦਾਂ ਵਿਚ ਆਪਣੇ ਬਾਰੇ ਸਭ ਕੁਝ ਦੱਸ ਦਿੱਤਾ ਕਿ ਕਿਵੇਂ ਉਸ ਨੂੰ ਕਿਲ੍ਹੇ ਵਿਚ ਗ੍ਰਿਫ਼ਤਾਰ ਕੀਤਾ ਗਿਆ, ਉਸ ਕੋਲੋਂ ਮਹਾਰਾਣੀ ਦਾ ਪਤਾ ਪੁੱਛਣ ਵਾਸਤੇ ਯਤਨ ਕੀਤੇ ਗਏ, ਲਾਲਚ ਤੇ ਧਮਕੀਆਂ ਦਿੱਤੀਆਂ ਤੇ ਅੰਤ ਕਾਲ ਕੋਠੜੀ ਵਿਚ ਸੁੱਟ ਦਿਤਾ ਗਿਆ। ਕਿਵੇਂ ਉਸਨੇ ਪਿਆਰ-ਦਿਖਾਵਾ ਕਰ ਕੇ ਸਿਪਾਹੀ ਸੱਜਨ ਸਿੰਘ ਨਸ ਤੁਰੇ।

ਉਸ ਨੇ ਦੱਸਿਆ, "ਮਹਾਰਾਣੀ ਜੀ, ਪਹਿਰਾ ਬੜਾ ਕਰੜਾ ਸੀ, ਪਰ ਸੱਜਨ ਸਿੰਘ ਬੜਾ ਦਲੇਰ ਨਿਕਲਿਆ।, ਕਿਲ੍ਹੇ ਦੀ ਪਿਛਾੜੀ ਵੱਲ ਰੱਸਾ ਬੰਨ੍ਹ ਕੇ ਪਹਿਲਾਂ ਉਸ ਨੇ ਮੈਨੂੰ ਹੇਠ ਲਮਕਾਇਆ ਤੇ ਮੁੜ ਆਪ ਉਤਰ ਆਇਆ। ਦੋਵੇਂ ਨੱਸਣ ਨੂੰ ਤਕੜੇ ਸਾਂ। ਅਸੀਂ ਰਾਤੋ ਰਾਤ ਹੀ ਕਾਸ਼ੀ ਦੇ ਨੇੜੇ ਪੁੱਜ ਗਏ। ਬੰਦੂਕ ਤਾਂ ਦਰਿਆ ਗੰਗਾ ਵਿਚ ਸੁੱਟ ਦਿੱਤੀ ਤੇ ਆਪ ਸ਼ਹਿਰ ਵਿਚ ਵੜ ਗਏ। ਕਾਂਸ਼ੀ ਦੀਆਂ ਗਲੀਆਂ ਵਿਚ ਕੌਣ ਕਿਸੇ ਨੂੰ ਲੱਭੇ? ਪੂਰਾ ਮਹੀਨਾ ਕਾਂਸ਼ੀ ਰਹੇ। ਸਾਧੂਆਂ ਵਰਗਾ ਭੇਸ ਬਦਲ ਲਿਆ ਕਾਂਸ਼ੀ ਵਿਚ ਅਸੀਂ ਵਹੁਟੀ -ਭਰਤਾ ਬਣ ਕੇ ਰਹੇ। ਮੈਂ ਪਹਿਲੇ ਤਾਂ ਦਿਖਾਵੇ ਦਾ ਪਿਆਰ ਜਤਲਾ ਕੇ ਆਪਣੀ ਜਾਨ ਬਚਾਣ ਖ਼ਾਤਰ ਉਸਨੂੰ ਧੋਖਾ ਦੇਣਾ ਚਾਹਿਆ ਸੀ, ਪਰ ਹੁਣ ਸੱਚਾ ਪਿਆਰ ਕਰਦੀ ਹਾਂ। ਉਸ ਨੇ ਮੇਰੀ ਖ਼ਾਤਰ ਆਪਣੀ ਜਾਨ ਤਕ ਦੀ ਪ੍ਰਵਾਹ ਨਾ ਕੀਤੀ, ਇਸ ਲਈ ਉਸ ਨੂੰ ਮੈਂ ਆਪਣਾ ਮਾਲਕ ਬਣਾ ਲਿਆ ਹੈ। ਉਹ ਮੇਰੇ ਜੀਵਨ ਦਾ ਸਾਥੀ ਰਹੇਗਾ, ਅਸੀਂ ਦੋਵੇਂ ਆਪ ਦੀ ਸੇਵਾ ਕਰਾਂਗੇ।"

ਇਹ ਸੁਣ ਕੇ ਮਹਾਰਾਣੀ ਮੁਸਕ੍ਰਾਈ ਤੇ ਉਸਨੇ ਸ਼ੁਭ ਅਸੀਸ ਦਿੱਤੀ।

ਸ਼ਾਮੋ ਬੋਲੀ ਗਈ, "ਫਿਰ ਫ਼ੈਸਲਾ ਕੀਤਾ ਕਿ ਕਿਸੇ ਹੋਰ ਸ਼ਹਿਰ ਚੱਲੀਏ, ਜਿਥੇ ਕੋਈ ਨੌਕਰੀ ਮਿਲੇ ਜਾਂ ਕੋਈ ਕੰਮ ਕਰ ਲਈਏ। ਬੜੀ ਸੋਚ ਵਿਚਾਰ ਪਿਛੋਂ ਫ਼ੈਸਲਾ ਹੋਇਆ ਕਿ ਪੰਜਾਬ ਨੂੰ ਹੀ ਚਲੇ ਚਲੀਏ। ਫੜੇ ਜਾਣ ਦਾ ਡਰ ਵੀ ਬੜਾ ਸੀ, ਇਸ ਲਈ ਮੈਦਾਨੀ ਇਲਾਕੇ ਵਿਚ ਦੀ ਜਾਣ ਦੀ ਥਾਂ ਪਹਾੜੀ ਰਸਤੇ ਜਾਣ ਦਾ ਫ਼ੈਸਲਾ ਕੀਤਾ। ਬਰਸਾਤ ਉਤਰ ਆਈ, ਫਿਰ ਵੀ ਪਿੰਡੋ-ਪਿੰਡ ਤੇ ਸ਼ਹਿਰੋ-ਸ਼ਹਿਰ ਹੁੰਦੇ ਹੋਏ ਅਸੀਂ ਫ਼ਤਰਗੜ੍ਹ ਪੁਜ ਗਏ।

"ਕਿਹੜੇ ਮਹੀਨੇ ਵਿੱਚ?" ਮਹਾਰਾਣੀ ਨੇ ਪੁਛਿਆ।

"ਪੋਹ ਤੇ ਦਿਨ ਹੋਣਗੇ", ਸ਼ਾਮੋ ਨੇ ਉੱਤਰ ਦਿੱਤਾ।

"ਮੈਂ ਤੇ ਗੋਮਤੀ ਵੀ ਉਥੇ ਪੁਜੀਆਂ ਸਾਂ, ਪਰ ਓਦੋਂ ਮਹੀਨਾ ਸ਼ਾਇਦ ਅਸੂਦਾ ਸੀ।"

"ਗੋਮਤੀ ਕਿਥੇ ਹੈ?" ਸ਼ਾਮੋਂ ਨੇ ਪੁਛਿਆ।

ਕਿਤੇ ਬਜ਼ਾਰ ਗਈ ਹੋਣੀ ਹੈ, ਉਸ ਨੇ ਵੀ ਜਾਨ ਹੂਲ ਕੇ ਮੇਰੀ ਮਦਦ ਕੀਤੀ ਹੈ।

" ਆਪਣੇ ਮਾਲਕ ਦੀ ਸੇਵਾ ਕਰਨ ਵਿਚ ਹੀਸਾਡਾ ਜੀਵਨ ਸਫਲਾ ਹੈ।" ਸ਼ਾਮੋ ਬੋਲੀ। "ਜਦੋਂ ਫ਼ਤਹਗੜ੍ਹ ਪੁਜੇ ਤਾਂ ਕੁਦਰਤੀ ਉਥੇ ਇਕ ਮੇਲਾ ਸੀ। ਉਸ ਮੇਲੇ ਵਿਚ ਮੇਰੀ ਗੱਲ ਬਾਤ ਇਕ ਸ਼ਾਹੂਕਾਰ ਦੀ ਇਸਤ੍ਰੀ ਨਾਲ ਹੋ ਗਈ। ਉਸਨੂੰ ਮੈਂ ਦੱਸਿਆ ਕਿ ਅਸੀਂ ਦੋਵੇਂ ਪਰਦੇਸੀ ਤੇ ਗ਼ਰੀਬ ਹਾਂ ਕੋਈ ਨੌਕਰੀ ਲਭਦੇ ਹਾਂ, ਪਰ ਮਿਲਦੀ ਨਹੀਂ। ਪੇਟ ਪਾਲਣ ਖ਼ਾਤਰ ਅਸਾਂ ਸਾਧੂਦਾ ਵੇਸ ਧਾਰਨ ਕੀਤਾ ਹੋਇਆ ਹੈ। ਉਹ ਬੜੀ ਦਇਆਵਾਨ ਸੀ। ਉਸ ਨੇ ਆਖਿਆ, "ਤੁਸੀਂ ਮੇਰੇ ਨਾਲ ਚਲੋ ਤੇ ਸਾਡੇ ਘਰ ਨੌਕਰੀ ਕਰ ਲੈਣੀ। ਅਸੀਂ ਉਹਦੇ ਨਾਲ ਚਲੇ ਗਏ। ਮੈਂ ਉਹਦੇ ਘਰ ਦਾ ਕੰਮ ਕਰਨ ਲੱਗ ਪਈ ਤੇ ਉਨ੍ਹਾਂ ਨੂੰ (ਸੱਜਨ ਸਿੰਘ ਨੂੰ) ਸੇਠ ਨੇ  ਬਾਹਰ ਦੇ ਕੰਮਾਂ ਵਾਸਤੇ ਰੱਖ ਲਿਆ। ਰੋਟੀ ਕੱਪੜਾ ਤੇ ਦਸ ਰੁਪਏ ਮਹੀਨਾ ਸਾਨੂੰ ਦੋਹਾਂ ਨੂੰ ਦੇਣੇ ਕੀਤੇ। ਨਾਂ ਆਪਣੇ ਅਸਾਂ ਬਦਲ ਲਏ ਹੋਏ ਸਨ ਤੇ ਰਤਾ ਜਿੰਨਾ ਭੇਤ ਨਹੀਂ ਸਾਂ ਦੇਂਦੇ ਕਿ ਅਸੀਂ ਕੌਣ ਹਾਂ। ਜੋ ਪੁਛਦਾ, ਆਖਦੇ, ਗ਼ਰੀਬ ਹਾਂ, ਪੇਟ ਪਾਲਣ ਖ਼ਾਤਰ ਘਰੋਂ ਨਿਕਲੇ ਹਾਂ ਤੇ ਘਰ ਦੂਰ ਪੰਜਾਬ ਵਿਚ ਹੈ। ਉਥੇ ਰਹਿੰਦਿਆਂ ਨੂੰ ਕਈ ਮਹੀਨੇ ਲੰਘ ਗਏ ਤਾਂ ਪਤਾ ਲੱਗਾ ਕਿ ਮਹਾਰਾਜਾ ਦਲੀਪ ਸਿੰਘ ਨੂੰ ਫਰੰਗੀ ਫ਼ਤਹਗੜ੍ਹ ਲੈ ਆਏ ਹਨ।"

"ਮੇਰੇ ਦਲੀਪ ਨੂੰ ਫ਼ਤਹਗੜ੍ਹ ਲੈ ਆਏ ਹਨ?" ਮਹਾਰਾਜਾ ਦਲੀਪ ਸਿੰਘ ਦਾ ਨਾਂ ਸੁਣ ਕੇ ਮਹਾਰਾਣੀ ਉਛਲ ਪਈ। ਉਸ ਨੇ ਬੜੀ ਕਾਹਲੀ ਤੇ ਬੇਹਬਲਤਾ ਨਾਲ ਪੁਛਿਆ, "ਉਹ ਹੁਣ ਫ਼ਤਹਗੜ੍ਹ ਰਹਿੰਦਾ ਹੈ?"

"ਹਾਂ ਜੀ।"

"ਤੂੰ ਦੇਖਿਆ ਹੈ?"

"ਹਾਂ ਜੀ।"

"ਉਹ ਤਕੜਾ ਹੈ, ਜੁਆਨ ਹੋਵੇਗਾ ਸੁਖ ਨਾਲ।"

"ਆਹੋ ਜੀ !"

"ਓ ਸ਼ਾਮੋ !"

"ਹੌਂਸਲਾ ਕਰੋ ਸਰਕਾਰ, ਮੈਂ ਸਭ ਕੁਝ ਦੱਸਦੀ ਹਾਂ। ਤੁਸੀਂ ਤਾਂ ਪੁੱਤਰ ਦੇ  ਹੇਰਵੇ ਵਿਚ ਖ਼ਤਮ ਹੀ ਹੋ ਗਏ,  ਨਾ ਅੱਖਾਂ ਵਿਚ ਜੋਤਨਾ ਰਹੀ ਹੈ, ਨਾ ਸਰੀਰ ਵਿਚ ਲਹੂਹੱਡੀਆਂ ਦੀ ਮੁਠ ਹੋ ਗਏ ਓ।"

"ਹਾਂ ਸ਼ਾਮੋ, ਮੈਂ ਜੁਆਨੀ ਵਿਚ ਹੀ ਬੁਢੜੀ ਹੋ ਗਈ ਹਾਂ। ਤੇਰੇ ਮਿਲਣ ਨੇ ਮੈਨੂੰ ਕੁਝ ਹੌਂਸਲਾ ਦਿੱਤਾ ਹੈ। ਕੁਝ ਜਾਨ ਪਈ ਹੈ, ਦਲੀਪ ਦਾ ਨਾਂ ਸੁਣ ਕੇ ਤੇ ਅਗੋਂ ਦਸ ਦਸ।"

"ਮੈਨੂੰ ਇਹ ਪਤਾ ਲਗਾ ਕਿ ਜਿਸ ਸੇਠ ਦੇ ਘਰ ਅਸੀਂ ਰਹਿੰਦੇ ਸਾਂ, ਉਨ੍ਹਾਂ ਦੇ ਲਾਗੇ ਗ਼ਰੀਬ ਬ੍ਰਾਹਮਣਾਂ ਦਾ ਇਕ ਘਰ ਸੀ। ਉਨ੍ਹਾਂ ਬ੍ਰਾਹਮਣਾਂ ਦੀ ਲੜਕੀ ਤੇ ਨੂੰਹ ਮੇਰੀਆਂ ਸਹੇਲੀਆਂ ਬਣ ਗਈਆਂ। ਇਕ ਦਿਨ ਉਨ੍ਹਾਂ ਦੀ ਨੂੰਹ ਦਾ ਭਰਾ ਆਇਆ। ਮੈਂ ਉਸੇ ਹੀ ਬੈਠੀ ਸਾਂ, ਉਸ ਨੇ ਆਪਣੀ ਭੈਣ ਨੂੰ ਦੱਸਿਆ ਕਿ ਏਥੇ ਪੰਜਾਬ ਦਾ ਮਹਾਰਾਜਾ ਦਲੀਪ ਸਿੰਘ ਕੈਦੀ ਹੋਇਆ ਹੋਇਆ ਆਇਆ ਹੈ। ਉਸ ਦੇ ਕੋਲ ਉਸ ਨੂੰ ਨੌਕਰੀ ਮਿਲ ਗਈ ਹੈ ਤੇ ਉਹ ਰਾਤ ਦਿਨੇ ਮਹਾਰਾਜੇ ਦੇ ਕੋਲ ਰਹਿੰਦਾ ਹੈ ਤੇ ਇਹ ਨੌਕਰੀ ਉਸ ਨੂੰ ਮਿਸ਼ਨ ਸਕੂਲ ਦੇ ਪਾਦਰੀ ਨੇ ਲੈ ਕੇ ਦਿੱਤੀ ਹੈ। ਮੈਂ ਉਸ ਮੁੰਡੇ ਕੋਲੋਂ ਚੰਗੀ ਤਰ੍ਹਾਂ ਪੁਛ ਲਿਆ। ਮੁੜ ਆਖਿਆ ਵੀ ਕਿ ਸਾਨੂੰ ਦਰਸ਼ਨ ਕਰਾ ਦੇਣੇ, ਉਹ 'ਹਾਂ' ਕਰ ਕੇ ਚਲਿਆ ਗਿਆ।"

"ਇਕ ਦਿਨ ਮੈਂ ਤੇ ਉਸ ਮੁੰਡੇ ਦੀ ਭੈਣ ਉਸ ਮੁੰਡੇ ਨੂੰ ਮਿਲਣ ਦੇ ਬਹਾਨੇ ਗਈਆਂ, ਜਿਥੇ ਮਹਾਰਾਜਾ ਰਹਿੰਦਾ ਸੀ। ਫ਼ਤਹਗੜ੍ਹ ਤੋਂ ਬਾਹਰ ਗੰਗਾ ਦੇ ਕੰਢੇ ਪਾਦਰੀ ਲਾਜਿਨ ਦੇ ਬੰਗਲੇ ਵਿਚ ਰਹਿੰਦੇ ਨੇ। ਅਸਾਂ ਬਾਹਰੋਂ ਪੁਛਿਆ, ਮੁੰਡੇ ਭਜਨ ਲਾਲ ਨੂੰ ਮਿਲਣਾ ਹੈ। ਸਿਪਾਹੀਆਂ ਨੇ ਸਾਨੂੰ ਅਗੇ ਤਾਂ ਨਾ ਜਾਣ ਦਿੱਤਾ, ਪਰ ਭਜਨ ਲਾਲ ਨੂੰ ਬੁਲਾ ਦਿੱਤਾ। ਉਹ ਉਸ ਵੇਲੇ ਮਹਾਰਾਜਾ ਜੀ ਨਾਲ ਖੇਡ ਰਿਹਾ ਸੀ। ਉਸ ਦਿਨ ਮੇਲ ਨਾ ਹੋਇਆ, ਅਸੀਂ ਪਿਛੇ ਮੁੜ ਆਈਆਂ ।ਮੈਂ ਬੜਾ ਯਤਨ ਕੀਤਾ ਕਿ ਰਾਣੀ ਦੁਕਨੂੰ ਕੋਲ ਨੌਕਰ ਹੋ ਜਾਵਾਂ, ਪਰ ਮੌਕਾ ਨਹੀਂ ਮਿਲਿਆ।"

"ਰਾਣੀ ਦੁਕਨੂੰ ਨਾਲ ਹੈ?"

"ਹਾਂ ਜੀ, ਉਸ ਦਾ ਲੜਕਾ ਸ਼ਾਹਜ਼ਾਦਾ ਸਹਿਦੇਵ ਸਿੰਘ ਮਹਾਰਾਜਾ ਜੀ ਦੇ ਨਾਲ ਆਇਆ ਹੋਇਆ ਹੈ ਨਾ।"

ਇਹ ਸੁਣ ਕੇ ਮਹਾਰਾਣੀ ਗੁੰਮ ਹੋ ਗਈ। ਉਸ ਨੂੰ ਕਿਸੇ ਗੁੱਝੀ ਚਿੰਤਾ ਤੇ ਤੰਗ ਕੀਤਾ।

"ਸਹਿਜ ਸੁਭਾ ਹੀ ਇਕ ਦਿਨ ਮਹਾਰਾਜਾ ਜੀ ਦੇ ਦਰਸ਼ਨ ਹੋ ਗਏ। ਜਦ ਮੈਂ ਵੱਡੀ ਸੜਕ ਵਲ ਜਾ ਰਹੀ ਸਾਂ ਤਾਂ ਮਹਾਰਾਜਾ ਜੀ ਹਾਥੀ ਉਪਰ ਚੜ੍ਹੇ ਆ ਰਹੇ ਸਨ। ਮੈਂ ਦੇਖਦਿਆਂ ਸਾਰ ਪਛਾਣ ਗਈ, ਕੁਝ ਦੇਰ ਤਾਂ ਬਿਲਕੁਲ ਚੁਪ ਚਾਪ ਤੇ ਸੁੰਨ ਹੀ ਰਹੀ, ਪਰ ਮਗਰੋਂ ਐਸਾ ਜੋਸ਼ ਆਇਆ ਕਿ ਹਾਥੀ ਵਲ ਦੌੜਨਾ ਸ਼ੁਰੂਕਰ ਦਿੱਤਾ ਅਤੇ ਉਸ ਵੇਲੇ ਹੋਸ਼ ਆਈ ਜਦ ਇਕ ਸਿਪਾਹੀ ਨੇ ਧੱਕਾ ਦੇ ਕੇ ਪਿਛਾਂਹ ਧੱਕ ਦਿੱਤਾ। ਦੇਖਿਆਂ ਭੁੱਖ ਲੱਥਦੀ ਹੈ, ਪਰ ਉਸ ਨਾਲ ਗੱਲਾਂ ਕਰਨ ਦਾ ਸਮਾਂ ਨਹੀਂ ਮਿਲਿਆ। ਫ਼ਰੰਗੀ ਕਿਸੇ ਓਪਰੇ ਨੂੰ ਉਸ ਨਾਲ ਗੱਲ ਕਰਨ ਨਹੀਂ ਦੇਂਦੇ।"

"ਉਹ ਭਜਨ ਲਾਲ ਇਕ ਦਿਨ ਆਪਣੀ ਭੈਣ ਨੂੰ ਮਿਲਣ ਵਾਸਤੇ ਆਇਆ, ਮੈਂ ਉਸ ਕੋਲੋਂ ਮਹਾਰਾਜੇ ਜੀ ਬਾਰੇ ਬੜਾ ਕੁਝ ਪੁਛਿਆ । ਇਹ ਵੀ ਪੁਛਿਆ ਕਿ ਮਹਾਰਾਣੀ ਦਾ ਕੁਝ ਪਤਾ ਹੈ? ਉਸ ਨੇ ਦੱਸਿਆ ਕਿ ਮਹਾਰਾਣੀ ਨਿਪਾਲ ਰਹਿੰਦੀ ਹੈ, ਪਾਦਰੀ ਲਾਜਿਨ ਨੇ ਇਕ ਦਿਨ ਉਸ ਕੋਲ ਗੱਲ ਕੀਤੀ ਸੀ।..... ਪਰ ਮਹਾਰਾਣੀ ਜੀ, ਉਹ ਮੁੰਡਾ ਦੱਸਦਾ ਸੀ ਕਿ ਫ਼ਰੰਗੀ ਪਾਦਰੀ ਮਹਾਰਾਜੇ ਨੂੰ ਤੁਸਾਂ ਦੇ ਵਿਰੁੱਧ ਕਰ ਰਿਹਾ ਹੈ। ਕਈ ਤਰ੍ਹਾਂ ਦੀਆਂ ਝੂਠੀਆਂ ਕਹਾਣੀਆਂ ਘੜ ਘੜ ਕੇ ਮਹਾਰਾਜੇ ਨੂੰ ਸੁਣਾ ਰਿਹਾ ਹੈ ਤਾਂਕਿ ਮਹਾਰਾਜਾ ਆਪ ਨੂੰ ਮਿਲਣਾ ਹੀ ਨਾ ਚਾਹੇ, ਸਗੋਂ ਨਫ਼ਰਤ ਕਰੇ।"

"ਇਹ ਜ਼ਰੂਰੀ ਹੈ, ਮੇਰੇ ਬਾਰੇ ਉਹ ਕਈ ਝੂਠੀਆਂ ਕਹਾਣੀਆਂ ਘੜਣਗੇ, ਮੈਨੂੰ ਬਦਨਾਮ ਕਰਨਗੇ। ਉਨ੍ਹਾਂ ਰਾਜ ਜੁਖੋਹਣਾ ਹੋਇਆ। ਹੱਛਾ, ਮੇਰਾ ਪੁੱਤਰ ਫ਼ਤਹਗੜ੍ਹ ਹੈ, ਪੰਜਾਬੋਂ ਬਾਹਰ ਆ ਗਿਆ ਤੇ ਉਸ ਦੇ ਨਾਲ ਰਾਣੀ ਦੁਕਨੂੰ ਹੈ।"

ਸ਼ਾਮੋ ਦੀ ਕਹਾਣੀ ਵਲ ਹੁਣ ਮਹਾਰਾਣੀ ਦੇ ਨਾ ਹੀ ਕੰਨ ਰਹੇ ਨਾ ਉਸਨੇ ਅੱਗੇ ਕੁਝ ਸੁਣਨਾ ਚਾਹਿਆ। ਉਹ ਸੋਚਾਂ ਵਿਚ ਗੁੰਮ ਹੋਣ ਲੱਗੀ ਕਿ ਕਿਵੇਂ ਉਹ ਪੁੱਤਰ ਨੂੰ ਦੇਖੇ। 'ਰਾਣੀ ਦੁਕਨੂੰ' ਦੇ ਨਾਂ ਨੇ ਉਸਨੂੰ ਚਿੰਤਾ ਲਾ ਦਿੱਤੀ। ਉਹ ਮਨ ਹੀ ਮਨ ਸਮਝ ਬੈਠੀ ਕਿ ਹੋ ਸਕਦਾ ਹੈ ਕਿ ਕਿਸੇ ਗੁੱਝੀ ਸਾਜ਼ਿਸ ਵਾਸਤੇ ਰਾਣੀ ਦੁਕਨੂੰ ਨੂੰ ਨਾਲ ਭੇਜਿਆ ਗਿਆ ਹੋਵੇ। ਉਸ ਦਾ ਵੀ ਪੁੱਤਰ ਗੱਦੀ ਦਾ ਵਾਰਸ ਹੋ ਸਕਦਾ ਹੈ।

ਅਜੇ ਸ਼ਾਮੋ ਦੀ ਕਹਾਣੀ ਖ਼ਤਮ ਨਹੀਂ ਸੀ ਹੋਈ ਕਿ ਬਾਹਰੋਂ ਗੋਮਤੀ ਆ ਗਈ। ਬਿਜਲੀ ਵਰਗੀ ਫੁਰਤੀ ਨਾਲ ਉਠ ਕੇ ਸ਼ਾਮੋ ਉਸਦੇ ਗਲ ਚੰਬੜ ਗਈ। ਦੋਵੇਂ ਸਹੇਲੀਆਂ ਬੜੇ ਵੈਰਾਗ ਨਾਲ ਮਿਲੀਆਂ। ਪੰਜ ਸੱਤ ਮਿੰਟ ਦੇ ਮਿਲਣ ਪਿਛੋਂ ਉਸ ਨੇ ਆਪਣੇ ਨਿਪਾਲ ਪੁਜਣ ਦੀ ਸਾਰੀ ਵਾਰਤਾ ਸੁਣਾਈ।

## ਕਾਂਡ-20

ਮਹਾਰਾਣੀ ਜਿੰਦ ਕੌਰ ਦੇ ਲਾਹੌਰੋਂ ਨਿਕਲਣ ਤੇ ਨਿਪਾਲ ਪੁੱਜਣ ਤੱਕ ਸਾਰਾ ਹਾਲ ਪਾਠਕ ਜਾਣ ਗਏ ਹਨ। ਹੁਣ ਲਾਹੌਰ ਦਰਬਾਰ ਦੇ ਹਥੋਂ ਰਾਜ ਜਾਣ ਦਾ ਹਾਲ ਦੱਸਿਆ ਜਾਂਦਾ ਹੈ ਕਿ ਮਹਾਰਾਣੀ ਨੂੰ ਜਲਾਵਤਨ ਕਰ ਕੇ ਅੰਗਰੇਜ਼ਾਂ ਨੇ ਕਿਵੇਂ ਪੰਜਾਬ ਦੇ ਅਜ਼ਾਦ ਰਾਜ ਨੂੰ ਬਰਤਾਨਵੀਂ ਹਿੰਦ ਨਾਲ ਸ਼ਾਮਲ ਕੀਤਾ।

ਦੀਵਾਨ ਮੂਲ ਰਾਜ ਮੁਲਤਾਨ ਦਾ ਗਵਰਨਰ ਸੀ। ਸਤੰਬਰ 1848 ਵਿਚ ਉਸ ਨੇ ਲਾਹੌਰ ਦਰਬਾਰ ਵਿਰੁੱਧ ਬਗ਼ਾਵਤ ਕਰ ਦਿੱਤੀ। ਬਗ਼ਾਵਤ ਦਾ ਕਾਰਨ ਇਹ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਪਿਛੋਂ ਮੂਲ ਰਾਜ ਨੇ ਲਾਹੌਰ ਦਰਬਾਰ ਨੂੰ ਸਲਾਨਾ ਖ਼ਿਰਾਜ ਨਹੀਂ ਸੀ ਦਿੱਤਾ, ਜੋ ਇੱਕ ਕਰੋੜ ਤੋਂ ਉਪਰ ਬਣਦਾ ਸੀ। ਸਰਦਾਰ ਜਵਾਹਰ ਸਿੰਘ ਦੀ ਵਜ਼ੀਰੀ ਵੇਲੇ 18 ਲੱਖ ਮੁਸ਼ਕਲ ਨਾਲ ਵਸੂਲ ਹੋਇਆ ਸੀ, ਉਹ ਵੀ ਨਕਦ ਨਹੀਂ ਸਗੋਂ ਉਸ ਦੇ ਇਲਾਕੇ ਨੂੰ ਕਾਬੂਕਰਕੇ। ਲਾਹੌਰ ਅਤੇ ਭਰੋਵਾਲ ਦੇ ਅਹਿਦਨਾਮੇ ਅਨੁਸਾਰ ਅੰਗਰੇਜ਼ ਰੈਜ਼ੀਡੈਂਟ ਮੁਕੱਰਰ ਹੋਇਆ ਤਾਂ ਉਸਨੇ ਮੂਲ ਰਾਜ ਦੇ ਖ਼ਿਰਾਜ ਵਿਚ ਵਾਧਾ ਕਰ ਦਿੱਤੀ ਅਤੇ ਨਾਲ ਹੀ ਪਿਛਲੀ ਬਾਕੀ ਦੀ ਮੰਗ ਕੀਤੀ। ਮੂਲ ਰਾਜ ਐਨੀ ਰਕਮ ਇਕ ਦਮ ਨਹੀਂ ਸੀ ਦੇ ਸਕਦਾ। ਉਸ ਨੇ ਲਾਹੌਰ ਆ ਕੇ ਗਵਰਨਰੀ ਤੋਂ ਅਸਤੀਫ਼ਾ ਦੇ ਦਿੱਤਾ, ਜਿਸ ਨੂੰ ਅੰਗਰੇਜ਼ ਰੈਜ਼ੀਡੈਂਟ ਨੇ ਮਨਜ਼ੂਰ ਕਰ ਲਿਆ।

ਮੂਲ ਰਾਜ ਦੀ ਥਾਂ ਸਰਦਾਰ ਕਾਹਲ ਸਿੰਘ ਨੂੰ ਮੁਲਤਾਨ ਦਾ ਗਵਰਨਰ ਮੁਕੱਰਰ ਕੀਤਾ ਗਿਆ। ਇਸ ਦੇ ਨਾਲ ਦੇ ਅੰਗਰੇਜ਼ ਵਾਨਜ਼ ਅਗਨੀਉਅਤੇ ਐਂਡਰਸਨ ਥੋੜ੍ਹੀ ਜਿਹੀ ਫ਼ੌਜ ਦੇ ਕੇ ਭੇਜੇ ਤਾਂਕਿ ਮੂਲ ਰਾਜ ਕੋਲੋਂ ਗਵਰਨਰੀ ਦਾ ਚਾਰਜ ਲੈ ਕੇ ਦੇ ਆਉਣ । ਇਹ ਤਿੰਨੇ ਮੁਲਤਾਨ ਪੁਜੇ। ਮੂਲ ਰਾਜ ਨੇ ਇਨ੍ਹਾਂ ਨੂੰ, ਜੀ ਆਇਆਂ ਆਖਿਆ ਤੇ ਬੜਾ ਸਤਿਕਾਰ ਕੀਤਾ। ਹਿਸਾਬ ਕਿਤਾਬ ਕਰਨ ਵਾਸਤੇ ਕਿਲ੍ਹੇ ਵਿਚ ਚਲੇ ਗਏ। ਮਨ ਹੀ ਮਨ ਮੂਲ ਰਾਜ ਕੁੜ੍ਹਦਾ ਸੀ ਕਿ ਉਸ ਨਾਲ ਧੱਕਾ ਹੋਣ ਲੱਗਾ ਹੈ। ਵਿਰਸੇ ਵਿਚ ਮਿਲੀ ਗਵਰਨਰੀ ਉਸ ਕੋਲੋਂ ਮਲੋ ਮੱਲੀ ਖੋਹੀ ਜਾ ਰਹੀ ਹੈ।

19 ਅਪ੍ਰੈਲ ਨੂੰ ਜਦੋਂ ਸਰਦਾਰ ਕਾਹਨ, ਸਿੰਘ, ਵਾਨਜ਼ ਐਗਨੀਊਅਤੇ ਐਂਡਰਸਨ ਦੇ ਨਾਲ ਕਿਲ੍ਹੇ ਵਿਚੋਂ

ਬਾਹਰ ਆ ਰਹੇ ਸਨ ਤਾਂ ਇਕ ਸਿਪਾਹੀ ਨੇ ਇਨ੍ਹਾਂ ਤਿੰਨੇ ਮਾਰ ਦਿੱਤੇ ਗਏ। ਜਿਹੜਾ ਫ਼ੌਜੀ ਦਸਤਾ ਲਾਹੌਰੋਂ ਸਰਦਾਰ ਕਾਹਨ ਸਿੰਘ ਦੀ ਰਾਖੀ ਵਾਸਤੇ ਗਿਆ ਸੀ ਉਹ ਵੀ ਬਾਗ਼ੀਆਂ ਨਾਲ ਰਲ ਗਿਆ। ਇਹ ਬਗ਼ਾਵਤ ਐਨਾ ਜ਼ੋਰ ਫੜ ਗਈ ਕਿ ਨਾਮ ਕੱਟੇ ਅਤੇ ਫ਼ੌਜ ਵਿਚੋਂ ਕੱਢੇ ਹੋਏ ਸਭ ਸਿਪਾਹੀ ਬਾਗ਼ੀਆਂ ਨਾਲ ਰਲਣੇ ਸ਼ੁਰੂਹੋ ਗਏ। ਬਗ਼ਾਵਤ ਨੂੰ ਖ਼ਤਮ ਕਰਨ ਵਾਸਤੇ ਲਾਹੌਰ ਦਰਬਾਰ ਨੇ ਲਾਰਡ ਗ਼ਫ਼ ਅਤੇ ਸਰਦਾਰ ਸ਼ੇਰ ਸਿੰਘ ਅਟਾਰੀ ਵਾਲੇ ਨੂੰ ਭਾਰੀ ਫ਼ੌਜ ਦੇ ਕੇ ਲਾਹੌਰੋਂ ਭੇਜਿਆ। 1 ਸਤੰਬਰ 1848 ਨੂੰ ਮੂਲ ਰਾਜ ਤੇ ਲਾਹੌਰ ਦਰਬਾਰ ਦੀ ਫ਼ੌਜ ਵਿਚ ਪਹਿਲੀ ਟੱਕਰ ਹੋਈ, ਜਿਸ ਵਿਚ ਮੂਲ ਰਾਜ ਨੇ ਅੰਗਰੇਜ਼ਾਂ ਦੇ ਬੁਰੇ ਆਹੂਲਾਹੇ।

ਦੂਸਰੇ ਪਾਸੇ ਸਰਦਾਰ ਚਤਰ ਸਿੰਘ ਅਟਾਰੀ ਵਾਲੇ ਨੇ ਹਜ਼ਾਰੇ ਵਿਚ ਅੰਗਰੇਜ਼ ਅਤੇ ਉਸ ਵੇਲੇ ਦੇ ਲਾਹੌਰ ਦਰਬਾਰ ਦੇ ਵਿਰੁਧ ਬਗ਼ਾਵਤ ਕਰ ਦਿੱਤੀ। ਉਸ ਦੀ ਬਗ਼ਾਵਤ ਦੇ ਵੱਡੇ ਦੋ ਕਾਰਨ ਇਹ ਸਨ:-

(ੳ) ਸਰਦਾਰ ਚਤਰ ਸਿੰਘ ਅਟਾਰੀ ਉਸ ਵੇਲੇ ਹਜ਼ਾਰੇ ਦਾ ਨਾਜ਼ਿਮ ਸੀ ਉਥੋਂ ਦੇ ਪੁਲੀਟੀਕਲ ਅੰਗਰੇਜ਼ ਏਜੰਟ ਕੈਪਟਨ ਐਬਟ ਨਾਲ ਇਸ ਦੀ ਨਹੀਂ ਸੀ ਬਣਦੀ। ਉਹ ਤਅੱਸਰੀ ਅੰਗਰੇਜ਼ ਸਰਦਾਰ ਦਾ ਨਿਰਾਦਰ ਕਰਨਾ ਚਾਹੁੰਦਾ ਸੀ। ਉਸ ਨੇ ਕਈ ਭਾਰੀ ਦੂਸ਼ਨ ਸਰਦਾਰ  ਦਾ ਨਿਰਾਦਰ ਕਰਨਾ ਚਾਹੁੰਦਾ ਸੀ। ਉਸ ਨੇ ਕਈ ਭਾਰੀ ਦੂਸ਼ਨ ਸਰਦਾਰ ਦੇ ਵਿਰੁਧ ਲਾਏ। ਲਾਹੌਰ ਦਰਬਾਰ ਨੂੰ ਇਥੋਂ ਤੱਕ ਲਿਖ ਦਿੱਤਾ ਕਿ ਉਹ ਗੁਲਾਬ ਸਿੰਘ ਜੰਮੂਨੂੰ ਅੰਗਰੇਜ਼ਾਂ ਵਿਰੁਧ ਚੁਕ ਰਿਹਾ ਹੈ। ਉਸ ਵੇਲੇ ਰੈਜ਼ੀਡੈਂਟ ਮਿਸਟਰ ਕਰੀ ਸੀ ਉਸ ਨੇ ਵੀ ਐਬਿਟ ਨੂੰ ਝਾੜ ਪਾਈ, ਪਰ ਉਹ ਨਾ ਟਲਿਆ ਤੇ ਬੁਢੇ ਸਰਦਾਰ ਦਾ ਨਿਰਾਦਰ ਕਰਦਾ ਹੀ ਰਿਹਾ।

(ਅ) ਸਰਦਾਰ ਚਤਰ ਸਿੰਘ ਦੀ ਲੜਕੀ ਬੀਬੀ ਤੇਜ ਕੌਰ ਮਹਾਰਾਜਾ ਦਲੀਪ ਸਿੰਘ ਨਾਲ ਮੰਗੀ ਹੋਈ ਸੀ। ਉਸਨੇ ਅੰਗਰੇਜ਼ ਰੈਜ਼ੀਡੈਂਟ ਨੂੰ ਲਿਖਿਆ ਕਿ ਲੜਕੀ ਦੀ ਸ਼ਾਦੀ ਕਰਨ ਦਾ ਖੁਲ੍ਹ ਦਿੱਤੀ ਜਾਵੇ। ਰੈਜ਼ੀਡੈਂਟ ਨੈ ਲਾਰਡ ਡਲਹੌਜ਼ੀ ਨੂੰ ਲਿਖਿਆ । ਉਸ ਵੇਲੇ ਅੰਗਰੇਜ਼ ਨਹੀਂ ਸਨ ਚਾਹੁੰਦੇ ਕਿ ਪੰਜਾਬ ਦੇ ਕਿਸੇ ਘਰਾਣੇ ਨਾਲ ਮਹਾਰਾਜਾ ਦਲੀਪ ਸਿੰਘ ਦਾ ਸੰਬੰਧ ਜੁੜੇ। ਸਭ ਨੇ ਮਿਲ ਕੇ ਦੁਸ਼ਟ ਗੁਲਾਬ ਸਿੰਘ ਜੰਮੂਦੀ ਰਾਹੀਂ ਉੱਤਰ ਦਿੱਤਾ, "ਇਹ ਸ਼ਾਦੀ ਨਹੀ ਹੋ ਸਕਦੀ ਕਿਉਂਕਿ ਇਸ ਦੇ ਹੋਣ ਨਾਲ ਅੰਗਰੇਜ਼ਾਂ ਤੇ ਮਹਾਰਾਜਾ ਦਲੀਪ ਸਿੰਘ ਦੀ ਸੰਧੀ ਕਾਇਮ ਨਹੀਂ ਰਹਿ ਸਕਦੀ। ਇਹ ਸ਼ੱਕ ਵਾਲੀ ਗੱਲ ਹੈ।" ਇਹ ਉੱਤਰ ਸੁਣਕੇ ਬੁੱਢਾ ਸਰਦਾਰ ਸਿਰ ਤੋਂ ਪੈਰਾਂ ਤੱਕ ਥਰਥਰਾ ਉਠਿਆ। ਸਿੱਖੀ ਜੋਸ਼ ਨਾਲ ਉਸ ਦਾ ਲਹੂਖੌਲਿਆ। ਬੇ-ਅਣਖੇ ਤੇ ਗ਼ੁਲਾਮੀ ਦੇ ਜੀਵਨ ਜੀਣ ਨਾਲੋਂ ਉਸਨੇ ਮੈਦਾਨੇ ਜੰਗ ਵਿਚ ਮਰਨਾ ਚੰਗੇਰਾ ਸਮਝਿਆ। ਉਸੇ ਵੇਲੇ ਹੀ ਉਸ ਨੇ ਮਿਆਨ ਵਿਚੋਂ ਤਲਵਾਰ ਖਿੱਚੀ ਤੇ ਅੰਗਰੇਜ਼ ਦੀ ਧੱਕੇਸ਼ਾਹੀ ਵਿਰੁਧ ਬਗ਼ਾਵਤ ਦਾ ਝੰਡਾ ਖੜਾ ਕੀਤਾ। ਰੈਜ਼ੀਡੈਂਟ ਨੇ ਉਸਨੂੰ ਨਾਜ਼ਮੀ ਦੇ ਅਹੁਦੇ ਤੋਂ ਹਟਾ ਦਿੱਤਾ ਤੇ ਜਗੀਰ ਜ਼ਬਤੀ ਦਾ ਹੁਕਮ ਜਾਰੀ ਕਰ ਦਿੱਤਾ।

ਰਾਜਾ ਸ਼ੇਰ ਸਿੰਘ ਅਟਾਰੀ ਵਾਲਾ ਸਰਦਾਰ ਚਤਰ ਸਿੰਘ ਦਾ ਪੁੱਤਰ ਸੀ। 1 ਸਤੰਬਰ ਤੋਂ 12 ਸਤੰਬਰ ਤਕ ਦਾ ਇਹ ਮੂਲ ਰਾਜ ਦੇ ਵਿਰੁਧ ਲੜ ਕੇ ਅੰਗਰੇਜ਼ੀ ਫ਼ੌਜ ਅਤੇ ਅੰਗਰੇਜ਼ ਅਫ਼ਸਰਾਂ ਨੂੰ ਬਚਾਉਂਦਾ ਰਿਹਾ। ਪਰ 13 ਸਤੰਬਰ ਨੂੰ ਜਦੋਂ ਸਰਦਾਰ ਚਤਰ ਸਿੰਘ ਦੀ ਉਸਨੂੰ ਇਹ ਚਿੱਠੀ ਮਿਲੀ, "ਪੁੱਤਰ ! ਅੰਗਰੇਜ਼ ਰੈਜ਼ੀਡੈਂਟ ਨੇ ਮੇਰਾ ਨਿਰਾਦਰ ਕਰ

ਕੇ ਮੇਰੀ ਜਗੀਰ ਜ਼ਬਤ ਕਰ ਲਈ ਹੈ ਅਤੇ ਨਾਜ਼ਮੀ ਦੇ ਅਹੁਦੇ ਤੋਂ ਵੱਖ ਕਰ ਦਿੱਤਾ ਹੈ। ਮੈਂ ਅੰਗਰੇਜ਼ ਕੋਲੋਂ ਬਦਲਾ ਲੈਣ ਵਾਸਤੇ ਮੈਦਾਨੇ ਜੰਗ ਵਿਚ ਆ ਕੁਦਿਆ ਹਾਂ। ਜੇ ਤੂੰ ਮੇਰਾ ਪੁੱਤਰ ਹੈਂ, ਤੇਰੇ ਦਿਲ ਵਿਚ ਸਿੱਖੀ ਤੇ ਸਰਦਾਰੀ ਦੀ ਅਣਖ ਹੈ ਜੇ ਤੈਨੂੰ ਸਰਦਾਰ ਸ਼ਾਮ ਸਿੰਘ ਜੀ ਅਟਾਰੀ ਵਾਲੇ ਦੀ ਸ਼ਹੀਦੀ ਚੇਤੇ ਹੈ ਤਾਂ ਅੰਗਰੇਜ਼ ਅਤੇ ਲਾਹੌਰ ਦਰਬਾਰ ਦੇ ਵਰਤਮਾਨ ਪਰਬੰਧ ਵਿਰੁਧ ਤਲਵਾਰ ਖਿੱਚ ਲੈ। ਮੂਲ ਰਾਜ ਦੀ ਮਦਦ ਕਰ। ..... ਗ਼ੁਲਾਬ ਹੋਏ ਪੰਜਾਬ ਨੂੰ ਇਕ ਵਾਰ ਮੁੜ ਅਜ਼ਾਦ ਕਰਕੇ ਖ਼ਾਲਸਈ ਸ਼ਾਨ ਉੱਚੀ ਕਰੀਏ। ਗ਼ੁਲਾਮੀ ਤੇ ਨਿਰਾਦਰੀ ਦੇ ਜੀਵਨ ਨਾਲੋਂ ਮੌਤ ਚੰਗੀ ਹੈ।" ਇਸ ਚਿੱਠੀ ਨੂੰ ਪੜ੍ਹ ਕੇ ਉਸ ਵੇਲੇ ਆਪਣੀ ਫ਼ੌਜ ਦਾ ਮੂੰਹ ਦੂਸਰੇ ਪਾਸੇ ਕਰ ਦਿੱਤਾ। ਸਿਪਾਹੀ ਜਿਥੇ ਅੰਗਰੇਜ਼ਾਂ ਨੂੰ ਬਚਾਉਂਦੇ ਸਨ, ਉਥੇ ਉਨ੍ਹਾਂ ਦੇ ਡੱਕਰੇ ਕਰਨ ਲੱਗ ਪਏ। ਪਰ ਉਸ ਵੇਲੇ ਮੂਲ ਰਾਜ ਦੀ ਬੁਧ ਤੇ ਪੜਦਾ ਪੈ ਗਿਆ। ਉਸ ਨੇ ਸ਼ੇਰ ਸਿੰਘ ਤੇ ਭਰੋਸਾ ਨਾ ਕੀਤਾ। ਨਿਰਾਸ ਹੋ ਕੇ ਰਾਜਾ ਸ਼ੇਰ ਸਿੰਘ ਨੂੰ ਆਪਣੇ ਬਾਪ ਦੀ ਮਦਦ ਕਰਨ ਲਈ ਹਜ਼ਾਰੇ ਨੂੰ ਮੁੜਨਾ ਪਿਆ।

ਮੂਲ ਰਾਜ ਇੱਕਲਾ ਰਹਿ ਗਿਆ। ਇਕੱਲਾ ਉਹ ਅੰਗਰੇਜ਼ ਨਾਲ ਟੱਕਰ ਨਹੀਂ ਸੀ ਲੈ ਸਕਦਾ । ਉਸ ਕੋਲ ਤੇਰਾਂ ਹਜ਼ਾਰ ਦੇ ਕਰੀਬ ਫ਼ੌਜ ਸੀ ਫਿਰ ਵੀ ਬਾਈ ਹਜ਼ਾਰ ਸਿਪਾਹੀਆਂ ਦੀ ਗਿਣਤੀ ਦੇ ਹੁੰਦਿਆਂ ਵੀ ਅੰਗਰੇਜ਼ਾਂ ਨੂੰ ਉਸ ਦੇ ਕਿਲ੍ਹੇ ਉਤੇ ਹਮਲਾ ਕਰਨ ਦਾ ਹੌਸਲਾ ਨਾ ਪਿਆ। ਦੋ ਮਹੀਨੇ ਘੇਰਾ ਰਿਹਾ 29 ਦਸੰਬਰ 1848 ਨੂੰ ਦੀਵਾਨ ਦੀ ਫ਼ੌਜ ਨੇ ਕਿਲ੍ਹੇ ਤੋਂ ਬਾਹਰ ਆ ਕੇ ਬਹੁਤ ਭਿਆਨਕ ਜੰਗ ਕੀਤੀ। ਉਸ ਵਿਚ ਅੰਗਰੇਜ਼ਾਂ ਦੇ ਦੰਦ ਖੱਟੇ ਹੋ ਗਏ। ਪਰ ਕੁਟਲ-ਨੀਤੀ ਅੰਗਰੇਜ਼ ਨੇ ਮੂਲ ਰਾਜ ਦਾ ਇਕ ਸਿਪਾਹੀ ਆਪਣੇ ਹੱਥਾਂ ਤੇ ਚਾੜ੍ਹ ਲਿਆ। ਉਸ ਗੱਦਾਰ ਨੇ ਅੰਗਰੇਜ਼ਾਂ ਤੋਪਚੀ ਨੂੰ ਉਹ ਥਾਂ ਦੱਸ ਦਿੱਤੀ ਜਿਥੇ ਮੂਲ ਰਾਜ ਦਾ ਬਰੂਦ-ਸਿੱਕਾ ਜਮ੍ਹਾਂ ਸੀ। ਤੋਪਚੀ ਨੇ ਐਸਾ ਟਿਕਾ ਕੇ ਗੋਲਾ ਮਾਰਿਆ ਕਿ ਸਾਰਾ ਬਰੂਦ ਇੱਕੋ ਵਾਰ ਭੜਕ ਉਠਿਆ। ਉਸ ਦੇ ਭੜਕਣ ਨਾਲ ਮੂਲ ਰਾਜ ਦੀ ਕਿਸਮਤ ਖ਼ਤਮ ਹੋ ਗਈ ਅੰਤ 22 ਜਨਵਰੀ 1849 ਨੂੰ ਮੁਲਤਾਨ ਦੇ ਕਿਲ੍ਹੇ ਉਤੇ ਅੰਗਰੇਜ ਦਾ ਕਰਜ਼ਾ ਹੋ ਗਿਆ ਤੇ ਮੂਲ ਰਾਜ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲੈ ਆਂਦਾ। ਕੋਰਟ ਮਾਰਸ਼ਲ ਹੋਇਆ, ਉਸ ਵਿਚ ਉਸ ਨੂੰ ਮੌਤ ਦੀ ਸਜ਼ਾ ਹੋਈ, ਪਰ ਪਿਛੋਂ ਮਾਰਨ ਦੀ ਥਾਂ ਕਾਲੇ ਪਾਣੀ ਨੂੰ ਤੋਰ ਦਿੱਤਾ। ਕਾਲੇ ਪਾਣੀ ਪੁੱਜਣ ਤੋਂ ਪਹਿਲਾਂ ਹੀ ਰਾਹ ਵਿਚ ਉਹ ਮਰ ਗਿਆ। ਇਸ ਤਰ੍ਹਾਂ ਅੰਗਰੇਜ਼ ਦੀ ਜੇਲ੍ਹ ਦੇ ਦੁੱਖ ਉਸ ਨੂੰ ਨਾ ਸਹਾਰਨੇ ਪਏ।

ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀਏ ਦਾ ਸੇਵਕ ਭਾਈ ਮਹਾਰਾਜ ਸਿੰਘ ਸੀ। ਇਹ ਬੜਾ ਤਪੀ, ਹਠੀ ਅਤੇ ਨਾਮ-ਬਾਣੀ ਵਾਲਾ ਸੰਤ-ਸਿਪਾਹੀ ਸੀ। ਧਰਮ ਅਤੇ ਦੇਸ਼ ਪਿਆਰ ਨੇ ਇਸ ਨੂੰ ਵੀ ਅੰਗਰੇਜ਼ਾਂ ਦੇ ਵਿਰੁਧ ਬਗ਼ਾਵਤ ਕਰਨ ਵਾਸਤੇ ਪ੍ਰੇਰਿਆ । ਪੰਜ ਹਜ਼ਾਰ ਫ਼ੌਜ ਨਾਲ ਇਸਨੇ ਹੁਸ਼ਿਆਰਪੁਰ ਵਿਚ ਸਗ਼ਾਵਤ ਕਰ ਦਿੱਤੀ । ਇਸ ਬਗ਼ਾਵਤ ਨੂੰ ਦਬਾਉਣ ਵਾਸਤੇ ਦੀਵਾਨ ਸਾਹਿਬ ਦਿਆਲ ਲਾਹੌਰ ਦਰਬਾਰ ਵਲੋਂ ਸਿਖ ਫ਼ੌਜ ਲੇ ਕੇ ਗਿਆ। ਉਸ ਨੇ ਸਹੁੰਆਂ ਚੁਕ ਕੇ ਧੋਖੇ ਨਾਲ ਭਾਈ ਮਹਾਰਾਜ ਸਿੰਘ ਜੀ ਨੂੰ ਕੈਦ ਕਰ ਲਿਆ ਅਤੇ ਲਾਹੌਰ ਲੈ ਆਂਦਾ। ਲਾਹੌਰ ਦੀ ਨਜ਼ਰਬੰਦੀ ਵਿਚੋਂ ਕਿਸੇ ਨਾ ਕਿਸੇ ਤਰ੍ਹਾਂ ਭਾਈ ਸਾਹਿਬ ਹੁਰੀਂ ਨੱਸ ਗਏ ਤੇ ਰਾਜਾ ਸ਼ੇਰ ਸਿੰਘ ਦੀ ਫ਼ੌਜ ਵਿਚ ਜਾ ਰਲੇ।

ਸਾਰੇ ਪੰਜਾਬ ਵਿਚ ਰਣ ਮਾਰੂਵੱਜ ਗਿਆ। ਇਕ ਪਾਸੇ ਰਾਜਾ ਸ਼ੇਰ ਸਿੰਘ, ਸਰਦਾਰ ਚਤਰ ਸਿੰਘ, ਸਰਦਾਰ ਅਜੀਤ ਸਿੰਘ ਲਾਡਵਾ, ਸਰਦਾਰ ਸੂਰਤ ਸਿੰਘ ਮਜੀਠੀਆ ਅਤੇ ਜਰਨਲ ਹਰਸਾ ਸਿੰਘ ਸੁਲਤਾਨਵਿੰਡ ਜਿਹੇ ਅਣਖੀ ਸੂਰਮੇ ਸਨ ਅਤੇ ਦੂਸਰੇ ਪਾਸੇ ਅੰਗਰੇਜ਼, ਉਸ ਦੀ ਹਿੰਦੁਸਤਾਨੀ ਫ਼ੌਜ ਦੇ ਪੂਰਬੀਏ ਅਤੇ ਲਾਹੌਰ ਦਰਬਾਰ ਦੇ ਸਿਖ ਸਰਦਾਰ ਤੇ ਹਿੰਦੂਦੀਵਾਨ ਸਨ। ਜਿਨ੍ਹਾਂ ਵਿਚੋਂ ਰਾਜਾ ਤੇਜਾ ਸਿੰਘ, ਦੀਵਾਨ ਦੀਨਾ ਨਾਥ, ਸਰਦਾਰ ਮੰਗਲ ਸਿੰਘ ਰਾਮਗੜ੍ਹੀਆ ਖ਼ਾਸ ਬਿਆਨ ਕਰਨ ਯੋਗ ਹਨ। ਪਰਦੇਸੀ ਦੇ ਯਾਰ ਬਣ ਕੇ ਇਹ ਆਪਣੇ ਪੈਰੀਂ ਆਪ ਕੁਹਾੜਾ ਮਾਰਨ ਲੱਗੇ।

ਦੋਹਾਂ ਦਲਾਂ ਦਾ ਮੁਕਾਬਲਾ ਪਹਿਲਾਂ ਰਾਮ ਨਗਰ ਵਿਚ ਹੋਇਆ। ਏਥੇ ਕੰਵਰ ਪਸ਼ੌਰਾ ਸਿੰਘ ਦਾ ਕਾਤਲ ਫ਼ਤਹ ਖਾਂ ਟਿਵਾਣਾ ਕਤਲ ਕਰ ਦਿੱਤਾ ਗਿਆ। ਇਸ ਥਾਂ ਫ਼ਤਹ ਰਾਜਾ ਸ਼ੇਰ ਸਿੰਘ ਨੂੰ ਹਾਸਲ ਹੋਈ।

ਦੂਸਰੀ ਭਾਰੀ ਲੜਾਈ ਚੇਲਿਆਂ ਵਾਲੇ ਦੇ ਮੁਕਾਮ ਤੇ ਹੋਈ। ਇਸ ਲੜਾਈ ਵਿਚ ਦੋਹਾਂ ਦਲਾਂ ਦਾ ਭਾਰੀ ਇਕੱਠ ਸੀ। ਰਾਜਾ ਸ਼ੇਰ ਸਿੰਘ ਤੇ ਉਸ ਦੇ ਹਮਦਰਦੀਆਂ ਨੇ ਅੰਨ੍ਹੀ ਤਲਵਾਰ ਵਾਹੀ। ਤੋਪਾਂ ਤੇ ਬੰਦੂਕਾਂ ਨਾਲ ਗੋਰਿਆਂ ਅਤੇ ਉਨ੍ਹਾਂ ਦੇ ਸਾਰਾਂ ਨੂੰ ਭੰਨ ਸੁਟਿਆ। ਰਾਤ ਨੂੰ ਗੋਰੇ ਮੈਦਾਨ ਛੱਡ ਕੇ ਭੱਜ ਗਏ। ਤੋਪਾਂ ਅਤੇ ਸਾਮਾਨ ਭੀ ਛੱਡ ਗਏ। ਇਸ ਫ਼ਤਹ ਨੇ ਸਾਰੀ ਉੱਤਰੀ ਭਾਰਤ ਵਿਚ ਤਰਥੱਲੀ ਮਚਾ ਦਿੱਤੀ। ਅੰਗਰੇਜ਼ਾਂ ਨੂੰ ਪੰਜਾਬ ਖੁੱਸਣ ਦਾ ਫ਼ਿਕਰ ਪੈ ਗਿਆ।

ਸਰਦਾਰ ਚਤਰ ਸਿੰਘ ਤੇ ਰਾਜਾ ਸ਼ੇਰ ਸਿੰਘ ਦੇ ਹੌਂਸਲੇ ਵਧ ਗਏ ਉਹ ਚੇਲਿਆਂ ਵਾਲੇ ਮੈਦਾਨ ਛੱਡ ਕੇ ਅੱਗੇ ਵਧੇ ਤੇ ਗੁਜਰਾਤ ਆ ਡੇਰੇ ਲਾਏ। ਉਨ੍ਹਾਂ ਨੇ ਫ਼ੈਸਲਾ ਕੀਤਾ ਸੀ ਕਿ ਲਾਹੌਰ ਜਾ ਸਾਹ ਲੈਣਾ ਹੈ, ਪਰ ਹੋਣਹਾਰ ਮਿਟਦੀ ਨਹੀਂ । 14 ਫਰਵਰੀ 1849 ਨੂੰ ਅੰਗਰੇਜ਼ ਤੇ ਰਾਜਾ ਸ਼ੇਰ ਸਿੰਘ ਦੀਆਂ ਫ਼ੌਜਾਂ ਵਿਚਕਾਰ ਤੀਸਰੀ ਟੱਕਰ ਹੋਈ। ਉਸ ਵੇਲੇ ਸ਼ੇਰ ਸਿੰਘ ਪਾਸ 38 ਹਜ਼ਾਰ 6 ਸੌ ਫ਼ੌਜ ਅਤੇ 59 ਤੋਪਾਂ ਸਨ। ਅੰਗਰੇਜ਼ਾਂ ਕੋਲ ਇਸ ਤੋਂ ਦੁਗਣੀ ਫ਼ੌਜ ਅਤੇ ਬਹੁਤ ਜ਼ਿਆਦਾ ਤੋਪਾਂ ਸਨ। ਜੀਵਨ ਮੌਤ ਦਾ ਸੁਆਲ ਬਣਾ ਕੇ ਸਿੰਘ ਨੜੇ। ਪਰ ਈਸ਼ਵਰਜ ਦੀ ਮਰਜ਼ੀ ਕੁਝ ਹੋਰ ਸੀ। ਮੈਦਾਨ ਸਿੰਘਾਂ ਦੇ ਹੱਥੋਂ ਨਿਕਲ ਗਿਆ। ਸਰਦਾਰ ਚਤਰ ਸਿੰਘ, ਉਸ ਦਾ ਪੁੱਤਰ ਰਾਜਾ ਸ਼ੇਰ ਸਿੰਘ, ਸੂਰਤ ਸਿੰਘ ਮਜੀਠੀਆ, ਗੁਲਾਬ ਸਿੰਘ, ਅਤਰ ਸਿੰਘ, ਤੇਜਾ ਸਿੰਘ, ਰਤਨ ਸਿੰਘ, ਨਾਹਰ ਸਿੰਘ, ਲਾਲ ਸਿੰਘ ਅਤੇ ਮਤਾਬ ਸਿੰਘ ਮੁਰਾੜੀ ਆਦਿਕ ਜਰਨੈਲ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਂਦੇ ਤੇ ਕਿਲ੍ਹੇ ਵਿਚ ਕੈਦ ਕਰ ਦਿੱਤੇ ਗਏ। ਅੰਗਰੇਜ਼ ਫ਼ੌਜ ਨੇ ਅਟਾਰੀ ਪੁਜ ਕੇ ਸਰਦਾਰ ਚਤਰ ਸਿੰਘ ਦੇ ਘਰ ਨੂੰ ਲੁਟਿਆ, ਜਗੀਰ ਜ਼ਬਤ ਕਰ ਲਈ ਤੇ ਕਿਲ੍ਹੇ ਨੂੰ ਢਾਹ ਢੇਰੀ ਕਰ ਦਿੱਤਾ।

ਲਾਹੌਰ ਅਤੇ ਭਰੋਵਾਲ ਦੇ ਅਹਿਦਨਾਮੇ ਅਨੁਸਾਰ ਲਾਹੌਰ ਦਰਬਾਰ ਤੇ ਉਸ ਦੇ ਰਾਜ ਦੇ ਜ਼ਿਮੇਵਾਰ ਅੰਗਰੇਜ਼ ਸਨ। ਮਹਾਰਾਜਾ ਦਲੀਪ ਸਿੰਘ ਨੇ 1845 ਵਿਚ ਸੋਲ੍ਹਾਂ ਸਾਲਾਂ ਦੀ ਉਮਰ ਵਿਚ ਰਾਜ ਸੰਭਾਲਣਾ ਸੀ। ਬਗ਼ਾਵਤ ਹੋਈ । ਲਾਹੌਰ ਦੇ ਕਰਮਚਾਰੀਆਂ ਤੇ ਸਿੱਖ ਫ਼ੌਜਾਂ ਨੇ ਉਸ ਨੂੰ ਦਬਾਉਣ ਦਾ ਜਤਨ ਕੀਤਾ ਅੰਗਰੇਜ਼ਾਂ ਦੀ ਮਦਦ ਕੀਤੀ। ਪਰ ਫ਼ਤਹ ਦੇ ਪਿਛੋਂ ਅੰਗਰੇਜ਼ ਆਪਣੇ ਅਹਿਦਨਾਮੇ ਦੀ ਲਿਖਤ ਦੇ ਵਿਰੁੱਧ ਹੋ ਗਿਆ। ਉਸ ਨੇ

ਸੋਚਿਆ, ਹੁਣ ਵੱਡੇ ਸਿੱਖ ਸਰਦਾਰ ਕੈਦ ਹੋ ਚੁਕੇ ਹਨ। ਫ਼ੌਜ ਬਰਬਾਦ ਹੋ ਗਈ ਹੈ। ਪੂਰਬੀ ਤੇ ਗੋਰਾਂ ਫ਼ੌਜ ਪੰਜਾਬ ਵਿਚ ਅਣਗਿਣਤ ਪੁਜੀ ਹੋਈ ਹੈ। ਇਸ ਸਮੇਂ ਨਾਲੋਂ ਹੋਰ ਕਿਹੜਾ ਸੁਨਹਿਰੀ ਸਮਾਂ ਪੰਜਾਬ ਨੂੰ ਅੰਗਰੇਜ਼ੀ ਰਾਜ ਨਾਲ ਮਿਲਾਉਣ ਦਾ ਮਿਲਣਾ ਹੈ। ਉਨ੍ਹਾਂ ਨੇ ਝੱਟ ਫ਼ੈਸਲਾ ਕਰ ਲਿਆ ਤੇ ਕੁਟਲ-ਨੀਤੀ ਦੇ ਆਸਰੇ ਬਗ਼ਾਵਤ ਨੂੰ ਸਿੰਘਾਂ ਤੇ ਅੰਗਰੇਜ਼ਾਂ ਦੀ ਦੂਸਰੀ ਲੜਾਈ ਕਰਾਰ ਦੇ ਕੇ ਪੰਜਾਬ ਨੂੰ ਹੜੱਪ ਕਰਨ ਦੀ ਵਿਉਂਤ ਬਣਾ ਲਈ।

29 ਮਾਰਚ 189 ਨੂੰ ਸ਼ਾਹੀ ਕਿਲ੍ਹੇ ਵਿਚ ਦਰਬਾਰ ਹੋਇਆ ਜਿਸ ਵਿਚ ਖਲੋ ਕੇ ਹਨੇਰੀ ਲਾਰੈਂਸ ਨੇ ਸਿੱਖ ਰਾਜ ਦੇ ਖ਼ਾਤਮੇ ਦਾ ਐਲਾਨ ਕੀਤਾ। ਭਰੇ ਦਰਬਾਰ ਵਿਚ ਸੋਗ ਤੇ ਚੁੱਪ ਛਾ ਗਈ। ਦਰਬਾਰੀਆਂ ਦੀਆਂ ਅੱਖਾਂ ਵਿਚੋਂ ਅੱਥਰੂਕਿਰ ਰਹੇ ਸਨ ਤੇ ਉਹ ਆਪਣੇ ਕਈਆਂ ਕੀਤਿਆਂ ਕੰਮਾਂ ਤੇ ਪੱਛੋਤਾ ਰਹੇ ਸਨ। ਦੀਵਾਨ ਦੀਨਾ ਨਾਥ ਨੇ ਰੋਂਦਿਆਂ ਹੋਇਆਂ ਆਖਿਆ, "ਸਾਹਿਬ ਅਨਿਆਏ ਤੇ ਅਨਰਥ ਹੈ।" ਪਰ ਉਸ ਨੂੰ ਕਰੜੀ ਧਮਕੀ ਨਾਲ ਬੈਠਾ ਦਿੱਤਾ ਗਿਆ, "ਚੁੱਪ ਰਹੋ, ਨਹੀਂ ਤੇ ਗ੍ਰਿਫ਼ਤਾਰ ਕੀਤੇ ਜਾਓਗੇ।" ਇਸ ਦੇ ਪਿਛੋਂ ਕਿਸੇ ਦਰਬਾਰੀ ਨੂੰ ਹੌਂਸਲਾ ਨਾ ਪਿਆ ਕਿ ਕੋਈ ਇਤਰਾਜ਼ ਕਰ ਸਕੇ।

ਉਸੇ ਦਰਬਾਰ ਵਿਚ ਖ਼ਜ਼ਾਨੇ ਦੀਆਂ ਚਾਬੀਆਂ ਵੀ ਅੰਗਰੇਜ਼ ਨੇ ਲੈ ਲਈਆਂ। ਸ਼ਾਹੀ ਕਿਲ੍ਹੇ ਤੋਂ ਸਿੱਖ ਰਾਜ ਦੇ ਨਿਸ਼ਾਨ ਸਾਹਿਬ (ਝੰਡੇ) ਨੂੰ ਬੜੀ ਬੇ-ਕਿਰਕੀ ਨਾਲ ਨੀਵਾਂ ਕਰ ਕੇ ਧਰਤੀ ਤੇ ਸੁਟਿਆ ਅਤੇ ਉਸ ਦੀ ਥਾਂ ਅੰਗਰੇਜ਼ੀ ਝੰਡੇ 'ਯੂਨੀਆਨ ਜੇਕ' ਨੂੰ ਗੱਡ ਦਿੱਤਾ ਗਿਆ।

ਮਾਂ ਭਾਵੇਂ ਅਮੀਰ ਹੋਵੇ ਜਾਂ ਗ਼ਰੀਬ, ਬੱਚੇ ਲਈ ਠੰਡੀ ਛਾਂ ਹੈ। ਦੂਸਰੀ ਇਸਤ੍ਰੀ ਜਾਂ ਪੁਰਸ਼ ਸੋ ਮਠਿਆਈਆਂ ਅਤੇ ਖਿਡੌਣਿਆਂ ਨਾਲ ਬੱਚੇ ਨੂੰ ਇਤਨਾ ਸੁਖ ਨਹੀਂ ਪਹੁੰਚਾ ਸਕਦੇ, ਜਿੰਨੇ ਕਿ ਉਹ ਆਪਣੀ ਮਾਂ ਦੀ ਹਿੱਕ ਨਾਲ ਲੱਗ ਕੇ ਮਾਣਦਾ ਹੈ। ਮਾਂ ਬੱਚੇ ਨੂੰ ਦੇਖ ਦੇਖ ਉਸ ਦੀਆਂ ਤੋਤਲੀਆਂ ਗੱਲਾ ਸੁਣ ਉਸ ਦੀਆਂ ਖੇਡਾਂ ਅਤੇ ਉਸ ਨੂੰ ਸੰਵਾਰ ਸਜਾ ਕੇ ਖ਼ੁਸ਼ ਹੁੰਦੀ ਰਹਿੰਦੀ ਹੈ। ਬੱਚਾ ਵੀ ਜੇਕਰ ਇਕ ਪਲ ਮਾਂ ਤੋਂ ਦੂਰ ਹੋ ਜਾਏ ਤਾਂ ਰੋ ਰੋ ਕੇ ਤੂਫ਼ਾਨ ਲਿਆ ਦਿੰਦਾ ਹੈ। ਜਿਸ ਬੱਚੇ ਦੀ ਮਾਂ ਮਰ ਗਈ ਹੋਵੇ ਉਸ ਦਾ ਹਾਲ ਭਾਵੇਂ ਬਹੁਤ ਬੁਰਾ ਹੁੰਦਾ ਹੈ, ਪਰ ਕੁਝ ਸਮਾਂ ਰੋ ਧੋ ਕੇ ਉਹ ਭੁੱਲ ਜਾਂਦਾ ਹੈ, ਪਰ ਜਿਸ ਬੱਚੇ ਦੀ ਮਾਂ ਜੀਉਂਦੀ ਹੋਵੇ ਅਤੇ ਜ਼ਬਰਦਸਤੀ ਉਸ ਨੂੰ ਮਿਲਣ ਨਾ ਦਿੱਤਾ ਜਾਂਦਾ ਹੋਵੇ ਉਸ ਦਾ ਕੀ ਹਾਲ ਹੁੰਦਾ ਹੋਵੇਗਾ। ਇਹ ਬੱਚਿਆ ਵਾਲੇ ਹੀ ਜਾਣਦੇ ਹਨ। ਸਾਡੇ ਮਹਾਰਾਜਾ ਦਲੀਪ ਸਿੰਘ ਜੀ ਨਾਲ ਮਾਂ ਤੋਂ ਵਿਛੜਨ ਮਗਰੋਂ ਕੀ ਕੀ ਵਾਪਰੀਆਂ, ਇਥੇ ਦੱਸਣਾ ਜ਼ਰੂਰੀ ਹੈ।

ਜਿਸ ਵੇਲੇ ਮਹਾਰਾਣੀ ਨੂੰ ਲਾਹੌਰੋਂ ਕੱਢਿਆ ਗਿਆ, ਉਸ ਵੇਲੇ ਮਹਾਰਾਜਾ ਦਲੀਪ ਸਿੰਘ ਸ਼ਾਲਾਮਾਰ ਬਾਗ ਵਿਚ ਸੀ, ਉਸਦੇ ਪਾਸ ਜੌਹਨ ਹੈਨਰੀ ਲਾਰੈਂਸ, ਸ੍ਰਦਾਰ ਗੁਲਾਬ ਸਿੰਘ ਅਟਾਰੀ ਵਾਲਾ ਤੇ ਗੱਲੀ ਮੰਗਲਾਂ ਸਨ। ਸਾਰਾ ਦਿਨ ਉਸ ਨੂੰ ਖੇਡਾਂ ਆਦਿ ਵਿਚ ਰੁਝਾਈ ਰਖਿਆ ਅਤੇ ਰਾਤ ਨੂੰ ਭੀ ਤਮਾਸ਼ੇ ਆਦਿ ਦਿਖਾਣ ਦੇ ਬਹਾਨੇ ਉਥੇ ਹੀ ਰੱਖ ਲਿਆ।

ਅਗਲੇ ਦਿਨ ਸ਼ਾਮ ਨੂੰ ਦਲੀਪ ਸਿੰਘ ਨੂੰ ਕਿਲ੍ਹੇ ਵਿਚ ਲਿਆਏ। ਜਿਉਂ ਹੀ ਉਹ ਸੰਮਨ ਬੁਰਜ ਦੇ ਮਹੱਲ ਵਿਚ ਦਾਖ਼ਲ ਹੋਇਆ, ਨੱਠਾ ਨੱਠਾ ਉਨ੍ਹਾਂ ਕਮਰਿਆਂ ਵਲ ਗਿਆ, ਜਿਥੇ ਮਹਾਰਾਣੀ ਰਹਿੰਦੀ ਜਾਂ ਬੈਠਿਆ ਕਰਦੀ ਸੀ।

ਉਸ ਨੇ ਇਕ ਇਕ ਕਰਕੇ ਸਾਰੀਆਂ ਰਹਿੰਦੀ ਥਾਵਾਂ ਦੇਖ ਲਈਆਂ। ਉਹ ਆਪਣੀ ਮਾਂ ਨੂੰ ਸੈਰ ਦੇ ਹਾਲ ਦੱਸਣਾ ਚਾਹੁੰਦਾ ਸੀ। ਦਾਸੀਆਂ ਬੂਹਿਆਂ ਨਾਲ ਲੱਗੀਆਂ ਬੁਸਕ ਰਹੀਆਂ ਸਨ। ਮਸੂਮ ਬੱਚੇ ਨੇ ਇਕ ਇਕ ਨੂੰ ਪੁਛਿਆ, "ਮਾਂ ਜੀ ਕਿੱਥੇ ਗਏ? ਦੱਸੋ ਮਾਂ ਜੀ ਕਿਥੇ ਨੇ?" ਸੱਚ ਦੱਸਣ ਦਾ ਕਿਸੇ ਨੂੰ ਹੌਂਸਲਾ ਨਾ ਪਿਆ। ਮੰਗਲਾਂ ਦਾਸੀ ਉਸਦੀ ਖਿਡਾਵੀ ਸੀ। ਉਸ ਨੂੰ ਪੁਛਿਆ, ਉਹ ਵੀ ਚੁੱਪ ਰਹੀ। ਉਹ ਡਡੋਲਿਕਾ ਹੋ ਗਿਆ। "ਤੁਸੀਂ ਕੋਈ ਵੀ ਨਹੀਂ ਦੱਸਦੇ, ਮੇਰੇ ਮਾਂ ਜੀ ਕਿੱਥੇ ਹਨ। ਦੱਸੋ, ਨਹੀਂ ਤੇ ਮੈਂ ਸਭ ਨੂੰ ਕੁਟਾਂਗਾ।" ਇਹ ਆਖ ਕੇ ਉਹ ਫ਼ਰਸ਼ ਤੇ ਬੈਠ ਗਿਆ। ਉਸ ਦੇ ਚਿਹਰੇ ਦੀ ਰੌਣਕ ਉੱਡ ਗਈ, ਅੱਖਾਂ ਵਿਚ ਅੱਥਰੂਆ ਗਏ, ਛੋਟੀਆਂ ਬੁਲ੍ਹੀਆਂ ਤੋਂ ਹਾਸਾ ਉੱਡ ਗਿਆ।

ਕੂੜ ਬਹੁਤਾ ਚਿਰ ਕੱਜਿਆ ਨਹੀਂ ਰਹਿੰਦਾ। ਆਖ਼ਰ ਮਹਾਰਾਜੇ ਨੂੰ ਪਤਾ ਲੱਗ ਗਿਆ ਕਿ ਉਸ ਦੀ ਪਿਆਰੀ ਮਾਂ ਉਸ ਕੋਲੋਂ ਵਿਛੋੜ ਕੇ ਜਲਾਵਤਨ ਕਰ ਦਿੱਤੀ ਗਈ ਹੈ।

ਉਹ ਮਸੂਮ ਭੁੱਬਾਂ ਮਾਰ ਕੇ ਰੋ ਉਠਿਆ। "ਮਾਂ, ਮੇਰੀ ਮਾਤਾ, ਮੈਂ ਉਹਦੇ ਕੋਲ ਹੀ ਜਾਣਾ ਹੈ। ਉਸਦੇ ਕੁਝ ਗਿਣੇ ਮਿਥੇ ਬੋਲ ਸਨ। ਉਸ ਨੇ ਖਾਣਾ ਪੀਣਾ, ਖੇਡਣਾ ਹੱਸਣਾ ਤੇ ਬੋਲਣਾ ਛੱਡ ਦਿੱਤਾ। ਡਾਡਾਂ ਮਾਰ ਮਾਰ ਕੇ ਮਹੱਲ ਨੂੰ ਸਿਰ ਤੇ ਚੁੱਕ ਲਿਆ। ਮੰਗਲਾ ਦਾਸੀ, ਗੁਲਾਬ ਸਿੰਘ, ਉਸ ਦਾ ਮਾਮਾ ਹੀਰਾ ਸਿੰਘ, ਦੀਵਾਨ ਦੀਨਾ ਨਾਥ ਆਦਿਕ ਬਥੇਰਾ ਚੁੱਪ ਕਰਾ ਰਹੇ, ਪਰ ਉਹ ਇਕ ਨਾ ਸੁਣੇ। ਰੋਈ ਜਾਏ । ਹੈਨਰੀ ਲਾਰੈਂਸ ਨੂੰ ਸੱਦਿਆ ਗਿਆ, ਜਿਸ ਨੇ ਆਉਂਦੀਆਂ ਦਲੀਪ ਸਿੰਘ ਨੂੰ ਗੋਦੀ ਲੈ ਲਿਆ ਤੇ ਬੜੇ ਪਿਆਰ ਦੇ ਲਹਿਜੇ ਵਿਚ ਬੋਲਿਆ-

"ਟੁਮ ਰੋ ਮਟ, ਟੁਮਾਰੀ ਮਾਂ ਚਾਰ ਰੋਜ਼ ਕੇ ਆ ਜਾਏਗੀ। ਹਮ ਟੁਮਾਰਾ ਧਰਮ ਬਾਪ ਹੈ, ਅੱਛੀ ਤਰ੍ਹਂ ਪਾਲੇਗਾ, ਤੁਮਾਰੀ ਰਾਖੀ ਕਰੇਗਾ, ਟੁਮਾਰਾ ਰਾਜ ਕਾਇਮ ਰੱਖੇਗਾ। ਬੇਟਾ, ਟੁਮਾਰੀ ਮਾਂ ਕੋਈ ਅੱਛੀ ਔਰਟ ਨਹੀਂ ਹੈ, ਜਾਨੇ ਦੋ ਉਸ ਕੋ," ਉਸ ਵੇਲੇ ਤਾਂ ਗੁਲਾਬ ਸਿੰਘ ਅਟਾਰੀ ਵਾਲੇ ਵਲ ਵੇਖ ਕੇ ਹੈਨਰੀ ਲਾਰੈਂਸ ਬੋਲਿਆ, "ਠੀਕ ਹੈ ਨਾ ਸਰਦਾਰ! ਮਹਾਰਾਣੀ ਟੋਰੇ ਡਿਨੋਂ ਕੋ ਆ ਜਾਏਗੀ।"

"ਹਾਂ ਸਰਕਾਰ," ਗੁਲਾਬ ਸਿੰਘ ਨੇ ਨਵੇਂ ਮਾਲਕ ਨਾਲ 'ਹਾਂ' ਰਲਾਈ। ਹੈਨਰੀ ਲਾਰੈਂਸ ਦਲੀਪ ਸਿੰਘ ਨੂੰ-"ਬੇਟਾ ਫ਼ਿਕਰ ਮਤ ਕਰੋ, ਹਮ ਟੁਮੇਂ ਪਾਲੇਂਗੇ, ਪੜ੍ਹਾਏਂਗੇ, ਟੁਮਾਰੀ ਰਾਖੀ ਕਰੇਂਗੇ, ਜਬ ਟੁਮ ਬੜਾ ਹੋਗਾ ਟੋ ਟੁਮੇਂ ਬਰਾ ਮਹਾਰਾਜਾ ਬਨਣਾ ਹੋਗਾ।"

ਦਲੀਪ ਸਿੰਘ ਰੋਂਦਾ ਹੋਇਆ, "ਮੈਂ ਕੋਈ ਵੱਡਾ ਮਹਾਰਾਜਾ ਨਹੀਂ ਬਣਦਾ। ਮੇਰੇ ਮਾਤਾ ਜੀ ਦੱਸੋ ਕਿੱਥੇ ਹਨ? ਮੈਂ ਉਸ ਦੇ ਕੋਲ ਜਾਣਾ ਹੈ। ਮੈਨੂੰ ਉਥੇ ਲੈ ਚੱਲੋ।"

ਮਹਾਰਾਜਾ ਦਲੀਪ ਸਿੰਘ ਦਾ ਇਕ ਇਕ ਵਾਕ ਪੁਤਰਾਂ ਵਾਲਿਆਂ ਦੀਆਂ ਛਾਤੀਆਂ ਵਿਚ ਸੇਲੇ ਵਾਂਗ ਵੱਜਾ। ਉਨ੍ਹਾਂ ਦੇ ਦਿਲ ਰੋਂਦੇ ਸਨ ਪਰ ਹੈਨਰੀ ਲਾਰੈਂਸ ਦੀ ਹਾਜ਼ਰੀ ਦੇ ਕਾਰਨ ਅੱਖਾਂ ਤੇ ਬੁਲ੍ਹ ਮੁਸਕ੍ਰਾ ਰਹੇ ਸਨ, ਕਿਉਂਕਿ ਸਭ ਨੂੰ ਗੁਪਤ ਹੁਕਮ ਮਿਲਿਆ ਸੀ ਕਿ ਮਹਾਰਾਜੇ ਨਾਲ ਉਸਦੀ ਮਾਤਾ ਬਾਰੇ ਕੋਈ ਗੱਲ ਨਾ ਕਰੇ ਅਤੇ ਉਸਨੂੰ ਖ਼ੁਸ਼ ਰੱਖਣ ਦੀ ਕੋਸ਼ਿਸ਼ ਕੀਤੀ ਜਾਏ।

ਦਿਲਾਸੇ ਦਿੱਤੇ ਗਏ, ਅਨੇਕਾਂ ਤਮਾਸ਼ੇ ਤੇ ਦਿਲ ਬਹਿਲਾਵੇ ਦੇ ਸਾਮਾਨ ਪੈਦਾ ਕੀਤੇ ਗਏ ਅਤੇ ਰੱਜ ਕੇ

ਸਮਝਾਇਆ ਗਿਆ। ਪਰ ਮਾਸੂਮ ਦਲੀਪ ਸਿੰਘ ਦੀ ਉਦਾਸੀ ਦੂਰ ਨਾ ਹੋਈ। ਉਸ ਦੀ ਭੁੱਖ ਤਰੇਹ ਜਾਂਦੀ ਰਹੀ, ਉਹ ਹੇਰਵੇ ਵਿਚ ਬੀਮਾਰ ਹੋ ਗਿਆ। ਚਾਰ ਦਿਨ ਉਸ ਨੂੰ ਕਾਂਬੂਤਾਪ ਚੜ੍ਹਦਾ ਰਿਹਾ। ਤਾਪ ਦੀ ਗਰਮੀ ਵਿਚ ਤੜਪਦਾ ਹੋਇਆ ਉਹ ਇਹੋ ਹੀ ਰੱਟ ਲਾਈ ਗਿਆ, "ਮਾਂ ਆ ਗਈ ਮਾਂ! ਕਿੱਥੇ ਗਈ ਸੀ, ਮੈਨੂੰ ਛੱਡਕੇ? ਹੁਣ ਨਾ ਜਾਣਾ..... ਮਾਤਾ ਜੀ, ਇਹ ਲੋਕ ਆਖਦੇ ਨੇ ਤੁਸੀਂ ਚੰਗੇ ਨਹੀਂ, ਝੂਠ ਬੋਲਦੇ ਨੇ। ਫੇਰ ਨਾ ਜਾਣਾ ਮੈਨੂੰ ਛੱਡਕੇ, ਇਹ ਬੜਾ ਤੰਗ ਕਰਦੇ ਨੇ ਮੈਨੂੰ। ਮੇਰਾ ਸੰਘ ਸੁਕਦਾ ਹੈ, ਤੁਸੀਂ ਆਪ ਪਾਣੀ ਦਿਓ, ਮੈਂ ਇਨ੍ਹਾਂ ਦੇ ਹੱਥਾਂ ਦਾ ਪਾਣੀ ਨਹੀਂ ਪੀਣਾ।"

ਇਉਂ ਬਾਲਕ ਮਹਾਰਾਜੇ ਦਾ ਮਾਂ ਨੂੰ ਯਾਦ ਕਰਨਾ ਕੰਧਾਂ ਨੂੰ ਵੀ ਰੁਆਈ ਜਾਂਦਾ ਸੀ। ਪੱਥਰ ਦਿਲ ਹੈਨਰੀ ਲਾਰੈਂਸ ਦੀਆਂ ਅੱਖਾਂ ਵੀ ਗਿੱਲੀਆਂ ਹੋ ਗਈਆਂ। ਪਰ ਉਹ ਮਹਾਰਾਜੇ ਦੀ ਕੋਈ ਮਦਦ ਨਹੀਂ ਸੀ ਕਰ ਸਕਦਾ ਕਿਉਂਕਿ ਉਹ ਸਮਝਦਾ ਸੀ ਕਿ ਇਸ ਤਰ੍ਹਾਂ ਉਹ ਅੰਗਰੇਜ਼ ਕੌਮ ਦੀ ਭਾਰੀ ਸੇਵਾ ਕਰ ਰਿਹਾ ਹੈ।

ਪੂਰੇ ਦਸਾਂ ਦਿਨਾਂ ਪਿਛੋਂ ਬਾਲਕ ਮਹਾਰਾਜਾ ਪਲੰਘ ਤੋਂ ਉਠਿਆ, ਪਰ ਮਾਂ ਦੀ ਯਾਦ ਦਿਲੋਂ ਦੂਰ ਨਾ ਹੋਈ। ਸਮਾਂ ਆਪਣੀ ਮਧੁਰ ਚਾਲ ਤੁਰਿਆ ਜਾਂਦਾ ਹੈ, ਪਹਰ ਪਲ ਛਿਨ ਜੋ ਵਰਤਮਾਨ ਹੈ ਉਹ ਭੂਤ ਹੁੰਦਾ ਜਾਂਦਾ ਹੈ, ਪਰ ਸਮੇਂ ਦਾ ਅਸਰ ਮਨੁੱਖ-ਆਤਮਾ ਤੇ ਜ਼ਰੂਰ ਪੈਂਦਾ ਹੈ। ਮਹਾਰਾਜਾ ਜਦੋਂ ਬੀਮਾਰੀ ਤੋਂ ਉਠਿਆ ਤਾਂ ਉਸਦੇ ਚੌਗਿਰਦੇ ਐਸਾ ਵਾਯੂ-ਮੰਡਲ ਬਣਾ ਦਿੱਤਾ ਗਿਆ ਜਿਸਦੇ ਅਸਰ ਨਾਲ ਉਹ ਆਪਣੀ ਮਾਤਾ ਨੂੰ ਯਾਦ ਹੀ ਨਾ ਕਰੇ ਸਗੋਂ ਉਸ ਨੂੰ ਨਫ਼ਰਤ ਹੋ ਜਾਏ।

ਅੰਤ 29 ਮਾਰਚ 1849 ਦਾ ਉਹ ਚੰਦਰਾ ਦਿਨ ਵੀ ਆ ਗਿਆ, ਜਿਸ ਦਿਨ ਮਾਸੂਮ ਮਹਾਰਾਜੇ ਕੋਲੋਂ ਰਾਜ ਤੇ ਤਖ਼ਤ-ਤਾਜ ਵੀ ਖੋਹ ਲਿਆ ਗਿਆ। ਉਹ ਮਾਂ ਦੀ ਯਾਦ ਨੂੰ ਭੁੱਲ ਹੀ ਰਿਹਾ ਸੀ ਰਾਜ ਦੀ ਪ੍ਰਾਪਤੀ ਤੇ ਹੋਂਦ ਬਦਲੇ, ਪਰ ਰਾਜ ਗਏ ਨੂੰ ਕਿਸ ਬਦਲੇ ਭੁਲੇਗਾ? ਕੇਵਲ ਦਸ ਹਜ਼ਾਰ ਰੁਪਿਆ ਮਹਾ ਵਾਰ ਅਲੌਂਸ ਅਤੇ 'ਮਹਾਰਾਜਾ' ਦਾ ਖ਼ਿਤਾਬ ਇਸ ਕੋਲ ਰਹਿ ਗਿਆ।

ਮਾਤਾ ਪਿਤਾ ਦਾ ਪਿਆਰ ਤਾਂ ਪਹਿਲਾਂ ਹੀ ਨਹੀਂ ਸੀ ਰਿਹਾ, ਹੁਣ ਰਾਜ ਭਾਗ ਵੀ ਗਿਆ, ਕਈ ਆਦਮੀ ਐਸੇ ਆਉਂਦੇ ਜੋ ਪਹਿਲਾਂ ਉਸ ਦੇ ਆਸਰੇ ਪਲਦੇ ਸਨ, ਪਰ ਹੁਣ ਮਸਕਰੀਆਂ ਤਕ ਕਰਨ ਲੱਗ ਪਏ। ਹੈਨਰੀ ਲਾਰੈਂਸ ਬੜਾ ਚਲਾਕ ਤੇ ਸਿਆਣਾ ਅੰਗਰੇਜ਼ ਸੀ ਉਸ ਨੇ ਸੋਚਿਆ ਕਿ ਮਹਾਰਾਜੇ ਦੇ ਜੀਵਨ ਨੂੰ ਜੇਕਰ ਪੱਛਮੀ ਰੰਗਤ ਦਿੱਤੀ ਜਾਏ ਅਤੇ ਈਸਾਈ ਮਜ਼੍ਹਬ ਦੇ ਅਸੂਲਾਂ ਤੋਂ ਜਾਣੂਕਰਾਇਆ ਜਾਏ ਤਾਂ ਚੰਗਾ ਹੋਵੇਗਾ, ਕਿਉਂਕਿ ਉਹ ਸਮਝਦਾ ਸੀ ਕਿ ਹੁਣ ਦੇ ਵਾਤਾਵਰਣ ਵਿਚ ਕਦੇ ਭੀ ਬੇਚੈਨੀ ਫੈਸਲਣ ਦਾ ਡਰ ਹੈ। ਇਸ ਗੱਲ ਨੂੰ ਸਿਰੇ ਚਾੜ੍ਹਨ ਲਈ ਉਸ ਨੇ ਈਸਾਈ ਪਾਦਰੀ ਡਾਕਟਰ ਜੌਹਨ ਲਾਜਿਨ ਨੂੰ ਚੁਣਿਆ। ਉਸ ਨੂੰ ਬਾਰ੍ਹਾਂ ਸੌ ਰੁਪਿਆ ਮਹਾਵਾਰ ਤਨਖ਼ਾਹ ਦੇਣੀ ਕੀਤੀ। ਜਿਸ ਦਾ ਅੱਧ ਸਰਕਾਰ ਨੈ ਦੇਣਾ ਸੀ ਅਤੇ ਅੱਧੀ ਰਕਮ ਮਹਾਰਾਜੇ ਦੇ ਵਜ਼ੀਫ਼ੇ ਵਿਚੋਂ ਕੱਟੀ ਜਾਣੀ ਸੀ।

ਜੌਹਨ ਲਾਜਿਨ ਨੇ ਅੰਗਰੇਜ਼ੀ ਜ਼ਬਾਨ ਪੜ੍ਹਾਉਣ ਦੇ ਨਾਲ ਹੀ ਮਹਾਰਾਜਾ ਦੀ ਰੁਚੀ ਈਸਾਈ ਧਰਮ ਵੱਲ ਮੋੜੀ। ਬੜਾ ਹਿੱਤ ਜਤਾਉਂਦਿਆਂ ਨਿਰਮਲ ਤੇ ਅਬੋਧ ਆਤਮਾ ਨਾਲ ਧੋਖਾ ਕਰਨਾ ਸ਼ੁਰੂ ਕਰ ਦਿੱਤਾ।

ਜੇ ਸੱਚ ਮੁਚ ਨਰਕ ਸਵਰਗ ਕੋਈ ਹਨ ਤਾਂ ਲਾਰਡ ਡਲਹੌਜ਼ੀ ਤੇ ਹੈਨਰੀ ਲਾਰੈਂਸ ਨੂੰ ਰੱਬ ਨੇ ਨਰਕਾਂ ਵਿਚ ਹੀ ਸੁਟਿਆ ਹੋਣਾ ਹੈ, ਕਿਉਂਕਿ ਇਨ੍ਹਾਂ ਨੇ ਅਨੇਕਾਂ ਮਾਸੂਮ ਰਾਜਿਆਂ ਅਤੇ ਨਵਾਬਾਂ ਨੂੰ ਵਤਨੋਂ ਬੇਵਤਨ ਅਤੇ ਆਪਣੇ ਅੰਗ ਸਾਕਾਂ ਤੋਂ ਦੂਰ ਕਰਕੇ ਅਨਿਆਈ ਮੌਤੇ ਮਾਰਿਆ। ਪਰ ਉਹ ਆਪਣੇ ਵਲੋਂ ਅੰਗਰੇਜ਼ ਕੌਮ ਦੀ ਵੱਡੀ ਸੇਵਾ ਕਰ ਰਹੇ ਸਨ ਅਤੇ ਹਿੰਦੁਸਤਾਨ ਦਾ ਇਕ ਮਗਰੋਂ ਦੂਜਾ ਸੂਬਾ ਕਾਬੂਕਰਦਿਆਂ ਸਾਰਾ ਹਿੰਦੁਸਤਾਨ ਹੀ ਅੰਗਰੇਜ਼ ਦਾ ਗ਼ੁਲਾਮ ਬਣਾ ਗਏ।

ਪੰਜਾਬ ਵਿਚੋਂ ਸਿੱਖ ਰਾਜ ਦੇ ਬਿਲਕੁਲ ਖ਼ਤਮ ਹੋਣ ਮਗਰੋਂ ਲਾਰਡ ਡਲਹੌਜ਼ੀ ਨੇ ਹੁਕਮ ਦਿੱਤਾ ਕਿ ਮਹਾਰਾਜਾ ਦਲੀਪ ਸਿੰਘ ਦਾ ਪੰਜਾਬ ਵਿਚ ਰਹਿਣਾ ਠੀਕ ਨਹੀਂ, ਇਸ ਲਈ ਉਸ ਨੂੰ ਫ਼ਤਰ ਗੜ੍ਹ (ਯੂ. ਪੀ) ਵਿਚ ਰਖਿਆ ਜਾਏ। 9 ਦਸੰਬਰ 1848 ਨੂੰ ਇਕ ਤਕੜੇ ਫ਼ੌਜੀ ਦਸਤੇ ਦੀ ਨਿਗਰਾਨੀ ਹੇਨਾਂ ਮਹਾਰਾਜੇ ਨੂੰ ਲਾਹੌਰ ਤੋਂ ਜਲਾਵਤਨ ਕਰਕੇ ਤੋਰ ਦਿੱਤਾ ਗਿਆ।

## ਕਾਂਡ-21

ਮਹਾਰਾਜਾ ਦਲੀਪ ਸਿੰਘ ਬੇਵਤਨ ਹੋ ਗਿਆ ਤੇ ਪੂਰੇ ਦੋ ਮਹੀਨੇ ਦਾ ਲੰਮਾ ਪੰਧ ਕਰਕੇ ਫ਼ਤਹ ਗੜ੍ਹ ਪੁਜਾ। ਅੰਗਰੇਜ਼ੀ ਸਰਕਾਰ ਨੇ ਪਹਿਲਾਂ ਹੀ ਗੰਗਾ ਦੇ ਕਿਨਾਜੇ ਇਕ ਬੰਗਲਾ ਖ਼ਾਲੀ ਕਰਾ ਛੱਡਿਆ ਸੀ। ਉਸ ਬੰਗਲੇ ਵਿਚ ਜਾ ਬਿਠਾਇਆ। ਦੀਵਾਨ ਦੀਨਾ ਨਾਥ, ਫ਼ਕੀਰ ਅਜ਼ੀਜ਼ ਦੀਨ ਅਤੇ ਹੋਰ ਦਰਬਾਰੀ ਜੋ ਨਾਲ ਗਏ ਸਨ, ਉਹ ਅੱਖਾਂ ਵਿਚ ਅੱਥਰੂ ਨੱਪੀ ਫ਼ਤਹ ਗੜ੍ਹ ਤੋਂ ਵਾਪਸ ਪੰਜਾਬ ਨੂੰ ਆ ਗਏ।

ਮਹਾਰਾਜੇ ਦੇ ਮਾਸੂਮ ਦਿਲ ਤੇ ਅੰਗਰੇਜ਼ੀ ਸਭਿਅਤਾ ਦਾ ਅਸਰ ਪਾਉਣ ਵਾਸਤੇ ਦੋ ਅੰਗਰੇਜ਼ ਨੌਕਰ ਹੋਰ ਨੀਯਤ ਕਰ ਦਿਤੇ ਗਏ। ਭਜਨ ਲਾਲ ਈਸਾਈ ਮਿਸ਼ਨ ਸਕੂਲ ਦਾ ਵਿਦਿਆਰਥੀ, ਜੋ ਜਾਤ ਦਾ ਬ੍ਰਾਹਮਣ ਸੀ, ਮਹਾਰਾਜੇ ਦੇ ਹੱਸਣ ਖੇਡਣ ਲਈ ਸਾਥੀ ਬਣਾ ਦਿੱਤਾ। ਉਸ ਨੂੰ ਡਾਕਰਟ ਲਾਜਿਨ ਨੇ ਇਹ ਹਦਾਇਤ ਕੀਤੀ ਕਿ ਉਹ ਮਹਾਰਾਜੇ ਨੂੰ ਹਰ ਵੇਲੇ ਪ੍ਰੇਰਦਾ ਰਹੇ ਕਿ ਉਹ ਸਿੱਖੀ ਧਰਮ ਨੂੰ ਛੱਡ ਕੇ ਈਸਾਈ ਬਣ ਜਾਏ। ਮਨੁੱਖੀ ਮਨ ਤੇ ਸੰਗਤ ਦਾ ਅਸਰ ਜ਼ਰੂਰ ਹੁੰਦਾ ਹੈ। ਚੰਗੀ ਸੰਗਤ ਤਾਂ ਸ਼ਾਇਦ ਘੱਟ ਅਸਰ ਕਰੇ, ਪਰ ਬੁਰੀ ਸੰਗਤ ਤਾਂ ਝੱਟ ਪਟ ਅਬੋਧ ਦਿਲ ਤੇ ਅਸਰ ਕਰਦੀ ਹੈ। ਮਹਾਰਾਜਾ ਹੌਲੀ ਹੌਲੀ ਸਿੱਖ ਧਰਮ ਦੀ ਮਰਯਾਦਾ ਤਿਆਗ ਕੇ ਈਸਾਈ ਧਰਮ ਦੀ ਮਰਯਾਦਾ ਵੱਲ ਝੁਕਦਾ ਗਿਆ।

ਮਹਾਰਾਜਾ ਸ਼ੇਰ ਸਿੰਘ ਦੀ ਇਕ ਵਿਧਵਾ ਰਾਣੀ ਦੁਕਨੂੰ ਸੀ। ਜਿਸ ਵੇਲੇ ਮਹਾਰਾਜਾ ਜੀ ਕਤਲ ਕੀਤੇ ਗਏ ਸਨ, ਉਸ ਵੇਲੇ ਉਸ ਦੀ ਗੋਦੀ ਤਿੰਨ ਚਾਰ ਦਿਨ ਦਾ ਬੱਚਾ ਸੀ, ਜਿਸ ਦਾ ਨਾਮ ਸਹਿਦੇਵ ਸਿੰਘ ਰਖਿਆ ਹੋਇਆ ਸੀ। ਇਸ ਰਾਣੀ ਦੀ ਉਮਰ ਮਸਾਂ ਪੰਦਰਾਂ ਸੋਲ੍ਹਾਂ ਸਾਲ ਸੀ ਤੇ ਕਾਂਗੜੇ ਦੇ ਇਕ ਰਾਜਪੂਤ ਦੀ ਲੜਕੀ ਸੀ। ਸਮੇਂ ਦੀ ਹਨੇਰ-ਗਰਦੀ ਕੋਲੋਂ ਉਹ ਬੱਚ ਗਈ ਤੇ ਆਪਣੇ ਪੁੱਤਰ ਨੂੰ ਪਾਲਦੀ ਰਹੀ। ਛੇਆਂ ਸਾਲਾਂ ਵਿਚ ਇਸ ਦਾ ਪੁੱਤਰ ਤਕੜਾ ਹੋ ਗਿਆ ਤੇ ਨਾਲ ਹੀ ਆਪ ਇਹ ਭਰ ਜੁਆਨੀ ਵਿਚ ਆ ਗਈ। ਇਸ ਦੀ ਸੁੰਦਰਤਾ ਤੇ ਜੁਆਨੀ ਵਿਧਵਾ ਦੇ ਸਾਦੇ ਲਿਬਾਸ ਵਿਚ ਵੀ ਆਪ ਮੁਹਾਰੇ ਡੁਲ੍ਹ ਡੁਲ੍ਹ ਪੈਂਦੀ ਸੀ। ਹੈਨਰੀ ਲਾਰੈਂਸ ਨੇ ਇਸ ਰਾਣੀ ਤੇ ਉਸ ਦੇ ਲੜਕੇ ਨੂੰ

ਵੀ ਮਹਾਰਾਜਾ ਦਲੀਪ ਸਿੰਘ ਦੇ ਨਾਲ ਤੋਰ ਦਿੱਤਾ। ਮਹਾਰਾਜੇ ਦੀ ਇਹ ਭਰਜਾਈ ਲਗਦੀ ਸੀ। ਲਾਰੈਂਸ ਦਾ ਇਹ ਖ਼ਿਆਲ ਸੀ ਕਿ ਹੋ ਸਕਦਾ ਹੈ ਮਹਾਰਾਜਾ ਜੁਆਨ ਹੋ ਕੇ ਇਸ ਨਾਲ ਚਾਦਰ ਪਾ ਲਵੇ। ਫ਼ਤਹਗੜ ਪੁਜ ਕੇ ਰਾਣੀ ਦੇ ਨੌਕਰ ਵੀ ਇਹ ਸਮਝਣ ਲੱਗ ਪਏ ਕਿ ਇਹ ਜ਼ਰੂਰ ਆਪਣੇ ਦਿਉਰ ਦੇ ਘਰ ਬਹਿ ਜਾਏਗੀ। ਪਰ ਅਪ੍ਰੈਲ 185● ਨੂੰ ਲਾਰਡ ਡਲਹੌਜ਼ੀ ਨੇ ਇਹ ਚਿੱਠੀ ਡਾਕਟਰ ਲਾਜਿਨ ਨੂੰ ਲਿਖੀ, "ਮੈਂ ਸਖ਼ਤ ਇਤਰਾਜ਼ ਕਰਾਂਗਾ ਮੈਂ ਨਹੀਂ ਚਾਹੁੰਦਾ ਕਿ ਅਸੀਂ ਅਗੇ ਤੋਂ ਮਹਾਰਾਜੇ ਤੇ ਸਿੱਖਾਂ ਵਿਚ ਕਿਸੇ ਤਰ੍ਹਾਂ ਦੇ ਸੰਬੰਧਦ ਰਹਿਣ ਦਈਏ, ਭਾਵੇਂ ਸਿੱਖ ਜਜ਼ਬਾਤ ਨਾਲ ਪਿਆਰ ਕਰਨ ਨਾਲ।" ਇਸ ਚਿੱਠੀ ਦੇ ਕਾਰਨ ਹੈਨਰੀ ਲਾਰੈਂਸ ਦੀ ਮੁਰਾਦ ਪੂਰੀ ਨਾਹੋ ਸਕੀ ਤੇ ਨਾਂ ਹੀ ਅਜੇ ਤੇਰ੍ਹਾਂ ਸਾਲ ਦੇ ਮਾਸ਼ੂਮ ਬੱਚੇ ਦੇ ਦਿਲ ਵਿਚ ਕੋਈ ਹੋਰ ਐਸੇ ਖ਼ਿਆਲ ਆ ਸਕਦੇ ਸਨ। ਉਹ ਆਪਣੇ ਭਤੀਜੇ ਨਾਲ ਖੇਡਦਾ ਤੇ ਕਦੀ ਕਦਾਈਂ ਭਰਜਾਈ ਨਾਲ ਗੱਲਾਂ ਕਰ ਆਉਂਦਾ।

ਮਹਾਰਾਣੀ ਜਿੰਦ ਕੌਰਾਂ ਦੀ ਚਾਹ ਸੀ ਕਿ ਦਲੀਪ ਸਿੰਘ ਨੂੰ ਉਹ ਇਕ ਨਮੂਨੇ ਦਾ ਮਹਾਰਾਜਾ ਬਣਾਉਂਦੀ। ਉਸ ਨੇ ਬਚਪਨ ਵਿਚ ਬੜੇ ਧਾਰਮਿਕ ਭਾਵ ਮਹਾਰਾਜੇ ਦੇ ਦਿਲ ਵਿਚ ਭਰੇ ਸਨ। ਪਰ ਹੁਣ ਉਹ ਅੰਗਰੇਜ਼ ਨੀਤੀ ਦੇ ਵੱਸ ਵਿਚ ਸੀ, ਜੋ ਉਸ ਨੂੰ ਆਪਣੇ ਮਤਲਬ ਦਾ ਬਣਾਉਣ ਚਾਹੁੰਦੇ ਸਨ।

ਸਾਰੇ ਅੰਗਰੇਜ਼ ਜਦੋਂ ਮਿਲ ਕੇ ਅੰਜੀਲ ਪੜ੍ਹਦੇ ਜਾਂ ਅਰਦਾਸ ਕਰਦੇ ਤਾਂ ਉਨ੍ਹਾਂ ਵੱਲ ਵੇਖ ਕੇ ਮਹਾਰਾਜਾ ਆਖਦਾ, "ਮੇਰੇ ਪ੍ਰੋਹਤ ਨੂੰ ਆਖੋ, ਉਹ ਮੈਨੂੰ ਸ੍ਰੀ ਗੁਰੂਗ੍ਰੰਥ ਸਾਹਿਬ ਦਾ ਪਾਠ ਸੁਣਾਇਆ ਕਰੇ।" ਪਰ ਉਸ ਦੀ ਇਸ ਲੋੜ ਨੂੰ ਪੁਰਿਆਂ ਨਾ ਕੀਤਾ ਜਾਂਦਾ।

ਮਹਾਰਾਜੇ ਨੂੰ ਅਜਿਹੇ ਆਲੇ ਦੁਆਲੇ ਵਿਚ ਰਖਿਆ ਗਿਆ ਹੋਇਆ ਸੀ ਕਿ ਇਕ ਦਿਨ ਮਹਾਰਾਜੇ ਨੇ ਡਾਕਟਰ ਲਾਜਿਨ ਨੂੰ ਕਲਕੱਤੇ ਚਿੱਠੀ ਲਿਖੀ ਜੋ ਥੋੜੇ ਦਿਨਾਂ ਵਾਸਤੇ ਕਲਕੱਤੇ ਗਿਆ ਹੋਇਆ ਸੀ ਕਿ ਮਹਾਰਾਜੇ ਨੂੰ ਇਕ ਅੰਜੀਲ ਭੇਜੀ ਜਾਏ, ਉਹ ਅੰਜੀਲ ਪੜ੍ਹਨਾ ਚਾਹੁੰਦਾ ਹੈ। ਗੱਲ ਕੀ ਕਿ ਪੂਰੇ ਸਾਲ ਪਿਛੋਂ ਮਹਾਰਾਜੇ ਨੂੰ ਤਿਆਰ ਕਰ ਲਿਆ ਗਿਆ ਕਿ ਉਹ ਪਿਆਰੀ ਗੁਰਮਿੱਖੀ ਨੂੰ ਛੱਡਕੇ ਈਸਾਈ ਮਤ ਧਾਰਨ ਕਰ ਲਵੇ।

ਗਰਮੀਆਂ ਵਿਚ ਮਨਸੂਰੀ ਪਹਾੜ ਤੇ ਮਹਾਰਾਜੇ ਨੂੰ ਭੇਜਿਆ ਗਿਆ। ਉਥੇ ਵੀ ਵਡੇ ਵਡੇ ਈਸਾਈ ਪਾਦਰੀਆਂ ਕੋਲੋਂ ਸਿਖਿਆ ਦਿਵਾਈ ਗਈ। ਅਖ਼ੀਰ ਲਾਰਡ ਡਲਹੌਜ਼ੀ ਤੇ ਉਸਦੀ ਪਤਨੀ ਦੋਵੇਂ ਫ਼ਤਹਗੜ੍ਹ ਆਏ। ਇਹ ਦੋਵੇਂ ਜੀਅ ਜ਼ਬਾਨ ਦੇ ਡਾਢੇ ਮਿੱਠੇ ਸਨ, ਪਰ ਦਿਲੋਂ ਬਿਲਕੁਲ ਇਸ ਤੋਂ ਉਲਟ। ਇਨ੍ਹਾਂ ਨੇ ਮਹਾਰਾਜਾ ਜੀ ਨੂੰ ਗੱਲਾਂ ਗੱਲਾਂ ਨਾਲ ਬੜੇ ਸਬਜ਼ ਬਾਗ਼ ਦਿਖਾਏ, ਸਿੰਘਾਂ ਦੇ ਵਿਰੁਧ ਚੋਖਾ ਜ਼ਹਿਰ ਉਗਲਿਆ, ਮਹਾਰਾਣੀ ਜਿੰਦਾਂ ਦੀ ਬਦਨਾਮੀ ਕੀਤੀ, ਤਾਂ ਕਿ ਮਹਾਰਾਜਾ ਉਸ ਨੂੰ ਯਾਦ ਨਾ ਕਰੇ। ਡਾਕਟਰ ਲਾਜਿਨ, ਉਸਦੀ ਪਤਨੀ ਤੇ ਹੋਰ ਕਰਮਚਾਰੀਆਂ ਨੂੰ ਇਹ ਸਮਝਾ ਦਿੱਤਾ ਗਿਆ ਕਿ ਜਿਵੇਂ ਵੀ ਹੋਵੇ ਮਹਾਰਾਜੇ ਨੂੰ ਛੇਤੀ ਤੋਂ ਛੇਤੀ ਈਸਈ ਕਰੋ, ਤਾਂ ਕਿ ਇਹ ਖ਼ੁਸ਼ਖਬਰੀ ਵਲੈਤ ਨੂੰ ਭੇਜੀ ਜਾਏ। ਫ਼ਤਹ ਗੜ੍ਹ ਤੋਂ ਜਾਂਦਾ ਹੋਇਆ ਲਾਰਡ ਡਲਹੌਜ਼ੀ ਮਹਾਰਾਜੇ ਨਾਲ ਅਨੇਕਾਂ ਸੁਗਾਤਾਂ ਭੇਜਣ ਦਾ ਇਕਰਾਰ ਵੀ ਕਰ ਗਿਆ।

ਅੰਗਰੇਜ਼ਾਂ ਦੀ ਸੰਗਤ ਕਰ ਕੇ ਮਹਾਰਾਜਾ ਅੰਗਰੇਜ਼ੀ ਜ਼ਬਾਨ ਨੂੰ ਚੰਗੀ ਤਰ੍ਹਾਂ ਸਮਝਣ ਲੱਗ ਪਿਆ। ਲਿਖਣ

ਪੜ੍ਹਨ ਵਿਚ ਵੀ ਹੁਸ਼ਿਆਰ ਹੋ ਗਿਆ। ਉਸ ਦੇ ਜੀਵਨ ਦਾ ਨਿਤ ਕਰਮ ਐਸਾ ਬਣਾਇਆ ਗਿਆ ਕਿ ਇਹ ਉਹ ਇਕ ਪਲ ਵੀ ਵਿਹਲਾ ਬੈਠ ਕੇ ਇਹ ਨਾ ਸੋਚ ਸਕੇ ਕਿ ਉਹ ਵੀ ਮਹਾਰਾਜਾ ਹੈ, ਉਸ ਦਾ ਵੀ ਆਪਣਾ ਰਾਜ ਹੈ, ਉਸ ਨੂੰ ਕਿਉਂ ਰਾਜ ਤੋਂ ਬਾਹਰ ਰਖਿਆ ਜਾਂਦਾ ਹੈ ਤੇ ਕੀ ਅੰਗਰੇਜ਼ ਉਸ ਨੂੰ ਰਾਜ ਵਾਪਿਸ ਦੇ ਦੇਣਗੇ? ਸ਼ਿਕਾਰ ਖੇਡਣਾ, ਤਾਸ਼ ਖੇਡਣੀ, ਗੱਪਾਂ ਮਾਰਨੀਆਂ, ਪੜ੍ਹਨਾ ਜਾਂ ਸੈਰ ਨੂੰ ਤੁਰ ਜਾਣਾ ਆਦਿ ਉਸ ਲਈ ਸ਼ੁਗਲ ਬਣਾਈ ਰੱਖਦੇ ਸਨ।

1853 ਵਿਚ ਮਹਾਰਾਜਾ ਦਲੀਪ ਸਿੰਘ ਜੀ ਸੋਲ੍ਹਾਂ ਸਾਲਾਂ ਦੇ ਹੋ ਗਏ ਸਨ। ਪਤਲਾ ਤੇ ਲੰਮਾ ਸੋਹਣਾ ਜੁਆਨ! ਗੋਲ ਚਿਹਰਾ, ਮੋਟੀਆਂ, ਅੱਖਾਂ, ਪਤਲੀ ਠੋਡੀ ਤੇ ਲੰਮਾ ਨੱਕ ਸੀ। ਕਲਗੀ ਲਾ ਕੇ ਜਦੋਂ ਆਪ ਦਸਤਾਰ ਸਜਾਂਦੇ ਤਾਂ ਬਹੁਤ ਹੀ ਸੁੰਦਰ ਗੱਭਰੂਜਾਪਦੇ। ਇਹ ਆਯੂਜੀਵਨ ਦਾ ਇਕ ਸੁਨਹਿਰੀ ਹਿੱਸਾ ਹੁੰਦੀ ਹੈ, ਜਦ ਕਿ ਜਵਾਨੀ ਮਸਤਾਨੀ ਮਨੁੱਖੀ ਮਨ ਵਿਚ ਹਿਲਜੁਲ ਪੈਦਾ ਕਰ ਦਿੰਦੀ ਹੈ ਅਤੇ ਬਾਲਪਨ ਦੀ ਥਾਂ ਜੀਵਨ ਦੇ ਨਵੇਂ ਸੁਪਨੇ ਰਚ ਵਿਖਾਂਦੀ ਹੈ। ਅਜਿਹੇ ਸਮੇਂ ਮਹਾਰਾਜੇ ਦੇ ਅਬੋਧ ਮਨ ਤੇ ਸੁੰਦਰਤਾ ਅਤੇ ਪਿਆਰ ਦਾ ਅਸਰ ਪਾਣ ਲਈ ਕਈ ਯੁਵਤੀਆਂ ਨੇ ਬਥੇਰੇ ਹਾਵ ਭਾਵ ਕੀਤੇ, ਜਿਹਾ ਕਿ ਸ਼ਾਹਜ਼ਾਦੀ ਕੁਰਗ, ਰਾਣੀ ਦੁਕਨੂੰ ਤੇ ਡਾਕਟਰ ਲਾਜਿਨ ਦੀ ਲੜਕੀ ਨੇ, ਪਰ ਮਹਾਰਾਜਾ ਦੇ ਸਵੱਛ ਹਿਰਦੇ ਤੇ ਉਹ ਆਪਣਾ ਪ੍ਰਭਾਵ ਨਾ ਪਾ ਸਕੀਆਂ। ਲਾਰਡ ਡਲਹੌਜ਼ੀ ਦੀ ਮਰਜ਼ੀ ਸੀ ਕਿ ਮਹਾਰਾਜਾ ਸ਼ਾਹਜ਼ਾਦੀ ਕੁਰਗ ਨੂੰ ਵਿਆਹ ਲਏ।

ਇਹੋ ਹੀ ਉਹ ਮਨਹੂਸ ਸਾਲ ਹੈ ਜਦੋਂ ਮਹਾਰਾਜਾ ਦਲੀਪ ਸਿੰਘ 'ਗੁਰੂਕਾ ਸਿੰਘ' ਨਾਂ ਰਿਹਾ। ਜਿਥੇ ਅਗੇ ਉਸਦਾ ਤਨ ਗ਼ੈਰਾਂ ਦੇ ਵਸ ਵਿਚ ਸੀ, ਉਥੇ ਹੁਣ ਮਹਾਰਾਜੇ ਦਾ ਮਨ ਵੀ ਉਨ੍ਹਾਂ ਨੇ ਖੋਹ ਲਿਆ। ਡਾਕਟਰ ਲਾਜਿਨ, ਲਾਰਡ ਡਲਹੌਜੀ, ਹੈਨਰੀ ਲਾਰੈਂਸ ਅਤੇ ਹੋਰ ਅਨੇਕਾਂ ਈਸਾਈ ਪਾਦਰੀਆਂ ਦਾ ਮਿਹਨਤ ਸਫਲ ਹੋਈ। ਉਨ੍ਹਾਂ ਮਹਾਰਾਜੇ ਨੂੰ ਬਰਬਾਦ ਕਰਨ ਦਾ ਜੋ ਬੀੜਾ ਚੁਕਿਆ ਸੀ, ਉਸ ਵਿਚ ਉਹ ਪੂਰੇ ਕਾਮਯਾਬ ਹੋ ਗਏ। ਇਕ ਦਿਨ ਉਸਦੀ ਕੋਠੀ ਬੜਾ ਭਾਰੀ ਇਕੱਠ ਹੋਇਆ। ਆਪਣੇ ਨੌਕਰਾਂ, ਸ਼ਹਿਰ ਦੇ ਪਤਵੰਤੇ ਸੱਜਣਾਂ, ਈਸਾਈ ਪਾਦਰੀਆਂ ਅਤੇ ਸਰਕਾਰੀ ਅਫ਼ਸਰਾਂ ਦੀ ਹਾਜ਼ਰੀ ਵਿਚ ਮਹਾਰਾਜਾ ਜੀ ਨੂੰ ਈਸਾਈ ਧਰਮ ਦਾ ਬਿਪਤ-ਸਮਾਂ ਦਿੱਤਾ ਗਿਆ। ਉਹ ਜਿਥੇ ਨਾ ਵਜੋਂ ਹੀ ਮਹਾਰਾਜਾ ਸੀ ਉਥੇ ਅੱਜ ਨਾਂ ਵਜੋਂ ਹੀ 'ਦਲੀਪ ਸਿੰਘ' ਰਹਿ ਗਿਆ।

ਮਹਾਰਾਜੇ ਦੇ ਕੇਸ ਬਹੁਤ ਲੰਮੇ ਅਤੇ ਖ਼ੂਬਸੂਰਤ ਸਨ। ਡਾਕਟਰ ਲਾਜਿਨ ਦੀ ਪਤਨੀ ਨੇ ਉਨ੍ਹਾਂ ਨੂੰ ਤੋਹਫ਼ੇ ਦੇ ਤੌਰ ਤੇ ਮੰਗ ਲਿਆ ਤੇ ਸੁਨਹਿਰੀ ਡੱਬੇ ਵਿਚ ਬੰਦ ਕਰਕੇ ਰੱਖ ਲਿਆ। ਉਹ ਤੋਹਫ਼ਾ ਨਹੀਂ ਸੀ, ਅਸਲ ਵਿਚ ਈਸਾਈ ਧਰਮ ਦੀ ਕੀਤੀ ਸੇਵਾ ਦੀ ਨਿਸ਼ਾਨੀ ਸੀ, ਜਿਸ ਨੂੰ ਉਹ ਸਾਂਭ ਰੱਖਣਾ ਤੇ ਵਲੈਤ ਦੇ ਈਸਾਈਆਂ ਨੂੰ ਦਿਖਾ ਕੇ ਪ੍ਰਸ਼ੰਸਾ ਹਾਸਲ ਕਰਨਾ ਚਾਹੁੰਦੀ ਸੀ। ਰਾਣੀ ਦੁਕਨੂੰ ਤੋਂ ਬਿਨਾਂ ਸਿੱਖੀ ਦੇ ਤਿਆਗ ਉਤੇ ਕਿਸੇ ਹੌਕਾ ਨਾ ਭਰਿਆ। ਸਭ ਨੇ ਵਧਾਈਆਂ ਦਿੱਤੀਆਂ, ਜਸ਼ਨ ਕੀਤੇ ਅਤੇ ਰਾਤ ਨੂੰ ਦੀਪ ਮਾਲਾ ਹੋਈ। ਵਲੈਤ ਦੀ ਪਾਰਲੀਮੈਂਟ ਮਲਕਾ ਵਿਕਟੋਰੀਆ ਅਤੇ ਡਲਹੌਜੀ ਨੂੰ ਖ਼ੁਸ਼ੀ ਦੀਆਂ ਤਾਰਾਂ ਗਈਆਂ?।

ਜਦੋਂ ਮਹਾਰਾਜਾ ਈਸਾਈ ਹੋ ਗਿਆ ਤਾਂ ਭਜਨ ਲਾਲ ਵਰਗੇ ਨੌਕਰਾਂ ਨੂੰ ਚੋਖੇ ਇਨਾਮ ਦੇ ਕੇ ਛੁੱਟੀ ਦੇ ਦਿੱਤੀ ਗਈ, ਕਿਉਕਿ ਉਹ ਜਿਸ ਮਨੋਰਥ ਵਾਸਤੇ ਰਖੇ ਸਨ, ਉਹ ਪੂਰਾ ਹੋ ਚੁੱਕਾ ਸੀ।

ਲਾਰਡ ਡਲਹੌਜ਼ੀ ਦੀ ਮਰਜ਼ੀ ਸੀ ਕਿ ਸਹਿਦੇਵ ਸਿੰਘ ਨੂੰ ਵੀ ਈਸਾਈ ਕਰ ਕੇ ਮਹਾਰਾਜੇ ਦੇ ਨਾਲ ਹੀ ਵਲੈਤ ਨੂੰ ਤੋਰਿਆ ਜਾਏ, ਪਰ ਰਾਣੀ ਦੁਕਨੂੰ ਨਾ ਮੰਨੀ। ਉਸ ਨੇ ਵਾਵੇਲਾ ਪਾਇਆ ਕਿ ਉਹ ਪੁੱਤਰ ਨੂੰ ਮਾਰ ਭਾਵੇਂ ਦੇਵੇ ਪਰ ਈਸਾਈ ਨਹੀਂ ਹੋਣ ਦੇਵੇਗੀ। ਉਸਨੂੰ ਇਹ ਵੀ ਕੁਝ ਆਸ ਹੋ ਗਈ ਕਿ ਦਲੀਪ ਸਿੰਘ ਹੁਣ ਈਸਾਈ ਹੋ ਗਿਆ ਹੈ ਤੇ ਇਸ ਨੂੰ ਤਾਂ ਹੁਣ ਸਿੱਖਾਂ ਰਾਜ ਨਹੀਂ ਕਰਨ ਦੇਣਾ। ਮੇਰਾ ਪੁੱਤਰ ਜੇ 'ਸਿੰਘ' ਰਹੇਗਾ ਤਾਂ ਹੋ ਸਕਦਾ ਹੈ ਇਸ ਨੂੰ ਰਾਜ ਲੈ ਦੇਣ।

ਛੇਕੜ ਉਹ ਦਿਨ ਆ ਗਿਆ, ਜਿਸ ਦਿਨ ਮਹਾਰਾਜੇ ਦੇ ਵਲੈਤ ਜਾਣ ਲਈ ਤਿਆਰੀਆਂ ਹੋ ਗਈਆਂ। ਉਸ ਦੇ ਨਾਲ ਦੇਸੀ ਨੌਕਰ ਅਤੇ ਇਕ ਕਾਂਸ਼ੀ ਦਾ ਈਸਾਈ ਪਾਦਰੀ "ਨੇਮੀ ਗੋਰਾਂ" ਤੋਰਿਆ । ਜਿਥੇ ਭਰੋਵਾਲ ਦੇ ਅਹਿਦਨਾਮੇ ਦੀ ਸ਼ਰਤ ਨੰਬਰ 9 ਅਪ੍ਰੈਲ 1854 ਨੂੰ ਕਲਕੱਤਿਉਂ ਜਹਾਜ਼ ਤੇ ਚਾੜ੍ਹ ਕੇ ਵਲੈਤ ਨੂੰ ਭੇਜ ਦਿਤਾ ਗਿਆ। ਐਨਾ ਪੱਥਰ ਦਿਲ ਬਣਾ ਦਿੱਤਾ ਗਿਆ ਸੀ ਕਿ ਉਸ ਨੇ ਪਿਆਰੇ ਵਤਨ ਦੇ ਤਿਆਗ ਵੇਲੇ ਨਾ ਅੱਖੀਂ ਗਲੇਡੂ ਭਰੇ ਨਾ ਹੌਕਾ ਲਿਆ, ਜੈਸਾ ਕਿ ਹਰ ਇਕ ਮਨੁੱਖ ਆਪਣੇ ਵਤਨ ਨੂੰ ਛੱਡਣ ਵੇਲੇ ਮਹਿਸੂਸ ਕਰਦਾ ਹੈ। ਇਸ ਵਿਚ ਉਸ ਦਾ ਕਸੂਰ ਨਹੀਂ ਸੀ, ਕਿਉਂਕਿ ਉਸ ਦੇ ਮਾਸੂਮ ਦਿਲ ਤੇ ਇਹੋ ਜਿਹਾ ਪਰਭਾਵ ਹੀ ਪਾਇਆ ਗਿਆ ਸੀ।

## ਕਾਂਡ-22

ਵਿਸ਼ਨੂੰਮਤੀ ਦਰਿਆ ਵੀ ਅੱਜ ਹੌਲੀ ਤੇ ਚੁਪ ਚਾਪ ਵਹਿ ਰਿਹਾ ਹੈ। ਉਸਦੇ ਉਦਾਲੇ ਦੀ ਬਨਸਪਤੀ ਤੇ ਉਦਾਸੀ ਅਤੇ ਹਨੇਰਾ ਛਾਇਆ ਹੋਇਆ ਹੈ। ਬੁੱਢੇ ਹਿਮਾਲਾ ਦੀਆਂ ਬਰਫ਼ਾਨੀ ਚੋਟੀਆਂ ਦੀ ਚਮਕ ਮੱਧਮ ਪੈ ਗਈ ਜਾਪਦੀ ਹੈ। ਮਹਾਰਾਣੀ ਜਿੰਦਾ ਦੇ ਮਹੱਲਾ ਵਿਚ ਵੱਸਣ ਵਾਲੇ ਸਾਰੇ ਜੀਅ ਉਦਾਸ-ਚਿਤ ਤੇ ਚਿੰਤਾਤੁਰ ਦਿੱਸਦੇ ਹਨ। ਉਹ ਅੰਦਰ ਬਾਹਰ ਆ ਜਾ ਤਾਂ ਰਹੇ ਹਨ, ਪਰ ਨਾ ਬੁਲ ਫਰਕਦੇ ਹਨ, ਨਾ ਜ਼ਬਾਨ ਹਿਲਦੀ ਹੈ। ਰਾਜ ਪ੍ਰੋਹਤ, ਰਾਣਾ ਜੰਗ ਬਹਾਦਰ, ਉਸ ਦੀਆਂ ਰਾਣੀਆਂ ਤੇ ਨਿਪਾਲ ਰਾਜ ਦੇ ਉਘੇ ਵੈਦ ਆਏ ਹੋਏ ਨੇ। ਸਭ ਦੀ ਜ਼ਬਾਨੋਂ ਇਹੋ ਨਿਕਲ ਰਿਹਾ ਹੈ, "ਭਗਵਾਨ ਮਹਾਰਾਣੀ ਜੀਉਂਦੀ ਰਹੇ। ਹਿਰਦੇ ਨੂੰ ਸੱਟ ਤਾਂ ਅਸਹਿ ਲੱਗੀ ਸੂ। ਪੁੱਤਰਾਂ ਦਾ ਵਿਛੋੜਾ ਮਮੂਲੀ ਨਹੀਂ।" ਜਾਂ ਕੋਈ ਕਿਸੇ ਨਾ ਕਿਸੇ ਵੈਦ ਨੂੰ ਬਾਹੋਂ ਫੜਕੇ ਪਾਸੇ ਕਰਕੇ ਪੁਛਦਾ ਹੈ, "ਦੱਸੋ ਵੈਦ ਜੀ, ਕੀ ਹਾਲ ਹੈ ਹੁਣ ਮਹਾਰਾਣੀ ਜੀ ਦਾ? ਬਚ ਜਾਏਗੀ?" ਆਪਣੇ ਹੁਨਰ ਤੇ ਭਰੋਸਾ ਰਖਦੇ ਹੋਏ ਵੈਦ ਰਾਜ ਜੀ ਵੀ ਉੱਤਰ ਦੇਂਦੇ ਹਨ, " ਚਿੰਤਾ ਕਰਨ ਦੀ ਲੋੜ ਨਹੀਂ" ਗ਼ਮ ਨੇ ਜੋ ਦਿਮਾਗ ਤੇ ਅਸਰ ਕੀਤਾ ਸੀ, ਉਹ ਕੁਝ ਦੂਰ ਹੋ ਗਿਆ ਹੈ। ਗਸ਼ਾਂ ਤੇ ਦੰਦਣਾਂ ਪੈਣੀਆਂ ਬੰਦ ਹੋ ਗਈਆਂ ਨੇ। ਰੋ ਕੇ ਅੱਥਰੂਕੇਰ ਲਏ ਸੁਇਸ ਕਰਕੇ ਹੁਣ ਪਾਗਲ ਹੋਣ ਦਾ ਵੀ ਡਰ ਨਈਂ ਰਿਹਾ। ਖ਼ਤਰੇ ਤਾਂ ਭਾਵੇਂ ਸਾਰੇ ਦੂਰ ਹੋ ਗਏ ਨੇ, ਫਿਰ ਵੀ ਗ਼ਮ ਨੂੰ ਚੰਗੀ ਤਰ੍ਹਾਂ ਦੂਰ ਕਰਨ ਵਾਸਤੇ ਲੰਮੇ ਸਮੇਂ ਦੀ ਲੋੜ ਹੈ।"

ਸ਼ਾਮੋ, ਸੱਜਲ ਸਿੰਘ ਤੇ ਗੋਮਤੀ ਮਹਾਰਾਣੀ ਦੀ ਸੇਵਾ ਵਿਚ ਐਸੀਆਂ ਰੁਝੀਆਂ ਹਨ ਕਿ ਉਨ੍ਹਾਂ ਨੂੰ ਨਾ ਖਾਣ ਦਾ ਫ਼ਿਕਰ ਹੈ ਨਾ ਨੀਂਦ ਦੀ ਚਿੰਤਾ। ਜਿਵੇਂ ਕੋਈ ਆਖਦਾ ਹੈ ਤਿਵੇਂ ਕਰੀ ਜਾਂਦੀਆਂ ਹਨ। ਉਹ ਸਾਰੇ ਅਕਾਲ ਪੁਰਖ

ਅਗੇ ਕਈ ਵੇਰ ਮਹਾਰਾਣੀ ਦੀ ਸਿਹਤ ਲਈ ਅਰਦਾਸਾਂ ਕਰ ਚੁੱਕੇ ਹਨ।

ਰਾਜ ਪ੍ਰੋਹਤ ਜੋ ਬੋਧੀ ਹੈ, ਉਹ ਮਹਾਰਾਣੀ ਨੂੰ ਉਪਦੇਸ਼ ਕਰ ਕੇ ਆਤਮਾ ਦਾ ਗਿਆਨ ਕਰਾ ਰਿਹਾ ਹੈ। ਉਹ ਆਖਦਾ ਹੈ, "ਰਾਜ ਮਾਤਾ! ਇਹ ਜਗਤ ਤੇ ਇਸ ਦੇ ਵਾਸੀ ਕੁਝ ਵੀ ਨਹੀਂ ਵਿਛੜਨਾ ਤੇ ਜੁੜਨਾ, ਜੁੜਨਾ ਤੇ ਵਿਛੜਨਾ ਜਗਤ ਦਾ ਮਨੋਰਥ ਹੈ, ਅਮਰ ਆਤਮਾ ਉਹ ਹੈ ਜੋ ਇਸ ਗਿਆਨ ਨੂੰ ਜਾਣ ਕੇ ਬੁੱਧ ਹੋ ਜਾਏ। ਉਸ ਨੂੰ ਹਰਖ-ਸੋਗ ਨਹੀਂ ਵਿਆਪਦਾ। ਦੁੱਖ ਦਾ ਕਾਰਨ 'ਹਉਮੈ' ਤੇ 'ਮੈਂ-ਮੇਰੀ' ਹੈ। ਇਸ ਦੇ ਹਨੇਰੇ ਵਿਚ ਠੋਕਰਾਂ ਲਗਦੀਆਂ ਹਨ।"

ਪੁੱਤਰ ਦੇ ਵਿਛੋੜੇ ਵਿਚ ਦੁਖੀ ਹੋ ਰਹੀ ਮਾਂ ਤੇ ਗਿਆਨ ਨੇ ਕੋਈ ਅਸਰ ਨਾ ਕੀਤਾ। ਪੂਰਨ ਦੇ ਵਿਛੜਨ ਤੇ ਇਛਰਾਂ ਨੂੰ ਵੀ ਗਿਆਨ ਦੱਸਿਆ ਗਿਆ ਸੀ, ਪਰ ਉਹ ਪੁੱਤਰ ਦੇ ਵੈਰਾਗ ਵਿਚ ਰੋ ਰੋ ਕ ਅੰਨ੍ਹੀ ਹੋ ਗਈ। ਉਸ ਦਿਨ ਹੀ ਦਿਲ ਨੂੰ ਸਬਰ ਤੇ ਅੱਖਾਂ ਨੂੰ ਚਾਨਣ ਮਿਲਿਆ, ਜਿਸ ਦਿਨ ਪੁੱਤਰ ਮਿਲਾਪ ਹੋਇਆ।

ਰਾਣਾ ਜੰਗ ਬਹਾਦਰ ਨੇ ਹੌਸਲਾ ਦਿਤਾ ਕਿ ਮੇਰੇ ਗੋਰਖੇ ਸਿਪਾਹੀ ਹਰ ਵਕਤ ਤੇਰੀ ਮਦਦ ਵਾਸਤੇ ਤਿਆਰ ਹਨ। ਚਿੰਤਾ ਨ ਕਰ, ਮੈਂ ਤੇਰਾ ਰਾਜ ਭਾਗ ਵਾਪਸ ਲੈ ਦਿਆਂਗ। ਤੇਰੇ ਪੁੱਤਰ ਨੂੰ ਵਲੈਤੋਂ ਵਾਪਸ ਮੰਗਵਾ ਲਵਾਂਗਾ। ਬਰਤਾਨੀਆਂ ਰਾਜ ਦੀ ਮਾਲਕ ਮਲਕਾਂ ਵਿਕਟੋਰੀਆ ਮੇਰਾ ਆਖਾ ਨਹੀਂ ਮੋੜੇਗੀ ਉਹ ਇਕ ਨੇਕ ਦਿਲ ਔਰਤ ਹੈ ਤੇ ਕਿਸੇ ਦਾ ਦਿਲ ਨਹੀਂ ਤੋੜਦੀ। ਤੇਰੀ ਫ਼ਰਿਆਦ ਜ਼ਰੂਰ ਸੁਣੇਗੀ। ਪਰ ਮਹਾਰਾਣੀ ਨੂੰ ਕਿਸੇ ਅੰਗਰੇਜ਼ ਤੇ ਭਰੋਸਾ ਨਹੀਂ ਰਿਹਾ। ਲਾਰਡ ਡਲਹੌਜ਼ੀ ਨੂੰ ਉਹ ਚਿੱਠੀਆਂ ਲਿਖ ਲਿਖ ਥਕ ਚੁਕੀ ਸੀ ਜਿਸਦਾ ਕਦੇ ਕੋਈ ਉੱਤਰ ਨਹੀਂ ਸੀ ਆਇਆ। ਮਹਾਰਾਣੀ ਨੇ ਜੰਗ ਬਹਾਦਰ ਨੂੰ ਕੋਈ ਉੱਤਰ ਨਾ ਦਿੱਤਾ। ਉਹ ਚੁਪ ਚਾਪ ਸਭ ਕੁਝ ਸੁਣਦੀ ਰਹੀ, ਕਿਉਂਕਿ ਉਹ ਸੱਜਨ ਸਿੰਘ ਦੀ ਜ਼ਬਾਨੀ ਉਹ ਕੁਝ ਸੁਣ ਚੁਕੀ ਸੀ ਜੋ ਉਸ ਵਾਸਤੇ ਅਸਹਿ ਸੀ।

ਸੱਜਨ ਸਿੰਘ ਹੀ ਫ਼ਤਹਿ ਗੜ੍ਹ ਤੋਂ ਮਹਾਰਾਜਾ ਦਲੀਪ ਸਿੰਘ ਦੇ ਕੇਸ ਕਤਲ ਕਰਾਣ ਅਤੇ ਵਲੈਤ ਜਾਣ ਦੀ ਖ਼ਬਰ ਲਿਆਇਆ ਸੀ। ਇਸਦਾ ਵਿਸਥਾਰ ਨਾਲ ਜ਼ਿਕਰ ਇਉਂ ਹੈ ਕਿ ਇਕ ਦਿਨ ਮਹਾਰਾਣੀ ਨੇ ਸ਼ਾਮੋ ਨੂੰ ਕਿਹਾ, "ਸ਼ਾਮੋ ਜੋ ਉਹ ਫ਼ਤਹਿ ਗੜ੍ਹ ਹੈ ਤਾਂ ਉਸ ਨੂੰ ਕੌਣ ਇਥੇ ਲਿਆਏ? ਉਸਨੂੰ ਕੋਣ ਦੱਸੇ ਕਿ ਤੇਰੀ ਅਭਾਗਣ ਮਾਂ ਵਿਲਕ ਰਹੀ ਹੈ? ਰਾਜਭਾਗ ਮਿਲਣ ਦਾ ਆਸ ਤਾਂ ਨਹੀਂ ਰਹੀ, ਕੀ ਪੁੱਤਰ ਮਿਲਾਪ ਵੀ ਨਾ ਹੋਵੇਗਾ?" ਸ਼ਾਮੋ ਨੇ ਗੱਲ ਸੁਣ ਕੇ ਸੱਜਨ ਸਿੰਘ ਵੱਲ ਤੱਕਿਆ। ਇਹ ਤੱਕਣੀ ਹੀ ਐਸੀ ਸੀ ਕਿ ਸੱਜਨ ਸਿੰਘ ਸ਼ਾਮੋ ਦਾ ਦਿਲੀ ਭਾਵ ਸਮਝ ਗਿਆ ਕਿ ਉਹ ਫ਼ਤਹ ਗੜ੍ਹ ਜਾ ਕੇ ਮਹਾਰਾਜਾ ਜੀ ਨੂੰ ਹਿਥੇ ਲੈ ਆਵੇ ਜਾਂ ਸਾਰੀ ਖ਼ਬਰ ਕਰੇ। ਉਸਨੇ ਹੱਥ ਜੋੜਕੇ ਮਹਾਰਾਣੀ ਅਗੇ ਬੇਨਤੀ ਕੀਤੀ-

"ਸਰਕਾਰ, ਮੈਂ ਹਾਜ਼ਰ ਹਾਂ। ਭਾਵੇਂ ਕਿਵੇਂ ਵੀ ਹੋਵੇ ਮੈਂ ਆਪਣੇ ਮਹਾਰਾਜੇ ਅਤੇ ਤੁਹਾਡੇ ਦਲੀਪ ਜੀ ਨੂੰ ਮਿਲਾਂਗਾ। ਭਾਵੇਂ ਆਪਣੀ ਜਾਨ ਖ਼ਤਰੇ ਵਿਚ ਕਿਉਂ ਨਾ ਪਾਉਣੀ ਪਵੇ। ਉਨ੍ਹਾਂ ਨੂੰ ਜਾ ਕੇ ਦੱਸਾਂਗਾ ਕਿ ਤੁਸੀਂ ਕਿਸ ਤਰ੍ਹਾਂ ਤੜਫ ਰਹੇ ਹੋ। ਉਨ੍ਹਾਂ ਦੇ ਹੱਥਾਂ ਦੀ ਲਿਖੀ ਹੋਈ ਚਿੱਠੀ ਤੁਹਾਡੇ ਪਾਸ ਲਿਆਵਾਂਗਾ ਅਤੇ ਉਨ੍ਹਾਂ ਨੂੰ ਬੜੇ ਜ਼ੋਰ ਨਾਲ ਅਰਜ਼ ਕਰਾਂਗਾ ਕਿ ਜਿਸ ਤਰ੍ਹਾਂ ਭੀ ਹੋਵੇ ਤੁਹਾਨੂੰ ਮਿਲਣ।"

ਮਹਾਰਾਣੀ ਨੇ ਸੱਜਨ ਸਿੰਘ ਨੂੰ ਅਸ਼ੀਰਵਾਦ ਦਿੱਤੀ, ਰਾਹ ਖ਼ਰਚ ਦਿੱਤਾ ਤੇ ਫ਼ਤਹਗੜ੍ਹ ਨੂੰ ਤੋਰ ਦਿੱਤਾ। ਫ਼ਤਹ ਗੜ੍ਹ ਕਈਆਂ ਦਿਨਾਂ ਦਾ ਰਾਹ ਸੀ ਅਤੇ ਜਾਣਾ ਭੀ ਚੋਰੀ ਸੀ ਇਸ ਲਈ ਰਸਤੇ ਵਿਚ ਕਈ ਤਕਲੀਫ਼ਾਂ ਆਈਆਂ। ਆਖ਼ਰ ਉਹ ਫ਼ਤਹਗੜ੍ਹ ਪਹੁੰਚ ਗਿਆ ਤੇ ਮਹਾਰਾਜੇ ਨੂੰ ਮਿਲਣ ਲਈ ਕੋਸ਼ਿਸ਼ ਕਰਨ ਲੱਗਾ। ਪਰ ਇਹ ਇਕ ਵੱਡੀ ਭਾਰੀ ਔਕੜ ਸੀ ਕਿਉਂਕਿ ਉਸਦੇ ਉਦਾਲੇ ਕਰੜਾ ਪਹਿਰਾ ਰਹਿੰਦਾ ਸੀ ਤੇ ਇਕ ਪਲ ਵੀ ਉਸ ਨੂੰ ਇਕੱਲਾ ਨਹੀਂ ਸੀ ਛੱਡਿਆ ਜਾਂਦਾ। ਉਸ ਨੇ ਕਈ ਹੀਲੇ ਕੀਤੇਪਰ ਉਹ ਸਫਲ ਨਾ ਹੋ ਸਕਿਆ। ਭਜਨ ਲਾਲ ਨੂੰ ਮਿਲਿਆ, ਪਰ ਉਸ ਨੇ ਵੀ ਸਿਰ ਫੇਰ ਦਿੱਤਾ। ਪਹਿਲਾਂ ਤਾਂ ਸੱਜਨ ਸਿੰਘ ਨੇ ਸੋਚਿਆ ਕਿ ਉਹ ਭਜਨ ਲਾਲ ਨੂੰ ਦੱਸ ਦੇਵੇ ਕਿ ਉਹ ਮਹਾਰਾਣੀ ਜਿੰਦਾਂ ਕੋਲੋਂ ਆਇਆ ਹੈ, ਪਰ ਉਸਨੂੰ ਇਹ ਭੇਤ ਖੋਲ੍ਹਣ ਦਾ ਹੌਸਲਾ ਨਾ ਪਿਆ। ਉਨ੍ਹੀਂ ਦਿਨੀਂ ਮਹਾਰਾਜੇ ਨੂੰ ਈਸਾਈ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਅੰਤ ਸੱਜਨ ਸਿੰਘ ਰਾਣੀ ਦੁਕਨੂੰ ਕੋਲ ਪੁੱਜਾ, ਉਸ ਨੇ ਸਾਧੂਜਾਣ ਕੇ ਬੜਾ ਸਤਿਕਾਰ ਕੀਤਾ ਤੇ ਆਉਣ ਦਾ ਕਾਰਨ ਪੁਛਿਆ।

ਸੱਜਨ ਸਿੰਘ - "ਮੈਂ ਮਹਾਰਾਜਾ ਜੀ ਦੇ ਦਰਸ਼ਨ ਕਰਨੇ ਹਨ। ਉਨ੍ਹਾਂ ਨੂੰ ਤੁਸੀਂ ਆਪਣੇ ਪਾਸ ਸੱਦੇ। ਮੇਰੀ ਇਹ ਵੱਡੀ ਚਾਹ ਹੈ ਤੇ ਮੈਂ ਬਹੁਤ ਦੂਰੋਂ ਆਇਆ ਹਾਂ। ਮੈਂ ਸੰਨਿਆਸੀ ਹੁੰਦਾ ਹਾਂ। ਤੇਰਾ ਪੁੱਤਰ ਬੜੇ ਭਾਗਾਂ ਵਾਲਾ ਹੈ।

ਰਾਣੀ ਦੁਕਨੂੰ- "ਮਹਾਤਮਾ ਜੀ, ਉਨ੍ਹਾਂ ਦਾ ਇਥੇ ਆਉਣਾ ਤਾਂ ਔਖਾ ਹੈ ਕਿਉਂਕਿ ਈਸਾਈ ਪਾਦਰੀ ਉਨ੍ਹਾਂ ਦਾ ਖਹਿੜਾ ਨਹੀਂ ਛੱਡਦੇ। ਉਹ ਧਰਮ ਛੱਡ ਰਿਹਾ ਹੈ। ਮੈਂ ਬਥੇਰਾ ਵਰਜਿਆ ਕਿ ਧਰਮ ਨਾ ਛੱਡੋ, ਪਰ ਹਿਕ ਨਹੀਂ ਸੁਣਦਾ। ਫਿਰ ਵੀ ਮੈਂ ਕੋਸ਼ਿਸ਼ ਕਰ ਵੇਖਦੀ ਹਾਂ।

ਸੱਜਨ ਸਿੰਘ ਨੇ ਅਨੇਕਾਂ ਸਾਧੂਆਂ ਵਾਲੇ ਪਖੰਡ ਕਰ ਕੇ ਰਾਣੀ ਨੂੰ ਮਜਬੂਰ ਕਰ ਲਿਆ ਕਿ ਉਹ ਮਹਾਰਾਜੇ ਨੂੰ ਆਪਣੇ ਕੋਲ ਸੱਦੇ। ਰਾਣੀ ਨੇ ਸੁਨੇਹਾ ਭੇਜਿਆ। ਸਬੱਬ ਨਾਲ ਮਹਾਰਾਜਾ ਇਕੱਲਾ ਬਾਗ ਵਿਚ ਟਹਿਲ ਰਿਹਾ ਸੀ ਤੇ ਭਜਨ ਲਾਲ ਕਿਤੇ ਸ਼ਹਿਰ ਗਿਆ ਹੋਇਆ ਸੀ। ਜਦੋਂ ਉਸ ਨੂੰ ਸੁਨੇਹਾ ਮਿਲਿਆ ਕਿ ਰਾਣੀਦੁਕਨੂੰ ਕਿਸੇ ਜ਼ਰੂਰੀ ਕੰਮ ਵਾਸਤੇ ਬੁਲਾ ਰਹੀ ਹੈ ਤਾਂ ਉਹ ਉਸੇ ਵੇਲੇ ਹੀ ਉਧਰ ਚਲਾ ਗਿਆ ਤੇ ਰਾਣੀ ਨੂੰ ਆ ਮਿਲਆ। ਉਸ ਨੇ ਸਾਂਧੂਸੱਜਾਨ ਸਿੰਘ ਨਾਲ ਮੁਲਾਕਾਤ ਕਰਾਈ। ਮਹਾਰਾਜੇ ਨੇ ਸੱਜਨ ਸਿੰਘ ਨੂੰ ਸਾਧੂਸਮਝ ਕੇ ਸਤਿਕਾਰ ਕੀਤਾ ਤੇ ਮਿਲਣ ਦਾ ਕਾਰਨ ਪੁਛਿਆ।

"ਸਰਕਾਰ ਮੈਂ ਸਾਧੂਨਹੀਂ" ਸੱਜਨ ਸਿੰਘ ਬੋਲਿਆ, "ਮੈਂ ਆਪ ਦਾ ਇਕ ਸਿਪਾਹੀ ਹਾਂ। ਆਪ ਦੀ ਮਾਤਾ (ਮਹਾਰਾਣੀ ਜਿੰਦਾਂ) ਜੀ ਨੇ ਮੈਨੂੰ ਭੇਜਿਆ ਹੈ। ਆਪ ਦੀ ਸੁਖ ਸਾਂਦ ਵਾਸਤੇ ਇਹ ਚਿੱਠੀ ਹੈ।" ਇਕ ਕਾਗਜ਼ ਦਾ ਟੁਕੜਾ ਪੱਲਿਓਂ ਖੋਲ੍ਹ ਕੇ ਮਹਾਰਾਜਾ ਦੇ ਹੱਥ ਦਿੱਤਾ।

ਪੁੱਠੀ ਸੰਗਤ ਦਾ ਪੁੱਠਾ ਅਸਰ ਸੀ। ਆਪਣੀ ਮਾਤਾ ਦਾ ਨਾਂ ਸੁਣ ਕੇ ਮਹਾਰਾਜਾ ਕੰਬ ਗਿਆ। ਗੁੱਸੇ ਨਾਲ ਲਾਲ ਪੀਲਾ ਹੋ ਗਿਆ ਤੇ ਚਿੱਠੀ ਸੱਜਨ ਸਿੰਘ ਦੇ ਹੱਥੋਂ ਫੜ ਕੇ ਉਸ ਦੇ ਟੁਕੜੇ ਟੁਕੜੇ ਕਰਦਾ ਹੋਇਆ ਬੋਲਿਆ, "ਆਪ ਯਹਾਂ ਸੇ ਦੌੜ ਜਾਈਏ, ਨਹੀਂ ਤੋਂ ਮੈਂ ਸਿਪਾਹੀਓਂ ਕੋ ਬੁਲਾ ਕਰ ਆਪ ਕੋ ਪਕੜਾ ਦੂੰਗਾ। ਮੇਰੀ ਮਾਤਾ ਕੋਈ

ਨਹੀਂ ਹੈ। ਵੋਹ ਬਹੁਤ ਬੁਰੀ ਔਰਤ ਹੈ ਹਮ ਉਸ ਕੋ ਦੇਖਣਾ ਨਹੀਂ ਚਾਹਤਾ। ਉਸ ਨੇ ਮੇਰਾ ਰਾਜ ਬਰਬਾਦ ਕੀਆ, ਮੇਰੇ ਪਿਤਾ ਕਾ ਨਾਮ ਬਦਨਾਮ ਕੀਆ। ਜਾਓ ਭਾਗ ਜਾਉ !" ਇਹ ਜੋ ਜੋ ਸ਼ਬਦ ਮਹਾਰਾਜੇ ਦੀ ਜ਼ਬਾਨੋਂ ਆਪਣੀ ਮਾਤਾ ਦੇ ਵਿਰੁਧ ਨਿਕਲੇ ਇਹ ਉਸ ਦੇ ਆਪਣੇ ਨਹੀਂ ਸਨ, ਸਗੋਂ ਚੋਖੇ ਚਿਰ ਤੋਂ ਡਾਕਟਰ ਲਾਜਿਨ ਉਸ ਨੂੰ ਯਾਦ ਕਰਾ ਰਿਹਾ ਸੀ। ਬਿਨਾਂ ਸੋਚੇ ਸਮਝੇ ਉਹ ਤੋਤੇ ਵਾਂਗ ਉਨ੍ਹਾਂ ਨੂੰ ਜ਼ਬਾਨੋ ਕੱਢੀ ਗਿਆ।

ਮਹਾਰਾਣੀ ਦੀ ਨਿਰਾਦਰੀ ਸੱਜਨ ਸਿੰਘ ਨਾ ਸੁਣ ਸਕਿਆ। ਉਸਨੂੰ ਵੀ ਗੁੱਸਾ ਆਇਆ, ਜੋਸ਼ ਨੇ ਹੁਲਾਰਾ ਦਿੱਤਾ, ਪਰ ਉਹ ਸਮੇਂ ਤੇ ਕਾਬੂਪਾ ਗਿਆ। ਚਿੱਠੀ ਦੇ ਟੁਕੜੇ ਚੁਕ ਕੇ ਉਸ ਨੇ ਮੁੱਠ ਵਿਚ ਲੈ ਲਏ ਤੇ ਕਮਰੇ ਵਿਚੋਂ ਬਾਹਰ ਨਿਕਲਣ ਨੂੰ ਤਿਆਰ ਹੁੰਦਾ ਹੋਇਆ ਬੋਲਿਆ, "ਸਰਕਾਰ ਨੂੰ ਗ਼ਲਤੀ ਲਗ ਰਹੀ ਏ। ਮਹਾਰਾਣੀ ਨੇਕ ਪਵਿੱਤਰ ਹੈ। ਉਹ ਆਪ ਦੇ ਵਿਛੋੜੇ ਵਿਚ ਮਰਨ ਕਿਨਾਰੇ ਪਈ ਹੈ। ਰਾਜ ਉਸ ਨੇ ਨਹੀਂ ਗਵਾਇਆ, ਸਗੋਂ ਰਾਜ ਖੋਹਣ ਵਾਲੇ ਤਾਂ ਡਰਦੇ ਹਨ ਕਿ ਉਹ ਮੁੜ ਕੇ ਨਾ ਰਾਜ ਲੈ ਲਵੇ। ਇਸ ਵਾਸਤੇ ਉਹ ਆਪ ਨੂੰ ਵੀ ਮਹਾਰਾਣੀ ਦੇ ਵਿਰੁਧ ਉਸੇ ਤਰ੍ਹਾਂ ਕਰ ਰਹੇ ਨੇ, ਜਿਵੇਂ ਧਿਆਨ ਸਿੰਘ ਨੇ ਕਦੀ ਕੰਵਰ ਨੌ ਨਿਹਾਲ ਸਿੰਘ ਜੀ ਨੂੰ ਮਹਾਰਾਜਾ ਖੜਕ ਸਿੰਘ ਦੇ ਵਿਰੁਧ ਕੀਤਾ ਸੀ। ਪਰ ਅਫਸੋਸ, ਆਪ ਗ਼ਲਤੀ ਤੇ ਹੋ। ਜਿਸ ਦਿਨ ਸਮਝ ਪਏਗੀ ਉਸ ਦਿਨ ਆਪਣੀ ਪਿਆਰੀ ਮਾਤਾ ਨੂੰ ਯਾਦ ਕਰ ਕਰ ਧਾਹੀਂ ਮਾਰੋਗੇ !"

ਘੜੀ ਪਲ ਲਈ ਮਹਾਰਾਜੇ ਦੇ ਦਿਲ ਤੇ ਵੀ ਐਸਾ ਵਿਚਾਰ ਆਇਆ ਕਿ ਉਹ ਚੁਪ ਚਾਪ ਸਭ ਕੁਝ ਸੁਣਦਾ ਗਿਆ। ਗੁੱਸੇ ਨਾਲ ਹੋਰ ਕੋਈ ਧਮਕੀ ਨਹੀਂ ਦਿੱਤੀ ਤੇ ਸੱਜਨ ਸਿੰਘ ਵੱਲ ਬਿਟਬਿਟ ਦੇਖਦਾ ਰਿਹਾ। ਸ਼ਾਇਦ ਅਕਾਲ ਪੁਰਖ ਨੇ ਉਸ ਦੇ ਹਿਰਦੇ ਵਿਚ ਰਤਾ ਸਚਾਈ ਤੇ ਤਰਸ ਦੀ ਕਿਰਨ ਸੁੱਟੀ। ਇਹ ਸੱਜਨ ਸਿੰਘ ਵਾਸਤੇ ਵੀ ਲਾਭਵੰਦ ਸੀ, ਕਿਉਂਕਿ ਗੁੱਸੇ ਵਿਚ ਆਇਆ ਮਹਾਰਾਜਾ ਰਤਾ ਵੀ ਉੱਚੀ ਕਹਿ ਕੇ ਕਿਸੇ ਸਿਪਾਹੀ ਵਲ ਇਸ਼ਾਰਾ ਕਰ ਦੇਂਦਾ ਤਾਂ ਸੱਜਨ ਸਿੰਘ ਦੇ ਉਸੇ ਵੇਲੇ ਜਾਂ ਡੱਕਰੇ ਹੋ ਜਾਣੇ ਸਨ ਤੇ ਜਾਂ ਉਸ ਨੂੰ ਕਾਲ ਕੋਠੜੀ ਵਿਚ ਸੁਟਿਆ ਜਾਣਾ ਸੀ।

ਸੱਜਨ ਸਿੰਘ ਨੇ ਫੇਰ ਖੋਲਣਾ ਸ਼ੁਰੂਕਰ ਦਿੱਤਾ, "ਸ਼ੇਰੇ ਪੰਜਾਬ ਦੇ ਘਰਾਣੇ ਨੂੰ ਖ਼ਤਮ ਕਰਨ ਵਾਸਤੇ ਵੈਰੀ ਆਪ ਨੂੰ ਮਿੱਠਾ ਜ਼ਹਿਰ ਦੇ ਰਿਹਾ ਹੈ । ਜੇ ਗੁਰੂਦੀ ਸਿੱਖੀ ਛੱਡੋਗੇ ਤਾਂ ਵੱਡੀ ਸ੍ਰਕਾਰ (ਮਹਾਰਾਜਾ ਰਣਜੀਤ ਸਿੰਘ) ਤੇ ਤੁਹਾਡੀ ਮਾਤਾ ਜੀ ਦੀਆਂ ਆਤਮਾਵਾਂ ਬਹੁਤ ਦੁਖੀ ਹੋਣਗੀਆਂ। ਮਹਾਰਾਣੀ ਜੀ, ਜੋ ਤੁਹਾਡੇ ਵਿਛੋੜੇ ਵਿਚ ਪਹਿਲਾਂ ਹੀ ਘੁਲ ਕੇ ਹੱਡੀਆਂ ਦੀ ਮੁੱਠ ਹੋ ਗਏ ਹਨ, ਇਹ ਸੁਣ ਕੇ ਜੀਉਂਦੇ ਨਹੀਂ ਰਹਿ ਸਕਣਗੇ। ਤੁਸੀਂ ਕਿਸੀ ਦੇ ਵੱਸ ਵਿਚ ਹੋ ਅਤੇ ਜੋ ਕੁਝ ਤੁਹਾਨੂੰ ਦੱਸਿਆ ਗਿਆ ਹੈ ਉਹ ਸਭ ਝੂਠ ਹੈ। ਮਹਾਰਾਣੀ ਜੀ ਬੜੇ ਨੇਕ ਤੇ ਪਵਿੱਤਰ ਹਨ। ਰਾਜ ਦੇ ਗਵਾਚਣ ਵਿਚ ਵੀ ਉਨ੍ਹਾਂ ਦਾ ਕੋਈ ਕਸੂਰ ਨਹੀਂ। ਸਗੋਂ ਉਹ ਹਰ ਪ੍ਰਮਾਤਮਾ ਅਗੇ ਅਰਦਾਸਾਂ ਕਰਦੇ ਰਹਿੰਦੇ ਹਨ ਕਿ ਤੁਹਾਨੂੰ ਮੁੜ ਰਾਜ ਸਿੰਘਾਸਨ ਤੇ ਦੇਖਣ। ਤੁਸਾਂ ਜੋ ਸ਼ਬਦ ਉਨ੍ਹਾਂ ਬਾਰੇ ਕਹੇ ਹਨ, ਮੇਰਾ ਹੌਂਸਲਾ ਨਹੀਂ ਪਏਗਾ ਕਿ ਮੈਂ ਉਨ੍ਹਾਂ ਜੋ ਸ਼ਬਦ ਉਨ੍ਹਾਂ ਬਾਰੇ ਕਹੇ ਹਨ, ਮੇਰਾ ਹੌਂਸਲਾ ਨਹੀਂ ਪਏਗਾ ਕਿ ਮੈਂ ਉਨ੍ਹਾਂ ਨੂੰ ਦੱਸ ਸਕਾਂ। ਇਸ ਲਈ ਪ੍ਰਮਾਤਮਾ ਦੇ ਵਾਸਤੇ ਤੁੰਸੀ ਕਿਸੇ ਦੀ ਗੱਲ ਨਾ ਸੁਣੋ। ਆਪਣੇ ਸਿੱਖੀ ਬਾਣੇ ਨੂੰ ਨਾ ਤਿਆਗਣਾ ਤੇ ਨਾ ਹੀ

ਕਿਸੇ ਦੇ ਆਖੇ ਲੱਗ ਕੇ ਆਪਣੇ ਦੇਸ ਨੂੰ ਛੱਡਣਾ। ਛੋਟਾ ਮੂੰਹ ਤੇ ਵੱਡੀ ਗੱਲ ਹੈ, ਪਰ ਮੈਂ ਤੁਹਾਡਾ ਨਿਮਕ ਖਾਧਾ ਹੈ ਅਤੇ ਸਚਾਈ ਦੱਸਣੋਂ ਨਹੀਂ ਰੁਕ ਸਕਿਆ। ਅਕਾਲ ਪੁਰਖ ਆਪਨੂੰ ਸੁਝ ਦੇਵੇ ਅਤੇ ਐਸਾ ਨਾ ਹੋਵੇ ਕਿ ਜੋ ਕੁਝ ਤੁਹਾਡੇ ਤੋਂ ਫ਼ਰੰਗੀ ਕਰਾਣਾ ਚਾਹੁੰਦੇ ਹਨ ਕਰ ਕੇ ਮਗਰੋਂ ਸਾਰੀ ਉਮਰ ਪਛਤਾਉਣਾ ਪਏ। ਮੈਂ ਹੁਣ ਜਾਂਦਾ ਹਾਂ ਤੇ ਆਪ ਜੀ ਨੂੰ ਮੱਥਾ ਟੇਕਦਾ ਹਾਂ। ਮੈਂ ਤਾਂ ਸਿਰ-ਲੱਥ ਸਿਪਾਹੀ ਹਾਂ ਤੇ ਜਾਨ ਵਾਰ ਦੇ ਵੀ ਉਸ ਦੁਖੀਆ ਮਹਾਰਾਣੀ ਦੀ ਸੇਵਾ ਕਰਾਂਗਾ। ਜੇਕਰ ਕਿਸੀ ਦੇ ਦਹਾਏ ਤੁਸੀ ਆਪਣੀ ਮਾਤਾ ਨੂੰ ਮਾਤਾ ਨਹੀਂ ਸਮਝਦੇ ਤਾਂ ਮੈਂ ਉਸ ਅਣਖੀਲੀ ਮਾਤਾ ਦੀ ਸੇਵਾ ਕਰਾਂਗਾ।"

ਮਹਾਰਾਜਾ ਫਿਰ ਵੀ ਨਹੀਂ ਬੋਲਿਆ। ਉਸਦੀਆਂ ਅੱਖਾਂ ਨੀਵੀਆਂ ਹੋ ਗਈਆਂ। ਸੱਜਨ ਸਿੰਘ ਤੁਰ ਪਿਆ। ਅਜੇ ਦਸ ਕਦਮ ਵੀ ਨਹੀਂ ਸੀ ਗਿਆ ਕਿ ਰਾਣੀ ਦੁਕਨੂੰ ਨੇ ਉਸ ਨੂੰ ਆਵਾਜ਼ ਦਿੱਤੀ, "ਮਹਾਤਮਾ ਜੀ !"

ਉਹ ਰੁਕ ਗਿਆ। ਦੂਸਰੀ ਆਵਾਜ਼, "ਰਤਾ ਗੱਲ ਸੁਣ ਜਾਣਾ।"

ਸੱਜਨ ਸਿੰਘ ਪਿਛੇ ਮੁੜ ਗਿਆ। ਜਦੋਂ ਉਸ ਦੇ ਕੋਲ ਆਇਆ ਤਾਂ ਰਾਣੀ ਮਹਾਰਾਜ ਦਲੀਪ ਸਿੰਘ ਨੂੰ ਆਖਣ ਲੱਗੀ, "ਮਹਾਰਾਜ ਅੱਜ ਮੇਰੇ ਅਤੇ ਇਸ ਦਲੇਰ ਸਿਪਾਹੀ ਤੇ ਮਿਹਰ ਕਰਨੀ, ਕਿਸੇ ਅਗੇ ਭੇਤ ਨਾ ਖੋਲ੍ਹਣਾ, ਮੈਂ ਦਸ ਮਿੰਟ ਇਸ ਕੋਲੋਂ ਮਾਤਾ ਜੀ ਦਾ ਹਾਲ ਪੁਛ ਲਵਾਂ। ਉਸ ਦੀ ਜੀਵਨ-ਕਹਾਣੀ ਤਾਂ ਸੁਣ ਲਵਾਂ।"

"ਜਿਵੇਂ ਤੇਰੀ ਮਰਜ਼ੀ" ਆਖ ਕੇ ਮਹਾਰਾਜਾ ਉਥੋਂ ਤੁਰ ਗਿਆ। ਉਸ ਦੇ ਚਿਹਰੇ ਤੇ ਉਦਾਸੀ ਦਾ ਪਰਭਾਵ ਸੀ।

ਸੱਜਨ ਸਿੰਘ ਨੇ ਫ਼ਤਹਗੜ੍ਹ ਵਿਚ ਟਿਕ ਕੇ ਮਹਾਰਾਜੇ ਨਾਲ ਹੋਰ ਮੁਲਾਕਾਤਾਂ ਕਰਨੀਆਂ ਚਾਹੀਆਂ, ਪਰ ਉਹ ਨਾ ਕਰ ਸਕਿਆ। ਉਨੇ ਚਿਰ ਨੂੰ ਮਹਾਰਾਜੇ ਨੂੰ ਈਸਾਈ ਬਣਾ ਕੇ ਵਲੈਤ ਨੂੰ ਤੋਰ ਦਿੱਤਾ। ਜਿਸ ਦਿਨ ਮਹਾਰਾਜੇ ਨੇ ਫ਼ਤਹਗੜ੍ਹ ਨੂੰ ਛੱਡਿਆ, ਉਸੇ ਦਿਨ ਹੀ ਸੱਜਨ ਸਿੰਘ ਵੀ ਭਰੇ ਦਿਲ ਨਿਪਾਲ ਨੂੰ ਟਰ ਗਿਆ।

ਨਿਪਾਲ ਪੁੱਜ ਕੇ ਉਸ ਨੇ ਮਹਾਰਾਜਾ ਦਲੀਪ ਸਿੰਘ ਦਾ ਸਾਰਾ ਹਾਲ ਮਹਾਰਾਣੀ ਨੂੰ ਦੱਸਿਆ। ਪਰ ਜਦੋਂ ਇਹ ਦੱਸਿਆ ਕਿ ਉਸਦੇ ਕੇਸ ਕਤਲ ਕਰ ਦਿੱਤੇ ਗਏ ਹਨ ਤੇ ਈਸਾਈ ਬਣਾ ਕੇ ਉਸਨੂੰ ਵਲੈਤ ਭੇਜਿਆ ਗਿਆ ਹੈ ਤਾਂ ਮਹਾਰਾਣੀ ਸਹਿ ਨਾ ਸਕੀ ਤੇ ਜਿਥੇ ਬੈਠੀ ਸੀ ਉਥੇ ਹੀ ਗਸ਼ ਖਾ ਕੇ ਪਿਛੇ ਨੂੰ ਡਿਗ ਪਈ। ਉਸ ਨੂੰ ਗਸ਼ਾਂ ਤੇ ਗਸ਼ਾਂ ਪੈਣ ਲਗੀਆਂ। ਕਿੰਨਾ ਕਿੰਨਾ ਚਿਰ ਦੰਦਣ ਨਾ ਟੁਟਦੀ। ਸਾਰੇ ਮਹੱਲ ਵਿਚ ਉਦਾਸੀ, ਚਿੰਤਾ ਤੇ ਗ਼ਮ ਛਾ ਗਿਆ। ਦਾਸੀਆਂ, ਨੌਕਰ ਚਾਕਰ ਰੋਂਦੇ ਹੋਏ ਨੱਠੇ ਫਿਰਦੇ ਸਨ। ਜੰਗ ਬਹਾਦਰ ਨੂੰ ਖ਼ਬਰ ਕੀਤੀ ਗਈ। ਉਹ ਨੱਸਾ ਆਇਆ ਤੇ ਮਹਾਰਾਣੀ ਨੂੰ ਹੌਂਸਲਾ ਦੇ ਕੇ ਬਚਾਉਣ ਦਾ ਜਤਨ ਹੋਣ ਲੱਗਾ।

## ਕਾਂਡ-23

"ਸ਼ਾਮੋ! ਆਖਦੇ ਨੇ ਬਾਰਾਂ ਸਾਲਾਂ ਪਿਛੋਂ ਰੂੜੀ ਦੀ ਵੀ ਸੁਣੀ ਜਾਂਦੀ ਹੈ।.....ਦਲੀਪ ਦਾ ਮੁਖੜਾ ਦੇਖਿਆਂ ਮੈਨੂੰ ਅੱਜ ਬਾਰ੍ਹਾਂ ਸਾਲ ਹੋ ਗਏ ਹਨ। ਸੁਖ ਨਾਲ ਉਹ ਹੁਣ ਬਾਈ ਸਾਲ ਦਾ ਗੱਭਰੂ ਹੋਵੇਗਾ।" ਮਹਾਰਾਣੀ ਜਿੰਦਾਂ ਨੇ ਸ਼ਾਮੋ ਨੂੰ ਆਖਿਆ।

ਦਰਿਆ ਵਿਸ਼ਨੂੰ ਮਤੀ ਦੇ ਕਿਨਾਰੇ, ਇਕ ਸਾਫ਼ ਸੁਥਰੀ ਸਿਲ ਉਤੇ ਮਹਾਰਾਣੀ ਤੇ ਸ਼ਾਮੋ ਬੈਠੀਆਂ ਹਨ। ਉਨ੍ਹਾਂ ਦੇ ਕੋਲ ਹੀ ਸ਼ਾਮੋ ਦੇ ਦੋ ਬਾਲ ਖੇਡ ਰਹੇ ਨੇ। ਡੁਬ ਰਿਹਾ ਸੂਰਜ ਆਪਣੀਆਂ ਸੁਨਹਿਰੀ ਕਿਰਨਾਂ ਹਿਮਾਲਾ ਦੀਆਂ ਬਰਫ਼ਾਨੀ ਚੋਟੀਆਂ ਤੇ ਸੁਟ ਰਿਹਾ ਹੈ। ਪਾਣੀ ਆਪਣੀ ਚਾਲੇ ਤੁਰਿਆ ਜਾ ਰਿਹਾ ਹੈ। ਮਹਾਰਾਣੀ ਉਸ ਨਿਰਮਲ ਤੇ ਸੀਤਲ ਵਗਦੇ ਜਲ ਦੀਆਂ ਚੁਲੀਆਂ ਭਰ ਲੈਂਦੀ ਹੈ, ਕਦੀ ਐਵੇਂ ਹੀ ਉਸ ਵਿਚ ਹੱਥ ਮਾਰੀ ਜਾਂਦੀ ਹੈ, ਜਿਵੇਂ ਬੱਚੇ ਖੇਡਦੇ ਹਨ।

ਮਹਾਰਾਣੀ ਦੀ ਉਮਰ ਹੁਣ ਤੱਕ 43 ਸਾਲ ਦੇ ਕਰੀਬ ਹੈ, ਪਰ ਦੇਖਣ ਨੂੰ ਸੱਠ ਸਾਲ ਦੀ ਬੁਡੜੀ ਲਗਦੀ ਹੈ। ਪੁੱਤਰ ਦੇ ਝੋਰੇ ਨੇ ਜਿਥੇ ਉਸਦਾ ਸਰੀਰ ਖਾ ਲਿਆ ਹੈ ਉਥੇ ਉਹ ਉਮਰ ਵੀ ਹੜੱਪ ਕਰ ਰਿਹਾ ਦਿੱਸਦਾ ਹੈ। ਸਿਰ ਦੇ ਵਾਲ ਸਾਰੇ ਚਿੱਟੇ ਹੋ ਗਏ ਹਨ, ਅੱਖਾਂ ਦੀ ਨਜ਼ਰ ਘਟ ਗਈ ਹੈ ਤੇ ਲਗਭਗ ਅੰਨ੍ਹੀ ਹੋ ਗਈ ਹੈ। ਗੋਮਤੀ ਤੇ ਸ਼ਾਮੋ ਉਸ ਦੀਆਂ ਡੰਗੋਰੀਆਂ ਹਨ।

ਇਕ ਪੁੱਤਰ ਦੀ ਯਾਦ ਤੋਂ ਬਿਨਾਂ ਹੋਰ ਉਸ ਨੂੰ ਕੁਝ ਵੀ ਚੇਤੇ ਨਹੀਂ ਰਿਹਾ। ਉਹ ਆਪਣੇ ਜੀਵਨ ਨੂੰ ਭੁੱਲ ਗਈ ਹੈ ਤੇ ਕੁੰਦਨ ਵਰਗੀ ਦੇਹ ਨੂੰ ਪੁੱਤਰ-ਵਿਛੋੜੇ ਦੀ ਭੱਠੀ ਵਿਚ ਗਾਲ ਲਿਆ ਸੂ।

"ਮਹਾਰਾਣੀ ਜੀ, ਜਦ ਤਕ ਸੁਆਸ ਤਦ ਤਕ ਆਸ। ਜੇ ਇਛਰਾਂ ਦਾ ਪੁੱਤਰ ਪੂਰਨ ਮਰਿਆ ਹੋਇਆ ਜੀ ਸਕਦਾ ਤੇ ਉਸਨੂੰ ਮਿਲ ਸਕਦਾ ਹੈ ਤਾਂ ਤੁਸਾਂ ਦਾ ਦਲੀਪ ਵੀ ਜ਼ਰੂਰ ਤੁਸਾਂ ਨੂੰ ਮਿਲੇਗਾ। ਆਖਦੇ ਨੇ ਦੇਸ਼ ਵਿਚੋਂ ਗ਼ਦਰ ਮੁਕ ਗਿਆ ਹੈ ਤੇ ਸਾਰੇ ਅਮਨ ਹੋ ਗਿਆ। ਇਸ ਅਮਨ ਵਿਚ ਸ਼ਾਇਦ ਮਹਾਰਾਜ ਵਲੈਤੋਂ ਆ ਜਾਣ। ਦੋ ਸਾਲ ਵਾਸਤੇ ਗਏ ਸਨ, ਹੁਣ ਤਾਂ ਪੰਜ ਸਾਲ ਹੋ ਗਏ ਨੇ।" ਸ਼ਾਮੋ ਨੇ ਹੌਂਸਲਾ ਦਿੱਤਾ, ਜਿਵੇਂ ਕਿ ਉਹ ਕਈਆਂ ਚਿਰਾਂ ਤੋਂ ਮਹਾਰਾਣੀ ਨੂੰ ਧੀਰਜ ਦੇ ਕੇ ਬਚਾਈ ਆਉਂਦੀ ਸੀ।

"ਨਹੀ ਸ਼ਾਮੋ, ਉਹ ਹੁਣ ਨਹੀ ਆਉਣਗੇ। ਵਲੈਤ ਦੀਆਂ ਔਰਤਾਂ ਜਾਦੂਗਰਨੀਆਂ ਸੁਣੀਦੀਆਂ ਹਨ। ਹੋ ਸਕਦਾ ਹੈ, ਫ਼ਰੰਗੀਆਂ ਨੇ ਉਸ ਦਾ ਉਥੇ ਵਿਆਹ ਕਰਾ ਦਿੱਤਾ ਹੋਵੇ। ਉਹ ਮੈਨੂੰ ਭੁਲ ਗਿਆ ਹੋਵੇਗਾ। ਜੇ ਨਾ ਭੁਲਿਆ ਹੁੰਦਾ ਤਾਂ ਕੋਈ ਚਿੱਠੀ ਨਾ ਪਾਉਂਦਾ? ਉਸ ਨੂੰ ਪਤਾ ਤਾਂ ਹੈ ਕਿ ਮੈਂ ਨਿਪਾਲ ਵਿਚ ਬੈਠੀ ਆਪਣੀ ਕਿਸਮਤ ਨੂੰ ਰੋ ਰਹੀ ਹਾਂ। ਮੈਂ ਤਾਂ ਹੁਣ ਨਦੀ ਕਿਨਾਰੇ ਰੁਖੜਾ ਹਾਂ ਮੇਰਾ ਤਾਂ ਹੁਣ ਚਿਤ ਕਰਦਾ ਹੈ, ਇਸ ਨਦੀ ਵਿਚ ਡੁਬ ਮਰਾਂ। ਇਹ ਪਾਣੀ ਮੈਨੂੰ ਸਮੁੰਦਰ ਵਿਚ ਰੋੜ੍ਹ ਕੇ ਲੈ ਜਾਏ ਤੇ ਸਾਰੇ ਦੁੱਖਾਂ ਦਾ ਅੰਤ ਹੋ ਜਾਏ।

ਸ਼ਾਮੋ ਕੁਝ ਕਹਿਣ ਹੀ ਲਗੀ ਸੀ ਕਿ ਸੱਜਨ ਸਿੰਘ ਉਥੇ ਆ ਗਿਆ। ਉਸ ਨੇ ਮਹਾਰਾਣੀ ਨੂੰ ਮੱਥਾ ਟੇਕ ਕੇ ਆਖਿਆ, "ਆਖ਼ਰ ਅਕਾਲ ਪੁਰਖ ਦੀ ਦਰਗਾਹ ਵਿਚ ਮਹਾਰਾਣੀ ਦੀ ਅਰਦਾਸ ਸੁਣੀ ਗਈ। ਇਹ ਮਹਾਰਾਜਾ

ਦਲੀਪ ਸਿੰਘ ਜੀ ਦੀ ਚਿੱਠੀ ਆਈ ਹੈ।"

"ਮਹਾਰਾਜਾ ਦਲੀਪ ਸਿੰਘ ਦੀ ਚਿੱਠੀ! ਮੇਰੇ ਪੁੱਤਰ ਦੀ ਚਿੱਠੀ!!" ਖ਼ੁਸ਼ੀ ਨਾਲ ਉਛਲਦੀ ਹੋਈ ਮਹਾਰਾਣੀ ਬੋਲੀ। ਉਸਨੇ ਛੇਤੀ ਨਾਲ ਦੋਵੇਂ ਹੱਥ ਅੱਗੇ ਵਧਾਏ। "ਲਿਆ ਮੈਂ ਪੜ੍ਹਾਂ, ਮੇਰੇ ਪੁੱਤਰ ਦੀ ਚਿੱਠੀ ਲਿਆਵਣ ਵਾਲਿਆ, ਤੇਰੀ ਉਮਰ ਵੱਡੀ ਹੋਵੇ, ਸੁਖ ਮਾਣੇਂ।"

ਵਲੈਤੋਂ ਤੁਰਿਆ ਕਾਗਜ਼ ਦਾ ਟੁਕੜਾ ਕੰਨੀਆਂ ਵਿਚ ਬੱਝ ਬੱਝ ਕੇ ਮੈਲਾ ਹੋ ਚੁਕਾ ਸੀ। ਇਸ ਉਤੇ ਲਿਖੇ ਗੁਰਮੁਖੀ ਦੇ ਮੋਟੇ ਮੋਟੇ ਅੱਖਰ ਕਈ ਮੱਧਮ ਹੋ ਗਏ ਸਨ। ਉਸ ਕਾਗਜ਼ ਨੂੰ ਦੋਹਾਂ ਹੱਥਾਂ ਵਿਚ ਲੈ ਕੇ ਮਹਾਰਾਣੀ ਪੜ੍ਹਨ ਲੱਗੀ। ਅੱਖਾਂ ਦੀ ਜੋਤ ਵਧ ਗਈ ਤੇ ਚਿਹਰੇ ਦਾ ਰੰਗ ਬਦਲ ਗਿਆ। ਲਿਖਿਆ ਹੋਇਆ ਸੀ–

"ਲਿਖਤੁਮ ਦਲੀਪ ਸਿੰਘ ਮਹਾਰਾਜਾ,

ਅਗੇ ਪਿਆਰੀ ਮਾਤਾ ਜੀ! ਮੈਂ ਰਾਜ਼ੀ ਖ਼ੁਸ਼ੀ ਹਾਂ, ਏਥੇ ਆਪ ਦੀ ਰਾਜ਼ੀ ਖ਼ੁਸ਼ੀ ਚਾਹੁੰਦਾ ਹਾਂ। ਮੈਂ ਆਪਨੂੰ ਮਿਲਣਾ ਚਾਹੁੰਦਾ ਹਾਂ। ਰਾਤ ਦਿਨ ਆਪ ਮੈਨੂੰ ਯਾਦ ਆਉਂਦੇ ਓ। ਮੈਂ ਛੇਤੀ ਹੀ ਇੰਡੀਆ ਆ ਰਿਹਾ ਹਾਂ ਆਪ ਨੂੰ ਮਿਲਾਂਗਾ। ਫ਼ਰੰਗੀ ਮੈਨੂੰ ਆਉਣ ਨਹੀਂ ਸੀ ਦੇਂਦਾ। ਹੁਣ ਆਖਦਾ ਹੈ, ਦੇਸ ਚਲਿਆ ਜਾ। ਮਿਲਕੇ ਸਾਰੀ ਗੱਲ ਦੱਸਾਂਗਾ।"

"ਹੱਛਾ ਮਾਤਾ ਜੀ ਚਰਨਾਂ 'ਤੇ ਮੱਥਾ ਟੇਕਦਾ ਹਾਂ।"

ਚਿੱਠੀ ਪੜ੍ਹਦੇ ਸਾਰ ਹੀ ਮਹਾਰਾਣੀ ਖ਼ੁਸ਼ੀ ਨਾਲ ਪਾਗ਼ਲ ਹੋ ਗਈ।

ਚਿੱਠੀ ਨੂੰ ਘੁੱਟਕੇ ਛਾਤੀ ਨਾਲ ਲਾਇਆ, ਅੱਖਾਂ ਤੇ ਰੱਖਿਆ ਅਤੇ ਮੂੰਹੋਂ ਚਿੱਠੀ ਕੇ ਕਈ ਵਾਕ ਦੁਹਰਾਈ ਗਈ, 'ਮੈਂ ਰਾਜ਼ੀ ਖ਼ੁਸ਼ੀ ਹਾਂ ..... ਆਪ ਨੂੰ ਮਿਲਣਾ ਚਾਹੁੰਦਾ ਹਾਂ .... ਯਾਦ ਆਉਂਦੇ ਓ।'

"ਇਹ ਚਿੱਠੀ ਕੌਣ ਲਿਆਇਆ?" ਸੱਜਨ ਸਿੰਘ ਵਲ ਦੇਖ ਕੇ ਮਹਾਰਾਣੀ ਨੇ ਪੁਛਿਆ।

"ਰਘਬੀਰ ਸਿੰਘ ਸ਼ਾਹੂਕਾਰ ਸਰਕਾਰ ਉਹ ਆਖਦਾ ਹੈ ਜਦੋਂ ਉਹ ਨਿਪਾਲ ਨੂੰ ਆ ਰਿਹਾ ਸੀ ਤਾਂ ਉਸਨੂੰ ਇਕ ਪੰਡਤ ਮਿਲਿਆ ਹੈ ਜਦੋਂ ਉਸ ਆਖਿਆ, ਉਹ ਤਾਂ ਨਹੀਂ ਜਾ ਸਕਦਾ ਤੇ ਇਹ ਚਿੱਠੀ ਲੈ ਜਾਓ, ਸ਼ਾਹੂਕਾਰ ਧਰਮ ਸਮਝ ਕੇ ਚਿੱਠੀ ਲੈ ਆਇਆ। ਉਹ ਕੱਲ ਏਥੇ ਆਇਆ ਹੈ, ਮੈਂ ਹੁਣ ਉਸਦੀ ਹੱਟੀ ਅਗੋਂ ਲੰਘਿਆ ਤਾਂ ਉਸ ਨੇ ਇਹ ਚਿੱਠੀ ਮੈਨੂੰ ਦਿੱਤੀ।" ਥੋੜੇ ਸ਼ਬਦਾਂ ਵਿਚ ਦੀ ਸੱਜਨ ਸਿੰਘ ਨੇ ਚਿੱਠੀ ਦੇ ਨਿਪਾਲ ਪੁਜਣ ਦੀ ਕਹਾਣੀ ਬਿਆਨ ਕਰ ਦਿੱਤੀ।

"ਹੱਛਾ, ਚੱਲ ਸ਼ਾਮੋ ਮਹੱਲ ਨੂੰ ਚੱਲੀਏ। ਖ਼ੁਸ਼ੀਆਂ ਕਰ, ਇਨਾਮ ਦੇ, ਸਾਰਿਆ ਨੂੰ ਜੋ ਜੀ ਕਰਦਾ ਈ ਵੰਡ, ਮੇਰੇ ਪੁੱਤਰ ਦੀ ਚਿੱਠੀ ਆਈ ਹੈ। ਅਕਾਲ ਪੁਰਖ ਸ਼ਾਇਦ ਮੇਰੀ ਉਜੜੀ ਦੁਨੀਆਂ ਵਸਾਉਣ ਲੱਗਾ ਹੈ। ਪਤਝੜ ਪਿਛੋਂ ਬਸੰਤ ਆ ਰਹੀ ਹੈ।" ਇਹ ਆਖਦੀ ਹੋਈ ਮਹਾਰਾਣੀ ਉਠ ਬੈਠੀ। ਪੁੱਤਰ ਦੀ ਚਿੱਠੀ ਆਉਣ ਤੇ ਐਸਾ ਹੋਇਆ ਕਿ ਜਿਥੇ ਸ਼ਾਮੋ ਦੇ ਆਸਰੇ ਨਾਲ ਉਠਦੀ ਬੈਠਦੀ ਤੇ ਤੁਰਦੀ ਸੀ, ਉਥੇ ਆਪ ਉਠਕੇ ਤੁਰ ਪਈ, ਅੱਖਾਂ ਵਿਚ ਜੋਤ ਆਈ ਤੇ ਸਰੀਰ ਵਿਚ ਬਲ।

"ਪਰਤਾਪ, ਵੇ ਪਰਤਾਪ! ਨੀ ਗੰਗਾ! ਮੇਰੇ ਪਾਸ ਆਓ," ਮਹਾਰਾਣੀ ਨੇ ਸ਼ਾਮੋ ਦੇ ਪੁੱਤਰ ਧੀ ਨੂੰ ਆਵਾਜ਼ ਦਿੱਤੀ। ਮਹਾਰਾਣੀ ਵਾਸਤੇ ਇਹ ਦੋਵੇਂ ਬਾਲ ਖਿਡਾਉਣੇ ਸਨ, ਜਿਨ੍ਹਾਂ ਨਾਲ ਖੇਡ ਕੇ ਉਹ ਦਿਨ ਕੱਟ ਲਿਆ ਕਰਦੀ ਸੀ। ਲੜਕੇ ਦਾ ਨਾਂ ਪਰਤਾਪ ਸਿੰਘ ਸੀ, ਜਿਸਦੀ ਉਮਰ ਪੰਜ ਸਾਲ ਦੀ ਸੀ ਤੇ ਲੜਕੀ ਦਾ ਨਾਂ ਗੰਗਾ। ਉਸ ਦੀਹਉਮਰ ਕੋਈ ਸਾਢੇ ਤਿੰਨ ਕੁ ਸਾਲ ਸੀ। ਦੋਵੇਂ ਬੱਚੇ ਬੜੇ ਸੁੰਦਰ ਸਨਾਤੇ ਖੇਡ ਨੂੰ ਛੱਡ ਕੇ ਝੱਟ ਮਹਾਰਾਣੀ ਦੇ ਕੋਲ ਆ ਗਏ।

"ਦੱਸੋ ਮਹਾਰਾਣੀ", ਪਰਤਾਪ ਬੋਲਿਆ।

"ਘਰ ਚਲੋ, ਤੁਹਾਨੂੰ ਕੁਝ ਖਾਣ ਨੂੰ ਦਿਆਂ ਤੇ ਨਾਲੇ ਬਹੁਤ ਸਾਰੇ ਖਿਡਾਉਣੇ ਲੈ ਦਿਆਂ।" ਮਹਾਰਾਣੀ ਨੇ ਪਰਤਾਪ ਦੇ ਸਿਰ ਤੇ ਹੱਥ ਰੱਖ ਕੇ ਆਖਿਆ।

"ਤੇ ਮਾਂ ਜੀ ਮੈਨੂੰ!" ਗੰਗਾ ਵੀ ਬੋਲਣੋਂ ਨਾ ਰਹਿ ਸਕੀ।

"ਤੈਨੂੰ ਵੀ!......ਨਸੋ, ਦੌੜ....ਖ਼ੁਸ਼ਲੀਆਂ ਕਰੋ।"

"ਅੱਜ ਮੇਰੇ ਪੁੱਤਰ ਦੀ ਚਿੱਠੀ ਆਈ ਹੈ।" ਬੇਹੱਦ ਖ਼ੁਸ਼ੀ ਦੀਆਂ ਗੱਲਾਂ ਕਰਦੀ ਮਹਾਰਾਣੀ ਆਪਣੇ ਮਹੱਲ ਵਿਚ ਗਈ।

## ਕਾਂਡ-24

ਉਨੀਂ ਦਿਨੀਂ ਕਰਨਲ ਰਾਮਜ਼ੇ ਅੰਗਰੇਜ਼ੀ ਸਰਕਾਰ ਵਲੋਂ ਕਾਠਮੰਡੂਵਿਚ ਪੁਲੀਟੀਕਲ ਰੈਜ਼ੀਡੈਂਟ ਸੀ। ਜੰਗ ਬਹਾਦਰ ਨਾਲ ਇਸ ਦੀ ਬਣਦੀ ਨਹੀਂ ਸੀ। ਇਸ ਦੀ ਇਹ ਮਰਜ਼ੀ ਸੀ ਕਿ ਮਹਾਰਾਣੀ ਜਿੰਦਾਂ ਨਿਪਾਲੋਂ ਚਲੀ ਜਾਏ, ਕਿਉਂਕਿ 1857 ਦੇ ਗ਼ਦਰ ਦੇ ਬਾਗ਼ੀ ਬਹੁਤ ਸਾਰੇ ਨਿਪਾਲ ਆ ਰਹੇ ਸਨ, ਪਰ ਜਦੋਂ ਇਹ ਮਹਾਰਾਣੀ ਦੀ ਸਰੀਰਕ ਹਾਲਤ ਵੇਖਦਾ ਤਾਂ ਇਹ ਮਹਿਸੂਸ ਕਰਨ ਲੱਗ ਪੈਂਦਾ ਸੀ ਕਿ ਹੁਣ ਵਿਚ ਕੁਝ ਨਹੀਂ ਕਰ ਸਕਦੀ, ਚਾਰ ਦਿਨ ਦੀ ਪ੍ਰਾਹੁਣੀ ਹੈ।

ਮਹਾਰਾਜਾ ਦਲੀਪ ਸਿੰਘ ਵੀ ਹੁਣ ਕੋਈ ਬੱਚਾ ਨਹੀਂ ਸੀ। 1957 ਦੇ ਗ਼ਦਰ ਦੇ ਦਿਨਾਂ ਵਿਚ ਉਸ ਉਪਰ ਕਰੜੀ ਨਿਗਰਾਨੀ ਰੱਖੀ ਗਈ ਤੇ ਉਹ ਮਹਿਸੂਸ ਕਰਨ ਲੱਗਾ ਕਿ ਉਹ ਕੇਵਲ ਨਾਂ ਦਾ ਹੀ ਮਹਾਰਾਜਾ ਹੈ, ਅਸਲ ਵਿਚ ਉਹ ਕੈਦੀ ਹੀ ਹੈ। ਉਹ ਇਹ ਭੀ ਸਮਝ ਚੁਕਾ ਸੀ ਕਿ ਉਸ ਨਾਲ ਕੀਤੇ ਇਕਰਾਰ ਕਿ ਬਾਲਗ ਹੋਣ ਤੇ ਉਸ ਦਾ ਰਾਜ ਉਸਨੂੰ ਵਾਪਸ ਦਿੱਤਾ ਜਾਏਗਾ, ਸਭ ਝੂਠ ਤੇ ਫ਼ਰੇਬ ਸੀ। ਹੁਣ ਉਸ ਨੂੰ ਮਾਂ ਭੀ ਯਾਦ ਆਉਣ ਲੱਗੀ ਅਤੇ ਸੱਜਨ ਸਿੰਘ ਸਿਪਾਹੀ ਤੇ ਉਸ ਦੀਆਂ ਫ਼ਤਹਗੜ੍ਹ ਦੀਆਂ ਗੱਲਾਂ ਹਰ ਘੜੀ ਯਾਦ ਆਉਣ ਲੱਗੀਆਂ। ਜੌਹਨ ਲਜਿਨ ਡਲਹੌਜ਼ਹ ਤੇ ਹੈਨਰੀ ਲਾਰੈਂਸ ਨੇ ਉਸਦੇ ਦਿਲ ਤੇ ਜੋ ਇਹ ਗੱਲ ਬਿਠਾਈ ਸੀ ਕਿ ਉਸ ਦੀ ਮਾਂ ਦਾ ਚਾਲ ਚਲਨ ਠੀਕ ਨਹੀਂ, ਸਭ ਝੂਠ ਪ੍ਰਤੀਤ ਹੋਣ ਲੱਗਾ। ਮਾਂ ਨੂੰ ਮਿਲਣ ਦੀ ਤੜਪ ਹਿਰਦੇ ਵਿਚ ਪ੍ਰਬਲ ਹੋ ਗਈ। ਉਸਨੇ ਪਹਿਲਾਂ ਆਪ ਯਤਨ ਕੀਤਾ ਅਤੇ ਮਹਾਰਾਣੀ ਨੂੰ ਚਿੱਠੀ ਲਿਖੀ। ਉਹ ਉਸ ਨੂੰ ਮਿਲ ਤਾਂ ਗਈ, ਪਰ ਜਵਾਬ ਕੋਈ ਨਾ ਪੁਜਾ।

ਸਰ ਜੋਹਨ ਲਾਜਿਨ, ਜੋ ਪਹਿਲੇ ਕੇਵਲ ਉਸ ਦਾ ਉਸਤਾਦ ਅਤੇ ਪੁੱਠੀ ਮਤ ਦੇਣ ਵਾਲਾ ਹੀ ਸੀ, ਹੁਣ ਕੁਝ ਹਮਦਰਦੀ ਵੀ ਕਰਨ ਲੱਗਾ। ਉਸ ਨੂੰ ਮਹਾਰਾਜੇ ਨੇ ਕਿਹਾ ਕਿ ਕਿਸੀ ਤਰ੍ਹਾਂ ਨਿਪਾਲ ਤੋਂ ਖ਼ਬਰ ਮੰਗਾ ਦੇਵੇ ਕਿ ਮੇਰੀ ਮਾਂ ਮਹਾਰਾਣੀ ਜਿੰਦਾਂ ਦੀ ਕੀ ਹਾਲਤ ਹੈ।

ਸਰ ਜੌਹਨ ਲਾਜਿਨ ਦੀ ਰਾਮਜ਼ੇ ਨਾਲ ਜਾਣ ਪਛਾਣ ਭਾਵੇਂ ਸੀ, ਫਿਰ ਵੀ ਉਸਨੇ ਚਿੱਠੀ ਆਪਣੇ ਮਿੱਤ੍ਰ ਬਗਾਊਨਿੰਗ ਨੂੰ ਲਿਖੀ, ਜੋ ਲਾਰਡ ਕਨਿੰਗ ਦਾ ਸਕੱਤਰ ਸੀ। ਬਰਾਊਨਿੰਗ ਨੇ ਉਹ ਚਿੱਠੀ ਰਾਮਜ਼ੇ ਨੂੰ ਭੇਜੀ ਤੇ ਸਰ ਜੌਹਨ ਲਾਜਿਨ ਨੂੰ ਲਿਖਿਆ ਕਿ ਮਹਾਰਾਣੀ ਹੁਣ ਨਿਰਬਲ ਤੇ ਅੱਖਾਂ ਤੋਂ ਤਕਰੀਬਨ ਅੰਨ੍ਹੀ ਹੋ ਗਈ ਹੈ। ਹੁਣ ਉਸ ਕੋਲੋਂ ਕੋਈ ਖ਼ਤਰਾ ਨਹੀਂ। ਉਹ ਨਾ ਸਿਆਣਾ ਲੀਡਰ ਬਣ ਸਕਦੀ ਹੈ ਤੇ ਨਾ ਹੀ ਮਹਾਰਾਜਾ ਦਲੀਪ ਸਿੰਘ ਤੇ ਕੋਈ ਖ਼ਤਰੇ ਵਾਲਾ ਅਸਰ ਪਾ ਸਕਦੀ ਹੈ। ਜੰਗ ਬਹਾਦਰ ਬੜਾ ਨਿਕੰਮਾ ਤੇ ਭੈੜਾ ਆਦਮੀ ਹੈ। ਗ਼ਦਰ ਵਿਚ ਇਸ ਨੇ ਸਾਡੀ ਵਿਰੋਧਤਾ ਕੀਤੀ ਹੈ। ਚੰਗਾ ਹੋਵੇ ਮਹਾਰਾਣੀ ਨੂੰ ਹੁਣ ਨਿਪਾਲੋਂ ਬਾਹਰ ਕਢਿਆ ਜਾਏ। ਉਹ ਪੁੱਤਰ ਨੂੰ ਮਿਲਣ ਵਾਸਤੇ ਤੜਪ ਰਹੀ ਹੈ ਤੇ ਇਸੀ ਹੀ ਵਿਯੋਗ ਵਿਚ ਆਪਣੀਆਂ ਅੱਖਾਂ ਗਵਾ ਬੈਠੀ ਹੈ। ਜੰਗ ਬਹਾਦਰ ਉਸ ਨੂੰ ਕਹਿੰਦਾ ਹੈ ਜੇ ਇਕ ਵਾਰ ਨਿਪਾਲ ਛੱਡ ਗਈਓਂ ਤਾਂ ਮੁੜ ਨਿਪਾਲ ਨਹੀ ਵੜਨ ਦਿੱਤਾ ਜਾਏਗਾ ਤੇ ਜੋ ਵਜ਼ੀਫ਼ਾ ਮਿਲਦਾ ਹੈ ਉਹ ਵੀ ਜ਼ਬਤ ਕਰ ਲਿਆ ਜਾਵੇਗਾ..... ਉਸਨੇ ਇਹ ਵੀ ਲਿਖਿਆ ਕਿ ਮਹਾਰਾਜਾ ਦਲੀਪ ਸਿੰਘ ਨਾਲ ਜੇ ਮੁਲਾਕਾਤ ਕਰਾਈ ਜਾਏ ਤਾਂ ਕੋਈ ਹਰਜ ਨਹੀਂ।

ਰਾਮਜ਼ੇ ਦੀ ਜਦੋਂ ਚਿੱਠੀ ਸਰ ਜੌਹਨ ਲਾਜਿਨ ਨੂੰ ਮਿਲੀ ਤਾਂ ਉਸਨੇ ਚਿੱਠੀ ਮਹਾਰਾਜੇ ਨੂੰ ਦਿਖਾਈ। ਮਹਾਰਾਜਾ ਇਹ ਸੁਣ ਕੇ ਬੜਾ ਦੁਖੀ ਹੋਇਆ ਕਿ ਉਸ ਦੀ ਮਾਂ ਉਹਦੇ ਵਿਛੋੜੇ ਵਿਚ ਰੋ ਰੋ ਕੇ ਅੰਨ੍ਹੀ ਹੋ ਗਈ ਹੈ। ਉਸਨੇ ਅੰਗਰੇਜ਼ੀ ਸਰਕਾਰ ਕੋਲੋਂ ਹਿੰਦੁਸਤਾਨ ਆਉਣ ਦੀ ਆਗਿਆ ਮੰਗੀ, ਜੋ ਇਸ ਸ਼ਰਤ ਉਤੇ ਮਿਲੀ ਕਿ ਉਹ ਪੰਜਾਬ ਨਹੀਂ ਜਾਏਗਾ, ਬੰਗਾਲ ਜਾਂ ਕਿਸੇ ਉਪਰਲੇ ਪਹਾੜੀ ਇਲਾਕੇ ਵਿਚ ਜਾ ਸਕਦਾ ਹੈ। ਮਹਾਰਾਣੀ ਜੀ ਨੂੰ ਮਿਲਣ ਦੀ ਖੁਲ੍ਹ ਵੀ ਉਸ ਨੂੰ ਹੋ ਗਈ।

ਜਨਵਰੀ 1861 ਵਿਚ ਮਹਾਰਾਜਾ ਦਲੀਪ ਸਿੰਘ ਪਹਿਲੀ ਵਾਰ ਹਿੰਦੁਸਤਾਨ ਆਇਆ। ਨਾ ਪੰਜਾਬ ਦੇਖਿਆ ਤੇ ਨਾ ਪੰਜਾਬੀਆਂ ਨਾਲ ਮਿਲ ਸਕਿਆ। ਕਲਕੱਤੇ ਸਮਿਨਸਜ਼ ਹੋਟਲ ਵਿਚ ਉਤਾਰਾ ਕਰਵਾਇਆ ਗਿਆ।

ਹਿੰਦੁਸਤਾਨ ਆਉਣ ਦਾ ਕਾਰਨ ਅੰਗਰੇਜ਼ੀ ਸਰਕਾਰ ਨੂੰ ਤਾਂ ਮਹਾਰਾਜੇ ਨੇ ਭਾਵੇਂ ਸ਼ਿਕਾਰ ਖੇਡਣ ਦਾ ਦੱਸਿਆ ਸੀ, ਪਰ ਅਸਲ ਵਿਚ ਆਪਣੀ ਮਾਂ ਨੂੰ ਮਿਲਦਾ ਚਾਹੁੰਦਾ ਸੀ, ਉਸ ਨੇ ਕਲਕੱਤੇ ਪੁਜਦੇ ਸਾਰ ਨਿਪਾਲ ਨੂੰ ਆਦਮੀ ਭੇਜਿਆ ਜੋ ਉਸਦੀ ਮਾਂ ਨੂੰ ਬੜੇ ਸਤਿਕਾਰ ਤੇ ਸੌਖ ਨਾਲ ਕਲਕੱਤੇ ਲੈ ਆਏ। ਉਨ੍ਹੀ ਦਿਨੀ ਆਵਾਜਾਈ ਦਾ ਚੰਗਾ ਪ੍ਰਬੰਧ ਨਹੀਂ ਸੀ ਹੁੰਦਾ। ਪਾਲਕੀਆਂ, ਘੋੜੇ ਤੇ ਬੈਲ-ਗੱਡੀਆਂ ਦੀ ਹੀ ਸੁਆਰੀ ਸੀ। ਅੱਜ ਜਿਥੇ ਘੰਟਿਆਂ ਵਿਚ ਪੁਜ ਜਾਈਦਾ ਹੈ, ਉਸ ਵੇਲੇ ਉਥੇ ਮਹੀਨਿਆਂ ਵਿਚ ਪੁਜੀਦਾ ਸੀ।

ਉਹ ਆਦਮੀ ਨਿਪਾਲ ਪੁੱਜਾ। ਮਹਾਰਾਣੀ ਨੂੰ ਮਿਲਿਆ ਤੇ ਕਲਕੱਤੇ ਪੁਜ ਕੇ ਪੁੱਤਰ ਨੂੰ ਮਿਲਣ ਵਾਸਤੇ

ਆਖਿਆ। ਪੁੱਤਰ ਦਾ ਹਿੰਦੁਸਤਾਨ ਵਿਚ ਆਉਣਾ ਸੁਣ ਕੇ ਮਹਾਰਾਣੀ ਖ਼ੁਸ਼ੀ ਨਾਲ ਬਾਗੋ ਬਾਗ ਹੋ ਗਈ। ਉਸ ਨੇ ਉਸੇ ਵੇਲੇ ਤਿਆਰੀ ਕੀਤੀ। ਸੱਜਨ ਸਿੰਘ, ਸ਼ਾਮੋ ਤੇ ਗੋਮਤੀ ਨੂੰ ਨਾਲ ਤਿਆਰ ਕੀਤਾ। ਨਿਪਾਲੀ ਸੇਵਕਾਂ ਤੇ ਗੋਲੀਆਂ ਨੂੰ ਮੂੰਹੋਂ ਮੰਗੇ ਦਾਨ ਦਿੱਤੇ। ਚੰਗੀ ਮਾਲਕਣ ਕੋਲੋਂ ਵਿਛੜਨ ਲਗਿਆਂ ਉਹ ਅੱਥਰੂਨਾ ਥੰਮ੍ਹ ਸਕੇ। ਪਰ ਮਹਾਰਾਣੀ ਖ਼ੁਸ਼ ਸੀ ਕਿਉਂਕਿ ਉਸ ਨੇ ਕੋਈ ਚੌਦ੍ਹਾਂ ਸਾਲ ਪਿਛੋਂ ਪੁੱਤਰ ਦਾ ਮੂੰਹ ਦੇਖਣਾ ਸੀ।

ਪੁੱਤਰ ਨੂੰ ਮਿਲਣ ਵਾਸਤੇ ਮਹਾਰਾਣੀ ਇਕ ਛੋਟਾ ਜਿਹਾ ਕਾਫ਼ਲਾ ਬਣਾਕੇ ਨਿਪਾਲੋਂ ਤੁਰ ਪਈ। ਉਸ ਕਾਫ਼ਲੇ ਦੀ ਸਰਦਾਰ ਉਹ ਆਪ ਸੀ। ਜਿਹੜਾ ਦਾਸ ਸੁਨੇਹਾ ਲੈ ਕੇ ਆਇਆ ਸੀ, ਉਹ ਵੀ ਨਾਲ ਸੀ ਤੇ ਠੀਕ ਰਸਤਾ ਦੱਸਣ ਵਿਚ ਮਦਦ ਦੇ ਰਿਹਾ ਸੀ। ਮਹਾਰਾਣੀ ਉਸ ਕੋਲੋਂ ਆਪਣੇ ਪੁੱਤਰ ਦਾ ਹਾਲ ਪੁਛਦੀ ਨਾ ਥਕਦੀ। ਜਿਉਂ ਜਿਉਂ ਉਹ ਮਹਾਰਾਜੇ ਦਾ ਹਾਲ ਦੱਸਦਾ, ਉਹਦੇ ਮਿੱਠੇ ਸੁਭਾ, ਚੰਗੇ ਵਰਤਾਉ ਅਤੇ ਉਸ ਦੀ ਨੇਕ ਚਲਣੀ ਦੀਆਂ ਛੋਟੀਆਂ ਛੋਟੀਆਂ ਕਹਾਣੀਆਂ ਸੁਣਾਉਂਦਾ ਤਿਉਂ ਤਿਉਂ ਹੀ ਮਹਾਰਾਣੀ ਦੇ ਤਨ ਦੀ ਕਮਜ਼ੋਰੀ ਦੂਰ ਜਾਂਦੀ ਤੇ ਉਸਦੇ ਚਿਹਰੇ ਦੀ ਪੀਲੱਤਨ ਲਾਲੀ ਵਿਚ ਬਦਲਦੀ ਜਾਂਦੀ, ਅੱਖਾਂ ਵਿਚਲਾ ਹਨੇਰਾ ਚਾਨਣ ਵਿਚ ਗੁੰਮ ਹੁੰਦਾ ਜਾਂਦਾ ਤੇ ਦਿਲ ਦੀ ਧੜਕਣ ਤੇਜ਼ ਹੁੰਦੀ ਜਾਂਦੀ। ਚਿਰਾਂ ਪਿਛੋਂ ਅਜ ਉਸ ਦੀ ਆਸ ਪੁੰਨੀ ਸੀ। ਉਸ ਨੇ ਤੜਪ ਤੜਪ ਕੇ ਲੰਮੇਰੇ ਚੌਦ੍ਹਾਂ ਸਾਲ ਕੱਟੇ ਸਨ। ਕੁਸ਼ੱਲਿਆ ਦੇ ਰਾਮ ਚੰਦਰ ਵਾਂਗ ਸਮੇਂ ਨੇ ਦਲੀਪ ਸਿੰਘ ਨੂੰ ਵੀ ਚੌਦ੍ਹਾਂ ਸਾਲਾਂ ਦਾ ਬਨਬਾਸ ਦਿੱਤਾ ਸੀ।

ਖ਼ੁਸ਼ੀ ਨਾਲ ਮਹਾਰਾਣੀ ਦਾ ਦਿਲ ਪਿਘਲ ਕੇ ਅੱਥਰੂਬਣ ਬਣ ਕੇ ਬਾਹਰ ਆ ਰਿਹਾ ਸੀ। ਉਨ੍ਹਾਂ ਅੱਥਰੂਆਂ ਨੂੰ ਕਿਰਦੇ ਦੇਖ ਕੇ ਸ਼ਾਮੋ ਨੇ ਪੁਛਿਆ, "ਸਰਕਾਰ! ਖ਼ੁਸ਼ੀ ਸਮੇਂ ਰੋਣਾ ਕਿਉਂ?"

'ਨੀ ਸ਼ਾਮੋ! ਇਹ ਰੋਣਾ ਨਹੀਂ, ਸਗੋਂ ਬਹੁਤੀ ਖ਼ੁਸ਼ੀ ਦੀ ਠੰਡ ਵਾਪਰ ਰਹੀ ਹੈ।" ਮਹਾਰਾਣੀ ਨੇ ਉੱਤਰ ਦਿੱਤਾ। "ਗੋਮਤੀ ਨੂੰ ਆਖ ਕਿ ਕੋਈ ਗੀਤ ਗਾਵੇ, ਤਾਂ ਕਿ ਇਹ ਲੰਮਾ ਪੰਧ ਛੇਤੀ ਮੁੱਕ ਜਾਏ। ਆਪਾਂ ਤਿੰਨ ਮੰਜ਼ਲਾਂ ਆਏ ਹਾਂ। ਆਖਦੇ ਨੇ ਅਜੇ ਪੰਜ ਦਿਨ ਹੋਰ ਕਲਕੱਤੇ ਪੁਜਣ ਤਕ ਲਗਣਗੇ। ਇਹ ਪੰਜ ਦਿਨ ਕਦੋਂ ਮੁਕਣਗੇ!"

"ਸਰਕਾਰ ਜਿਥੇ ਚੌਦ੍ਹਾਂ ਸਾਲ ਬੀਤ ਗਏ ਉਥੇ ਇਹ ਪੰਜ ਦਿਨ ਵੀ ਸੁਪਨਾ ਹੋ ਜਾਣਗੇ। ਉਹ ਭਾਗ ਭਰੀ ਘੜੀ ਨੇੜੇ ਹੈ, ਜਦੋਂ ਮਾਂ-ਪੁੱਤਰ ਗਲਵਕੜੀ ਪਾ ਕੇ ਇਕ ਦੂਜੇ ਨੂੰ ਮਿਲੋਗੇ। ਸ਼ਾਮੋ ਨੇ ਤਾਂ ਇਹ ਕੁਝ ਜ਼ਬਾਨੋਂ ਆਖ ਦਿੱਤਾ। ਪਰ ਮਹਾਰਾਣੀ ਤਸੱਵਰ ਵਿਚ ਆਪਣੇ ਜੁਆਨ ਪੁੱਤਰ ਨੂੰ ਗੋਦ ਵਿਚ ਲਿਆ ਹੋਇਆ ਮਹਿਸੂਸ ਕਰਨ ਲੱਗੀ।

ਮਹਾਰਾਣੀ ਦੇ ਨਿਪਾਲੋਂ ਕਲਕੱਤੇ ਪੁਜਣ ਤਕ ਨਿਪਾਲੀ ਤੇ ਅੰਗਰੇਜ਼ੀ ਸਰਕਾਰ ਨੇ ਮਦਦ ਦਿੱਤੀ ਅਤੇ ਸਵਾਰੀ ਦਾ ਪਰਬੰਧ ਕੀਤਾ। ਰਾਹ ਵਿਚ ਆਏ ਤੀਰਥਾਂ ਤੇ ਪੁੰਨ ਦਾਨ ਕਰਦੀ ਹੋਈ ਮਹਾਰਾਣੀ ਫ਼ਰਵਰੀ ਦੇ ਮਹੀਨੇ ਵਿਚ ਰਾਣੀ ਗੰਜ ਪੁਜ ਗਈ, ਜਿਥੇ ਪੁੱਤਰ ਨੇ ਆ ਕੇ ਮਿਲਣਾ ਸੀ।

## ਕਾਂਡ-25

ਆਪਣੀ ਮਾਂ ਨੂੰ ਮਿਲਣ ਵਾਸਤੇ ਮਹਾਰਾਜਾ ਦਲੀਪ ਸਿੰਘ ਬਹੁਤ ਤੜਪਿਆ। ਉਸ ਵਾਸਤੇ ਹਿਕ ਪਲ ਵੀ ਉਡੀਕਣਾ ਔਖਾ ਹੋ ਗਿਆ। ਏਨਾ ਹੌਂਸਲਾ ਨਾ ਪਿਆ ਕਿ ਉਹ ਕਲਕੱਤੇ ਵਿਚ ਹੀ ਬੈਠਾ ਮਾਂ ਨੂੰ ਉਡੀਕੇ ਸਗੋਂ ਕਲਕੱਤੇ ਨੂੰ ਛੱਡਕੇ ਤੁਰ ਪਿਆ, ਤਾਂ ਕਿ ਰਾਹ ਵਿਚ ਹੀ ਜਿੰਨੀ ਛੇਤੀ ਹੋ ਸਕੇ ਉਹ ਚਿਰਾਂ ਵਿਛੁੰਨੀ ਮਾਂ ਦੇ ਗਲ ਜਾ ਲੱਗੇ।

ਮਹਾਰਾਜਾ ਰਾਣੀ ਗੰਜ ਆ ਗਿਆ। ਇਹ ਸ਼ਹਿਰ ਕਲਕੱਤੇ ਤੋਂ ਕਾਫ਼ੀ ਦੂਰ ਹੈ। ਉਥੇ ਆਏ ਨੂੰ ਵੀ ਦੋ ਦਿਨ ਉਡੀਕਣਾ ਪਿਆ। ਉਹ ਦੋ ਦਿਨ ਦੋਂਹ ਸਾਲਾਂ ਨਾਲੋਂ ਲੰਮੇਰੇ ਭਾਸੇ।

ਉਧਰ ਮਹਾਰਾਣੀ ਦੀ ਹਾਲਤ ਵੀ ਐਸੀ ਹੀ ਸੀ। ਉਹ ਚਾਹੁੰਦੀ ਸੀ ਕਿ ਖੰਭ ਹੋਣ ਤਾਂ ਉੱਡ ਕੇ ਜਾ ਮਿਲੇ। ਜੇ ਅੱਜ ਕਲ੍ਹ ਦਾ ਸਮਾਂ ਹੁੰਦਾ ਤਾਂ ਹਵਾਈ ਜਹਾਜ਼ ਤੇ ਘੰਟਿਆਂ ਵਿਚ ਪਹੁੰਚ ਜਾਂਦੀ। ਪਰ ਉਹ ਸਮਾਂ ਸੀ ਹੌਲੀ ਤੁਰਨ ਦਾ। ਉਸ ਵੇਲੇ ਨਾ ਜੀਵਨ ਵਿਚ ਕਾਹਲ, ਸੀ, ਨਾ ਛੇਤੀ ਤੁਰਨ ਦੇ ਵਸੀਲੇ ਸਨ। ਨਿਪਾਲ ਦੀ ਸਰਹੱਦ ਟੱਪ ਕੇ ਜਦੋਂ ਮਹਾਰਾਣੀ ਮੈਦਾਨੀ ਇਲਾਕੇ ਵਿਚ ਆਈ ਤਾਂ ਉਸ ਨੇ ਆਪਣੇ ਸਾਥੀਆਂ ਨੂੰ ਕਾਹਲੀ ਤੁਰਨ ਵਾਸਤੇ ਤੰਗ ਕੀਤਾ। ਜਿਥੇ ਰਾਤ ਪੈਂਦਾ ਜਾਂ ਠਹਿਰਨ ਵਾਸਤੇ ਪੜਾਅ ਆਉਂਦਾ ਤਾਂ ਉਸ ਵਾਸਤੇ ਰੁਕਣਾ ਦੁਖ ਦਾ ਕਾਰਨ ਹੁੰਦਾ। ਸਾਰੀ ਰਾਤ ਉਹ ਪਾਸੇ ਮਾਰਦਿਆਂ ਕਟਦੀ। ਜਦੋਂ ਕੁੱਕੜ ਬਾਂਗ ਦੇਂਦਾ ਤਾਂ ਸਭ ਤੋਂ ਪਹਿਲਾਂ ਇਹ ਬਿਸਤਰੇ ਤੋਂ ਉਠ ਕੇ ਸਭ ਨੂੰ ਉਠਾਉਂਦੀ ਤੇ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਉਹ ਕਾਫ਼ਲਾ ਤੁਰ ਪੈਂਦਾ ਤੇ ਸੂਰਜ ਡੁਬਦੇ ਤਕ ਤੁਰਿਆ ਰਹਿੰਦਾ।

ਆਖ਼ਰ ਉਹ ਭਾਗ ਭਰੀ ਘੜੀ ਆ ਗਈ, ਜਦੋਂ ਮਾਂ ਪੁੱਤ ਦਾ ਮਿਲਾਪ ਹੋਣ ਲੱਗਾ। ਚੌਦ੍ਹਾਂ ਸਾਲ ਦਾ ਵਿਛੋੜਾ ਕੋਈ ਥੋੜ੍ਹੀ ਗੱਲ ਨਹੀਂ ਸੀ। ਮਾਂ ਨੇ ਦਸ ਸਾਲਾਂ ਦੇ ਮਾਸੂਮ ਬੱਚੇ ਨੂੰ ਛੱਡਿਆ ਸੀ, ਉਹ ਹੁਣ ਚਵ੍ਹੀ-ਸਾਲਾ ਗੱਭਰੂ ਹੋ ਗਿਆ ਸੀ। ਮਾਂ ਜਿਥੇ ਕਦੇ ਸੁੰਦਰ ਮੁਟਿਆਰ ਸੀ। ਉਥੇ ਹੁਣ ਕੁੱਬੀ ਤੇ ਬੁੱਢੀ ਹੋ ਗਈ ਸੀ। ਵਿਛੋੜੇ ਦੇ ਲੰਮੇ ਸਮੇਂ ਨੇ ਦੋਹਾਂ ਦੇ ਸਰੀਰਕ ਹੁਲੀਏ ਬਦਲ ਦਿਤੇ ਸਨ।

ਰਾਣੀ ਗੰਜ ਦੇ ਜਿਸ ਡਾਕ ਬੰਗਲੇ ਵਿਚ ਮਹਾਰਾਜਾ ਦਲੀਪ ਸਿੰਘ ਆਪਣੀ ਮਾਤਾ ਜੀ ਨੂੰ ਉਡੀਕ ਰਿਹਾ ਸੀ, ਉਹ ਉਸੇ ਹੀ ਰਾਹ ਉਤੇ ਸੀ, ਜਿਧਰੋਂ ਮਹਾਰਾਣੀ ਨੇ ਆਉਣਾ ਸੀ। ਖ਼ਬਰ ਆਈ ਸੀ ਕਿ ਦੁਪਹਿਰ ਤੋਂ ਪਹਿਲਾਂ ਮਹਾਰਾਣੀ ਪੁਜ ਜਾਏਗੀ। ਪਰ ਦਸ ਵਜੇ ਤੋਂ ਉਡੀਕਦਿਆਂ ਹੋਇਆਂ ਚਾਰ ਵਜ ਗਏ ਪਰ ਕਿਤਿਓਂ ਧੂੜ ਉਡਦੀ ਦਿਖਾਈ ਨਾ ਦਿੱਤੀ। ਅੱਜ ਮਹਾਰਾਜੇ ਨੇ ਸਵੇਰ ਦਾ ਕੁਝ ਨਹੀਂ ਸੀ ਖਾਧਾ। ਖਾਣਾ ਤਿਆਰ ਪਿਆ ਸੀ, ਪਰ ਇੱਛਾ ਇਹ ਸੀ ਕਿ ਆਪਣੀ ਮਾਂ ਦੇ ਨਾਲ ਹੀ ਉਹ ਖਾਣਾ ਖਾਏਗੀ।

ਆਖ਼ਰ ਉੱਡਦੀ ਹੋਈ ਧੂੜ ਨਜ਼ਰ ਪਈ। ਮਹਾਰਾਜੇ ਨੂੰ ਪੱਕਾ ਯਕੀਨ ਹੋ ਗਿਆ ਕਿ ਉਸ ਦੀ ਮਾਤਾ ਆ ਰਹੀ ਹੈ। ਬੰਗਲੇ ਵਿਚੋਂ ਨਿਕਲ ਤੁਰਿਆ। ਕਿਸੇ ਨੌਕਰ ਨੂੰ ਨਾਲ ਨਹੀਂ ਲਿਆ ਤੇ ਨਾ ਹੀ ਘੋੜੇ ਤੇ ਕਾਠੀ ਪਵਾਈ। ਪੈਦਲ ਹੀ ਕਦਮ ਕਦਮ ਹੋ ਤੁਰਿਆ। ਨਜ਼ਰ ਆਉਂਦੀ ਧੂੜ ਵਲ ਕਾਹਲੀ ਕਾਹਲੀ ਜਾਣ ਲੱਗਾ। ਜਦੋਂ ਅੱਖਾਂ ਨੂੰ ਪੱਕਾ

ਯਕੀਨ ਹੋ ਗਿਆ ਕਿ ਹੋਰ ਕੋਈ ਨਹੀਂ, ਉਸ ਦੀ ਮਾਤਾ ਹੀ ਆ ਰਹੀ ਹੈ, ਤਾਂ ਦੌੜ ਪਿਆ।

'ਮਾਤਾ ਜੀ !' ਇਹ ਇਕੋ ਸ਼ਬਦ ਸੀ, ਜੋ ਮਹਾਰਾਣੀ ਦੇ ਗਲੇ ਲਗਣ ਲਗਿਆਂ ਮਹਾਰਾਜਾ ਦਲੀਪ ਸਿੰਘ ਦੀ ਜ਼ਬਾਨੋਂ ਨਿਕਲਿਆ। ਪਾਰੇ ਵਾਂਗ ਥਰਥਰਾਂਦਾ ਹੋਇਆ ਉਹ ਮਾਂ ਦੇ ਗਲ ਲੱਗਾ। ਦਿਲ ਪਿਘਲ ਕੇ ਅੱਖਾਂ ਵਿਚ ਆ ਗਿਆ। ਮਾਂ ਨੂੰ ਘੁਟੀ ਗਿਆ, ਦੇਖੀ ਗਿਆ, ਪਰ ਜ਼ਬਾਨ ਨਾ ਹਿੱਲੀ।

'ਮੇਰੇ ਦਲੀਪ !' ਦੋ ਹੀ ਸ਼ਬਦ ਸਨ ਜੋ ਮਹਾਰਾਣੀ ਬੋਲ ਸਕੀ। ਉਸ ਦੀ ਖ਼ੁਸ਼ੀ ਦਾ ਪਿਆਲਾ ਨਕਾ ਨਕ ਭਰ ਕੇ ਉਛਲ ਪਿਆ। ਪਾਗ਼ਲਾਂ ਵਾਂਗ ਆਪਣੇ ਪੁੱਤਰ ਦਾ ਮੂੰਹ ਚੁੰਮਦੀ, ਤੇ ਉਹਨੂੰ ਘੁਟ ਘੁਟ ਕਲੇਜੇ ਨਾਲ ਲਾ ਕੇ, ਲੰਮੇ ਵਿਛੋੜੇ ਵਿਚ ਸੜਿਆ ਹੋਇਆ ਕਾਲਜਾ ਠੰਡਾ ਕਰਦੀ ਰਹੀ। ਦੋਹਾਂ ਦੀਆਂ ਧਾਹੀਂ ਨਿਕਲ ਗਈਆਂ। ਬਹੁਤੀ ਖ਼ੁਸ਼ੀ ਰੁਆ ਦੇਂਦੀ ਹੈ, ਜਾਂ ਪਾਗਲ ਕਰਦੀ ਹੈ। ਵੈਰਾਗ ਥੰਮ੍ਹਿਆ ਨਹੀਂ ਸੀ ਜਾਂਦਾ ਤੇ ਮਾਂ ਪੁੱਤ ਇਕ ਦੂਜੇ ਕੋਲੋਂ ਵੱਖ ਨਾ ਹੋਣ । ਪੂਰੇ ਅੱਧੇ ਘੰਟੇ ਪਿਛੋਂ ਦੋਹਾਂ ਦਾ ਵੈਰਾਗ ਕੁਝ ਮੱਠਾ ਹੋਇਆ। ਸਿਰ ਦੇ ਦੁਪੱਟੇ ਨਾਲ ਮਹਾਰਾਣੀ ਨੇ ਆਪਣੇ ਦਲੀਪ ਦੀਆਂ ਅੱਖਾਂ ਦੇ ਅੱਥਰੂਸੁਕਾਏ ਅਤੇ ਚਿਹਰੇ ਤੇ ਪਈ ਰਾਹ ਦੀ ਧੂੜ ਨੂੰ ਸਾਫ਼ ਕੀਤਾ।

ਮਾਂ ਪੁੱਤ ਇਕੱਠੇ ਤੁਰ ਪਏ।

"ਪੁੱਤ ! ਫ਼ਰੰਗੀ ਦੀ ਕੈਦ, ਦਰ ਦਰ ਰੁਲਣ ਤੇ ਰਾਜ ਭਾਗ ਹੱਥੋਂ ਚਲੇ ਜਾਣ ਨੇ ਮੈਨੂੰ ਇੰਨਾ ਦੁਖੀ ਨਹੀਂ ਸੀ ਕੀਤਾ, ਜਿੰਨਾ ਦੁਖ ਮੈਨੂੰ ਉਸ ਵੇਲੇ ਹੋਇਆ ਜਦ ਮੈਂ ਸੁਣਿਆ ਕਿ ਤੂੰ ਗੁਰੂ ਦਾ ਸਿੱਖ ਨਹੀਂ ਰਿਹਾ। ਅੱਜ ਵੀ ਤੇਰੇ ਸਿਰ ਤੇ ਕੇਸ ਅਤੇ ਮੂੰਹ ਉਤੇ ਦਾੜ੍ਹੀ ਨਾ ਦੇਖਕੇ ਮੇਰੇ ਅੰਦਰੋਂ ਲਾਂਬੂਬਲ ਬਲ ਉਠ ਰਹੇ ਹਨ। ਸਾਡਾ ਸਭ ਕੁਝ ਭਾਵੇਂ ਚਲਾ ਗਿਆ ਹੈ ਪਰ ਗੁਰੂਨਾਨਕ ਦੇਵ ਤੇ ਸ੍ਰੀ ਗੁਰੂਗੋਬਿੰਦ ਸਿੰਘ ਜੀ ਦਾ ਦਿੱਤਾ ਧਰਮ ਨਹੀਂ ਸੀ ਜਾਣਾ ਚਾਹੀਦਾ। ਵੱਡੀ ਸਰਕਾਰ (ਮਹਾਰਾਜਾ ਰਣਜੀਤ ਸਿੰਘ) ਦੀ ਆਤਮਾ ਦੀ ਸਵਰਗਾਂ ਵਿਚ ਦੁਖੀ ਨਹੀਂ ਹੁੰਦੀ ਹੋਵੇਗੀ?"

ਮਾਂ ਪੁੱਤਰ ਰਾਣੀ ਗੰਜ ਦੇ ਡਾਕ ਬੰਗਲੇ ਵਿਚ ਕਮਰੇ ਵਿਚ ਬੈਠੇ ਇਹੋ ਜਿਹੀਆਂ ਗੱਲਾਂ ਕਰ ਰਹੇ ਸਨ, ਪਰ ਨੇਤਰਾਂ ਵਿਚੋਂ ਅਜੇ ਭੀ ਕੋਈ ਕੋਈ ਹੰਝੂਕਿਰ ਰਿਹਾ ਸੀ। ਮਹਾਰਾਣੀ ਦੀ ਗੱਲ ਸੁਣ ਕੇ ਮਹਾਰਾਜਾ ਦਲੀਪ ਸਿੰਘ ਨੇ ਕਿਹਾ, "ਮਾਤਾ ਜੀ, ਮੈਂ ਬੜਾ ਪਾਪੀ ਹਾਂ, ਮੈਨੂੰ ਬਖ਼ਸ਼ ਲਓ। ਮੈਂ ਉਸ ਵੇਲੇ ਅੰਞਾਣ ਸਾਂ। ਮੇਰਾ ਇਸ ਵਿਚ ਬਹੁਤਾ ਕਸੂਰ ਵੀ ਨਹੀਂ ਹੈ ਅਤੇ ਮੈਂ ਸੂਝ ਆਉਣ ਤੇ ਸਮਝਿਆ ਸਾਂ ਕਿ ਧਰਮ ਛੁਡਾਣ ਲਈ ਅਤੇ ਤੁਹਾਡੇ ਵਿਰੁਧ ਕਰਨ ਲਈ ਕੀ ਕੀ ਜਾਲ ਵਿਛਾਏ ਗਏ ਸਨ। ਮੇਰੇ ਚੌਗਿਰਦੇ ਵਾਯੂ-ਮੰਡਲ ਹੀ ਐਸਾ ਪੈਦਾ ਕੀਤਾ ਗਿਆ ਸੀ ਜਿਸ ਕਾਰਨ ਨਾ ਮੈਂ ਆਪਣੇ ਧਰਮ ਤੇ ਕਾਇਮ ਰਹਾਂ ਤੇ ਨਾ ਹੀ ਆਪਣੇ ਸਨੇਹੀਆਂ ਨੂੰ ਮੁਹੱਬਤ ਪਿਆਰ ਕਰ ਸਕਾਂ। ਮਾਂ ਮੈਨੂੰ ਵੱਡਾ ਦੁਖ ਤੇ ਸ਼ਰਮ ਇਸ ਗੱਲ ਦੀ ਹੈ ਕਿ ਉਨ੍ਹਾਂ ਤੇਰੇ ਬਾਰੇ ਮਨ-ਘੜਤ ਗੱਲਾਂ ਕਰ ਕਰਕੇ ਮੈਨੂੰ ਐਸਾ ਤੇਰੇ ਵਿਰੁਧ ਕੀਤਾ ਕਿ ਕਈ ਵੇਰ ਤੈਨੂੰ ਬੋਲ ਕਬੋਲ ਬੋਲਦਾ ਰਿਹਾ। ਉਨ੍ਹਾਂ ਮੈਨੂੰ ਬਾਲ ਅਤੇ ਅਬੋਧ ਸਮਝ ਕੇ ਮੇਰੇ ਤੇ ਬੜਾ ਜ਼ੁਲਮ ਕੀਤਾ ਸੀ।" ਦਲੀਪ ਸਿੰਘ ਦਾ ਹੌਕਾ ਸੀ।

"ਜੋ ਹੋਇਆ ਸੋ ਹੋਇਆ। ਪੁੱਤਰ ਦੱਸ ਵਲੈਤ ਕਿਵੇਂ ਰਿਹੈ?

ਮਹਾਰਾਣੀ ਦੀ ਪੁਛ ਦੇ ਉੱਤਰ ਵਿਚ ਮਹਾਰਾਜਾ ਦਲੀਪ ਸਿੰਘ ਨੇ ਦੱਸਿਆ ਕਿ ਉਹ ਜਦੋਂ ਵਲੈਤ ਪੁਜਾ ਤਾਂ ਉਸਦੀ ਰਿਹਾਇਸ਼ ਦਾ ਪਹਿਲਾਂ ਪਰਬੰਧ ਲੰਡਨ ਵਿਚ ਹੀ ਹੋਇਆ। ਡਾਕਟਰ ਲਾਜਿਨ, ਉਸਦੀ ਪਤਨੀ ਤੇ ਉਸਦੇ ਮੁੰਡੇ ਕੁੜੀਆਂ ਉਸ ਦੇ ਸਾਥੀ ਬਣੇ। ਤਿੰਨ ਵੇਲੇ ਖਾਣਾ, ਸੈਰ ਕਰਨੀ, ਸ਼ਿਕਾਰ ਖੇਡਣ ਜਾਣਾ ਅਤੇ ਨਾਚ ਘਰਾਂ ਵਿਚ ਫਿਰਨਾ ਵਡੇ ਕੰਮ ਹੁੰਦੇ ਸਨ। ਮਲਕਾ ਨਾਲ ਵੀ ਮੇਲ-ਮਿਲਾਪ ਹੁੰਦਾ ਰਿਹਾ। ਦੋ ਸਾਲ ਲੰਡਨ ਵਿਚ ਰਿਹਣ ਪਿਛੋਂ ਫਿਰ ਇਟਲੀ ਚਲਾ ਗਿਆ। ਉਥੋਂ ਵਾਪਸ ਆ ਕੇ ਅੰਗਰੇਜ਼ੀ ਸਰਕਾਰ ਕੋਲੋਂ ਉਸਨੇ ਪੁਛਿਆ ਕਿ ਹੁਣ ਮੈਂ ਬਾਲਗ ਹੋ ਗਿਆ ਹਾਂ, ਦੱਸੋ ਮੇਰਾ ਰਾਜ ਮੈਨੂੰ ਕਦੋਂ ਦਿੱਤਾ ਜਾਏਗਾ? ਇਸ ਪੁੱਛ ਦਾ ਉੱਤਰ ਕੋਈ ਤਸੱਲੀ-ਬਖ਼ਸ਼ ਨਾ ਮਿਲਿਆ। ਅਜੇ ਚਿੱਠੀ ਪੱਤਰ ਹੋ ਰਹੀ ਸੀ ਕਿ ਹਿੰਦੁਸਤਾਨ ਵਿਚ ਗ਼ਦਰ (1857) ਹੋ ਗਿਆ। ਉਸ ਵੇਲੇ ਉਸ ਤੇ ਕਰੜੀ ਨਿਗਰਾਨੀ ਹੋਣ ਲੱਗੀ, ਆਮ ਆਦਮੀਆਂ ਨਾਲ ਮੇਲ-ਮਿਲਾਪ ਕਰਨ ਦੀ ਮਨਾਹੀ ਹੋ ਗਈ। ਮਕਾਨ ਤੇ ਪੁਲੀਸ ਰਹਿੰਦੀ ਤੇ ਚਿੱਠੀ -ਪੱਤਰ ਦੀ ਦੇਖ ਭਾਲ ਕੇ ਦਿੱਤੇ ਜਾਂਦੇ। ਇਸ ਨਿਗਰਾਨੀ ਨੇ ਮਹਾਰਾਜੇ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਉਸਨੂੰ ਪਤਾ ਲੱਗ ਗਿਆ ਕਿ ਅਸਲ ਵਿਚ ਉਹ ਮਹਾਰਾਜਾ ਕੋਈ ਨਹੀਂ ਰਿਹਾ, ਰਾਜ ਉਸ ਨੂੰ ਨਹੀਂ ਮਿਲੇਗਾ। ਉਹ ਤਾਂ ਹੁਣ ਇਕ ਸਾਧਾਰਨ ਆਦਮੀ ਵੀ ਨਹੀਂ ਰਿਹਾ, ਸਗੋਂ ਇਕ ਕੈਦੀ ਸਮਝਿਆ ਜਾਂਦਾ ਹੈ । ਉਸ ਵੇਲੇ ਉਸ ਨੂੰ ਬਹੁਤ ਦੁਖ ਹੋਇਆ। ਆਖਦੇ ਨੇ ਦੁਖ ਵੇਲੇ ਮਾਂ, ਵਤਨ ਦੇ ਵਾਸੀ ਤੇ ਭਰਾ ਭਾਈ ਯਾਦ ਆਉਂਦੇ ਹਨ। ਸਭ ਚੇਤੇ ਆਏ। ਮਹਾਰਾਜੇ ਨੇ ਦੱਸਿਆ ਕਿ ਉਹ ਆਪਣੀ ਮਾਤਾ ਨੂੰ ਯਾਦ ਕਰ ਕੇ ਰਾਤਾਂ ਰੋਂਦਾ ਹੀ ਰਿਹਾ। ਉਹ ਗਿਰਜੇ ਗਿਆ ਤਾਂ ਦੁਆ ਕਰਨ ਵਿਚ ਚਿੱਤ ਨਾ ਲੱਗਾ। ਉਸ ਦੇ ਹਿਰਦੇ ਵਿਚ ਯਾਦਾਂ ਦਾ ਤੂਫ਼ਾਨ ਆ ਗਿਆ। ਅਖ਼ੀਰ ਉਸ ਨੇ ਫ਼ੈਸਲਾ ਕੀਤਾ ਕਿ ਉਹ ਜ਼ਰੂਰ ਹਿੰਦੁਸਤਾਨ ਜਾਏਗਾ ਤੇ ਆਪਣੀ ਮਾਂ, ਵਤਨੀਆਂ ਅਤੇ ਨੇੜੇ ਦੇ ਸੰਬੰਧੀਆਂ ਨੂੰ ਮਿਲੇਗਾ। ਜਦੋਂ ਵਲੈਤ ਵਿਚ ਇਹ ਖ਼ਬਰਾਂ ਪੁਜੀਆਂ ਕਿ ਬਾਗ਼ੀ ਸਾਰੇ ਦਬਾ ਦਿੱਤੇ ਗਏ ਹਨ ਅਤੇ ਸਾਰੇ ਹਿੰਦ ਵਿਚ ਅੰਗਰੇਜ਼ਾਂ ਦਾ ਰਾਜ ਹੋ ਗਿਆ ਹੈ, ਤਾਂ ਉਸ ਨੂੰ ਹਿੰਦੁਸਤਾਨ ਆਉਣ ਦੀ ਖੁਲ੍ਹ ਮਿਲ ਗਈ।

"ਹੁਣ ਕਿਥੇ ਰਹਿਣਾ ਹੈ!" ਮਹਾਰਾਣੀ ਨੇ ਕਹਾਣੀ ਸੁਣ ਕੇ ਪੁਛਿਆ।

"ਮੇਰਾ ਵਿਚਾਰ ਤਾਂ ਹਿੰਦ ਵਿਚ ਰਹਿ ਕੇ ਸ਼ਿਕਾਰ ਖੇਡਣ ਦਾ ਸੀ, ਪਰ ਮੈਨੂੰ ਹੁਣ ਗਵਰਨਰ ਜਰਨਲ ਨੇ ਹੁਕਮ ਦਿੱਤਾ ਹੈ ਕਿ ਮੈਂ ਮੁੜ ਕੇ ਵਲੈਤ ਚਲਾ ਜਾਵਾਂ, ਮੇਰਾ ਏਥੇ ਰਹਿਣਾ ਠੀਕ ਨਹੀਂ।" ਮਹਾਰਾਜਾ ਦਲੀਪ ਸਿੰਘ ਨੇ ਉੱਤਰ ਦਿੱਤਾ।

"ਕਿਉਂ?"

"ਗੱਲ ਇਹ ਹੈ ਕਿ ਥੋੜ੍ਹੇ ਦਿਨ ਹੋਏ ਹਨ, ਚੀਨ ਦੀ ਲੜਾਈ ਤੋਂ ਮੁੜਦੇ ਹੋਏ ਥੋੜ ਜਹੇ ਫ਼ੌਜੀ ਸਿੱਖਾਂ ਨੂੰ ਪਤਾ ਲੱਗਾ ਕਿ ਮੈਂ ਇਥੇ ਆਇਆ ਹੋਇਆ ਹਾਂ। ਉਹ ਮੈਨੂੰ ਮਿਲਣ ਵਾਸਤੇ ਹੋਟਲ ਵਿਚ ਆ ਗਏ। ਉਨ੍ਹਾਂ ਨੂੰ ਕਿਸੇ ਨੇ ਦੱਸ ਦਿੱਤਾ ਹੋਵੇਗਾ। ਉਹ ਬੜੀ ਹਮਦਰਦੀ ਤੇ ਸਤਿਕਾਰ ਨਾਲ ਮਿਲੇ। ਉਨ੍ਹਾਂ ਦੇ ਨੇਤਰਾਂ ਵਿਚ ਜਲ ਸੀ ਤੇ ਉਹ ਸਿੱਖ ਰਾਜ ਜਾਣ ਤੇ ਅਫ਼ਸੋਸ ਕਰਦੇ ਸਨ। ਉਨ੍ਹਾਂ ਦਾ ਜੀਅ ਮੇਰੇ ਤੋਂ ਵੱਖ ਹੋਣ ਤੋਂ ਨਾ ਕਰੇ ਤੇ ਇਹੋ ਹੀ ਪੁਛੀ ਜਾਣ ਕਿ ਮੈਂ

ਪੰਜਾਬ ਕਦ ਜਾਣਾ ਹੈ। ਇਸ ਗੱਲ ਦਾ ਪਤਾ ਗਵਰਨਰ ਜਨਰਲ ਨੂੰ ਲੱਗਾ। ਉਹ ਉਸ ਵੇਲੇ ਹੀ ਮੇਰੇ ਕੋਲ ਆਇਆ ਤੇ ਮੈਨੂੰ ਆਖਣ ਲੱਗਾ, "ਆਪ ਜਲਦੀ ਵਲੈਤ ਨੂੰ ਚਲੇ ਜਾਈਏ, ਜੇ ਆਪਣੀ ਮਾਤਾ ਨੂੰ ਨਾਲ ਵਲੈਤ ਲਿਜਾਣਾ ਚਾਹੋ ਤਾਂ ਬੇਸ਼ਕ ਲੈ ਜਾਓ। ਅੰਗਰੇਜ਼ੀ ਸਰਕਾਰ ਮਹਾਰਾਣੀ ਦੇ ਉਹ ਗਹਿਣੇ ਤੇ ਲੀੜੇ ਵੀ ਵਾਪਸ ਕਰ ਦੇਵੇਗੀ, ਜੋ ਮਹਾਰਾਣੀ ਚੁਨਾਰ ਦੇ ਕਿਲ੍ਹੇ ਵਿਚ ਛੱਡ ਗਈ ਸੀ।"

"ਜਿਥੇ ਪੁੱਤਰ ਤੂੰ ਰਹਿਣਾ ਹੈ, ਉਥੇ ਮੈਂ ਰਹਾਂਗੀ। ਹੁਣ ਬੁਢੇਪੇ ਵਿਚ ਮੈਥੋਂ ਤੇਰਾ ਵਿਛੋੜਾ ਨਹੀਂ ਝਲਿਆ ਜਾਣਾ। ਮੈਂ ਵਲੈਤ ਚਲਣ ਨੂੰ ਤਿਆਰ ਹਾਂ, ਭਾਵੇਂ ਚਿਤ ਤਾਂ ਨਹੀਂ ਕਰਦਾ ਕਿ ਪਰਦੇਸ ਵਿਚ ਜਾ ਕੇ ਸੁਆਸ ਤਿਆਗਾਂ।"

"ਮੈਂ ਡਾਕਟਰ ਲਾਜਿਨ ਨੂੰ ਲਿਖ ਦਿੱਤਾ ਹੈ ਕਿ ਉਹ ਸਾਡੇ ਲਈ ਇਕ ਮਹੱਲ ਤੇ ਜ਼ਮੀਨ ਖਰੀਦ ਲਵੇ।

"ਚੰਗਾ ਕੀਤਾ, ਪਰ ਪ੍ਰਣ ਦੇ ਕਿ ਹੁਣ ਤੂੰ ਮੁੜ ਕੇ ਗੁਰੂ ਦਾ ਸਿੰਘ ਬਣ ਜਾਏਂਗਾ। ਦਾਤੇ ਕੋਲੋਂ ਮੈਂ ਭੁਲ ਬਖ਼ਸ਼ਾ ਲਵਾਂਗੀ। ਉਸ ਨੇ ਮੇਰੀਆਂ ਪ੍ਰਾਰਥਨਾਂ ਮੰਨੀਆਂ ਹਨ, ਤਦ ਹੀ ਤੈਨੂੰ ਮਿਲਣ ਦਾ ਸਮਾਂ ਮਿਲਿਆ ਹੈ।"

"ਜ਼ਰੂਰ ਮਾਂ, ਮੈਂ ਹੁਣ ਯਤਨ ਕਰਾਂਗਾ ਕਿ ਮੈਂ ਜਿਸ ਗੁਰੂ ਨਾਨਕ ਦੇ ਦਰੋਂ ਘਰੋਂ ਦੂਰ ਗਿਆ ਹਾਂ ਮੁੜ ਉਸ ਦੇ ਨੇੜੇ ਆਵਾਂ। ਧਰਮਾਂ ਵਿਚੋਂ ਸਿੱਖੀ ਧਰਮ ਸਰੇਸ਼ਟ ਹੈ, ਇਹ ਮੈਨੂੰ ਹੁਣ ਪਤਾ ਲੱਗਾ ਹੈ। ਇਓਂ ਉਦਾਸੀ ਸਾਧੂ ਦੀ ਕ੍ਰਿਪਾਲਤਾ ਨਾਲ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਭੀ ਹਾਸਲ ਕਰ ਲਈ ਹੈ, ਉਹ ਕਲਕੱਤੇ ਹੈ। ਗੁਰਬਾਣੀ ਪੜ੍ਹਿਆ ਸੁਣਿਆ ਕਰਾਂਗੇ।"

"ਸੌ ਬਰਸ ਤਕ ਜੀਵੇਂ ਵੇ ਚੰਦਾ," ਇਹ ਆਖ ਕੇ ਮਹਾਰਾਣੀ ਨੇ ਦਲੀਪ ਸਿੰਘ ਨੂੰ ਗਲ ਨਾਲ ਲਾ ਲਿਆ। ਉਸ ਨੂੰ ਬੜੀ ਖ਼ੁਸ਼ੀ ਹੋਈ ਕਿ ਉਸ ਦਾ ਪੁੱਤਰ ਮੁੜ ਸਿੱਖ ਬਣਨ ਦੀ ਤਿਆਰੀ ਕਰਨ ਲੱਗਾ ਹੈ।

ਅਗਲੇ ਦਿਨ ਮਾਂ ਪੁੱਤ ਕਲਕੱਤੇ ਨੂੰ ਤੁਰ ਪਏ।

## ਕਾਂਡ-26

ਕਲੱਤਿਓਂ ਜਹਾਜ਼ ਵਿਚ ਬੈਠ ਕੇ ਮਹਾਰਾਜਾ ਦਲੀਪ ਸਿੰਘ ਆਪਣੀ ਮਾਤਾ ਨੂੰ ਨਾਲ ਲੈ ਕੇ ਮੁੜ ਵਲੈਤ ਨੂੰ ਚੱਲ ਪਿਆ। ਅਗੇ ਵਿਚਾਰੀ ਨੇ ਪੰਜਾਬ ਛਡਿਆ ਸੀ, ਹੁਣ ਹਿੰਦੁਸਤਾਨ ਵੀ ਛੱਡ ਦਿੱਤਾ, ਆਪਣਾ ਵਤਨ ਛੱਡਣ ਵੇਲੇ ਉਸ ਦਾ ਮਨ ਭਰ ਆਇਆ। ਅਟੁਟ ਹੰਝੂਆਂ ਦੀ ਲੜੀ ਅੱਖਾਂ ਵਿਚੋਂ ਕਿੰਨਾਂ ਚਿਰ ਵਗਦੀ ਰਹੀ।

ਕਈਆਂ ਦਿਨਾਂ ਦੇ ਲੰਮੇ ਸਫ਼ਰ ਪਿਛੋਂ ਮਾਂ ਪੁੱਤ ਲੰਡਨ ਪੁਜ ਗਏ ਮਹਾਰਾਣੀ ਦੀ ਰਿਹਾਇਸ਼ ਵਾਸਤੇ ਡਾਕਟਰ ਲਾਜਿਨ ਨੇ ਪਹਿਲਾਂ ਹੀ ਲੈਨਕੈਸਟਰ ਗੇਟ ਲੰਡਨ ਦੇ ਅੰਦਰ ਇਕ ਮਕਾਨ ਕਿਰਾਏ ਤੇ ਲੈ ਕੇ ਰਖਿਆ ਹੋਇਆ ਸੀ। ਉਸ ਵਿਚ ਹੀ ਪਹਿਲਾਂ ਰਿਹਾਇਸ਼ ਰੱਖੀ। ਹਿੰਦੁਸਤਾਨੀ ਗੋੱਲੀਆਂ ਤੇ ਸੇਵਕ ਸਾਥ ਸਨ, ਜਿਨ੍ਹਾਂ ਵਿਚ ਸੱਜਨ ਸਿੰਘ, ਸ਼ਾਮੋ ਤੇ ਗੋਮਤੀ ਵੀ ਨਾਲ ਸਨ। ਮਹਾਰਾਜੇ ਨਾਲ ਇਕ ਹੁਸ਼ਿਆਰ ਤੇ ਵਫ਼ਾਦਾਰ ਸੇਵਕ ਸੂਰਤੀ ਵੀ ਸੀ।

ਲੰਡਨ ਪੁਜ ਕੇ ਮਹਾਰਾਣੀ ਦੇ ਜੀਵਨ ਵਿਚ ਖ਼ੁਸ਼ੀ ਨਹੀਂ ਆਈ। ਗ਼ਮ ਤੇ ਉਦਾਸੀ ਨੇ ਉਸ ਦਾ ਪਿੱਛਾ ਨਹੀਂ

ਛਡਿਆ। ਉਦਾਸੀ ਦਾ ਕਾਰਨ ਇਕ ਤਾਂ ਉਸਦਾ ਤਨ ਬੜਾ ਕਮਜ਼ੋਰ ਹੋ ਗਿਆ ਤੇ ਜੋੜਾਂ ਵਿਚ ਪੀੜਾਂ ਹੋਣ ਲੱਗ ਪਈਆਂ ਸਨ। ਮੰਜੇ ਜਾਂ ਕੁਰਸੀ ਤੇ ਬੈਠਣਾ ਜਾਂ ਉਨ੍ਹਾਂ ਤੋਂ ਉਠਣਾ ਉਸ ਵਾਸਤੇ ਔਖਾ ਹੋ ਗਿਆ ਸੀ। ਅੱਖਾਂ ਦੀ ਜੋਤ ਬਿਲਕੁਲ ਘਟ ਗਈ। ਬਥੇਰੇ ਡਾਕਟਰਾਂ ਨੂੰ ਵਿਖਾਇਆ ਗਿਆ, ਫ਼ੀਸਾਂ ਤੇ ਦਵਾਈਆਂ ਤੇ ਧਨ ਲੁਟਾਇਆ ਗਿਆ, ਪਰ ਰੋਗਾਂ ਨੇ ਖਹਿੜਾ ਨਾ ਛਡਿਆ । ਦੂਜਾ ਕਾਰਨ ਸੀ ਅੰਗਰੇਜ਼ੀ ਰਾਜ ਤੇ ਉਸ ਦੇ ਕਰਮਚਾਰੀਆਂ ਦੀ ਕਠੋਰਤਾ। ਜਿਸ ਨੂੰ ਅਸੀਂ ਸੁਖੈਨ ਬੋਲੀ ਵਿਚ ਇਉਂ ਆਖ ਸਕਦੇ ਹਾਂ ਕਿ ਹਨੈਰੀ ਲਾਰੈਂਸ, ਜੋ ਉਸ ਵੇਲੇ ਇੰਡੀਆ ਕੌਂਸਲ ਦਾ ਮੈਂਬਰ ਸੀ, ਉਸ ਨੇ ਹਿੰਦੁਸਤਾਨ ਵਿਚੋਂ ਇਕ ਚਿੱਠੀ ਅੰਗਰੇਜ਼ ਸਰਕਾਰ ਨੂੰ ਵਲੈਤ ਲਿਖੀ ਕਿ ਭਾਵੇਂ ਮਹਾਰਾਣੀ ਜਿੰਦਾਂ ਕਮਜ਼ੋਰ ਤੇ ਅੱਖਾਂ ਤੋਂ ਅੰਨ੍ਹੀ ਹੋ ਗਈ ਹੈ, ਫਿਰ ਵੀ ਮਹਾਰਾਜਾ ਦਲੀਪ ਸਿੰਘ ਨੂੰ ਉਸ ਕੋਲੋਂ ਦੂਰ ਰੱਖਣਾ ਚਾਹੀਦਾ ਹੈ। ਉਹ ਉਸਨੂੰ ਕੋਈ ਉਲਟੀ ਮਤ ਦੇਵੇਗੀ। ਹੋ ਸਕਦਾ ਹੈ ਕੋਈ ਸਾਜ਼ਸ਼ ਘੜੇ। ਇਹ ਬੜੀ ਖ਼ਤਰਨਾਕ ਹੈ ਅਤੇ ਰਾਜ ਵਾਪਸ ਲੈਣ ਲਈ ਹੁਣ ਤਕ ਸੁਪਨੇ ਲੈ ਰਹੀ ਹੈ। ਲੰਡਨ ਦੀ ਅੰਗਰੇਜ਼ੀ ਸਰਕਾਰ ਨੇ ਉਸੇ ਵੇਲੇ ਇਸ ਚਿੱਠੀ ਤੇ ਅਮਲ ਕੀਤਾ। ਡਾਕਟਰ ਲਾਜਿਨ ਨੂੰ ਸੱਦ ਕੇ ਸਲਾਹ ਦਿੱਤੀ ਕਿ ਉਹ ਮਹਾਰਾਣੀ ਨੂੰ ਵੱਖ ਰੱਖੇ। ਮਹਾਰਾਜੇ ਨੂੰ ਕਿਹਾ ਕਿ ਜੇ ਐਸਾ ਨਾ ਕੀਤਾ ਗਿਆ ਤਾਂ ਉਸ ਦੇ ਭਵਿੱਖਤ ਤੇ ਵਜ਼ੀਫੇ ਤੇ ਅਸਰ ਪਵੇਗਾ। ਜਦੋਂ ਮਹਾਰਾਣੀ ਨੇ ਇਹ ਸੁਣਿਆ ਤਾਂ ਉਸ ਨੂੰ ਬਹੁਤ ਦੁੱਖ ਹੋਇਆ।

ਲਾਜਿਨ ਦੀ ਸਲਾਹ ਤੇ ਲੰਡਨ ਤੋਂ ਦਸ ਕੁ ਮੀਲ ਦੂਰ ਕੈਨਸਿੰਗਟਨ ਨਗਰ ਵਿਚ ਇਕ ਮਹੱਲ ਖ਼ਰੀਦਿਆ ਗਿਆ, ਜਿਸਦਾ ਨਾਂ ਅਬਿੰਗਡਨ ਹਾਊਸ (Abingdon House) ਸੀ। ਗੋੱਲੀਆਂ ਤੇ ਸੇਵਕਾਂ ਦੇ ਸਾਥ ਮਹਾਰਾਣੀ ਨੂੰ ਤਾਂ ਉਥੇ ਰਹਿਣ ਵਾਸਤੇ ਮਜਬੂਰ ਕੀਤਾ ਗਿਆ ਤੇ ਮਹਾਰਾਜਾ ਸਾਹਿਬ ਲੰਡਨ ਵਿਚ ਰਹਿਣ ਲੱਗੇ। ਇਸ ਨਵੇਂ ਤੇ ਅੰਤਮ ਸਦਮੇ ਨੇ ਮਹਾਰਾਣੀ ਦੇ ਦਿਲ ਤੇ ਬੜਾ ਡੂੰਘਾ ਅਸਰ ਕੀਤਾ। ਤਨ ਵਿਚ ਅਰੋਗਤਾ ਆਉਣ ਦੀ ਥਾਂ ਰੋਗਾਂ ਨੇ ਮੱਲ ਲਈ। ਥੋੜਾ ਬਹੁਤ ਜੋ ਅੱਖੀਂ ਚਾਨਣ ਸੀ ਉਹ ਵੀ ਨਾ ਰਿਹਾ, ਉਹ ਬਿਲਕੁਲ ਅੰਨ੍ਹੀ ਹੋ ਗਈ। ਲੱਤਾ ਤੇ ਪੈਰ ਚਲਣੋਂ ਰਹਿ ਗਏ, ਜੀਵਨ ਤੋਂ ਬੇਜ਼ਾਰ ਹੋ ਗਈ। ਮਲਕਾ ਵਿਟੋਰੀਆ ਤੇ ਅੰਗਰੇਜ਼ੀ ਸਰਕਾਰ ਦੇ ਕਰਮਚਾਰੀਆਂ ਅੱਗੇ ਬਥੇਰੇ ਵਾਸਤੇ ਪਾਏ ਕਿ ਉਸ ਨੂੰ ਪੁੱਤਰ ਕੋਲ ਰਹਿਣ ਦਿੱਤਾ ਜਾਏ ਤੇ ਉਸ ਦੇ ਪੁੱਤਰ ਨੂੰ ਮਹਾਰਾਜਾ ਬਣਾਇਆ ਜਾਵੇ, ਜਿਵੇਂ ਇਕਰਾਰ ਕੀਤਾ ਗਿਆ ਸੀ, ਪਰ ਕਿਸੇ ਇਕ ਨਾ ਸੁਣੀ। ਬਹਾਨਿਆਂ ਨਾਲ ਹੀ ਟਾਲਦੇ ਰਹੇ। ਬੱਸ ਇਹੋ ਉੱਤਰ ਆਉਂਦਾ, "ਸਰਕਾਰ ਵਿਚਾਰ ਕਰ ਰਹੀ ਹੈ।"

ਮਹਾਰਾਜਾ ਦਲੀਪ ਸਿੰਘ ਦੀ ਉਮਰ 24 ਸਾਲ ਤੋਂ ਉਪਰ ਹੋ ਗਈ ਸੀ। ਮਹਾਰਾਣੀ ਦੀ ਤੀਬਰ ਇੱਛਾ ਸੀ ਕਿ ਉਹ ਪੁੱਤਰ ਦਾ ਵਿਆਹ ਕਰੇ। ਪਰ ਕਿੱਥੇ? ਇਸ ਸੁਆਲ ਦਾ ਉੱਤਰ ਉਸ ਨੂੰ ਕੋਈ ਨੀਂ ਸੀ ਦੇ ਸਕਦਾ। ਵਲੈਤ ਵਿਚ ਕੋਈ ਸਿੱਖ ਖ਼ਾਨਦਾਨ ਨਹੀਂ ਸੀ ਰਹਿੰਦਾ ਜਿਸ ਵਿਚੋਂ ਕੋਈ ਲੜਕੀ ਲੱਭ ਸਕੇ। ਪੰਜਾਬ ਵਿਚ ਨਾ ਮਹਾਰਾਣੀ ਆ ਸਕਦੀ ਸੀ ਤੇ ਨਾ ਮਹਾਰਾਜਾ ਦਲੀਪ ਸਿੰਘ ਅਤੇ ਨਾ ਹੀ ਅੰਗਰੇਜ਼ੀ ਸਰਕਾਰ ਦੀ ਮਰਜ਼ੀ ਸੀ ਕਿ ਕਿਸੇ ਪੰਜਾਬੀ ਜਾਂ ਸਿੱਖ ਘਰਾਣੇ ਦੀ ਸੁਸ਼ੀਲ ਕੰਨਿਆ ਨਾਲ ਸ਼ਾਦੀ ਹੋਵੇ। ਅਨੇਕਾਂ ਅੰਗਰੇਜ਼ ਕੁੜੀਆਂ ਮਹਾਰਾਜੇ ਨਾਲ ਸ਼ਾਦੀ ਕਰਨਾ ਚਾਹੁੰਦੀਆਂ ਸਨ, ਪਰ ਮਹਾਰਾਜਾ ਨਾ ਮੰਨਿਆ। ਜਿਉਂ ਜਿਉਂ ਅੰਗਰੇਜ਼ੀ ਸਰਕਾਰ ਵਲੋਂ ਉਸ ਤੇ ਪਾਬੰਦੀਆਂ ਲਗ

ਰਹੀਆਂ ਸਨ ਤਿਉਂ ਉਸਦਾ ਪਿਆਰ ਤੇ ਸਤਿਕਾਰ ਅੰਗਰੇਜ਼ ਕੌਮ ਨਾਲੋਂ ਘਟਦਾ ਜਾਂਦਾ ਸੀ। ਇਕ ਵਾਰੀ ਲੌਡੀ ਲਾਜਿਨ ਨੇ ਉਸ ਕੋਲੋਂ ਪੁਛਿਆ, "ਮਹਾਰਾਜਾ ਸੀ, ਤੁਸੀਂ ਕਿਸੇ ਅੰਗਰੇਜ਼ ਸੁੰਦਰੀ ਨਾਲ ਸ਼ਾਦੀ ਕਿਉਂ ਨਹੀਂ ਕਰਦੇ?" ਇਸ ਪੁੱਛ ਦਾ ਉੱਤਰ ਮਹਾਰਾਜਾ ਨੇ ਇਉਂ ਦਿੱਤਾ, "ਮੈਂ ਵੇਖ ਰਿਹਾ ਹਾਂ ਅੰਗਰੇਜ਼ਾਂ ਵਿਚ ਕਿਸੇ ਦੂਸਰੀ ਕੌਮ ਦੇ ਮਨੁੱਖ ਵਾਸਤੇ ਸਤਿਕਾਰ, ਹਮਦਰਦੀ ਤੇ ਸੱਚਾ ਪਿਆਰ ਨਹੀਂ। ਇਨ੍ਹਾਂ ਦੇ ਦਿਲਾਂ ਵਿਚ ਕਠੋਰਤਾ ਤੇ ਫ਼ਰੇਬ ਹੈ, ਇਸ ਵਾਸਤੇ ਮੈਂ ਕਿਸੇ ਉਸ ਸੁੰਦਰੀ ਨਾਲ ਪ੍ਰੀਤ ਨਹੀਂ ਪਾ ਸਕਦਾ, ਜਿਸ ਦੀਆਂ ਨਾੜਾਂ ਵਿਚ ਅੰਗਰੇਜ਼ੀ ਲਹੂ ਹੋਵੇ।

31 ਜੁਲਾਈ 1863 ਦੀ ਸ਼ਾਮ ਹੈ। ਐਬਿੰਗਡਨ ਹਾਊਸ ਦੇ ਇਕ ਕਮਰੇ ਵਿਚ ਪਲੰਘ ਤੇ ਲੇਟੀ ਹੋਈ ਮਹਾਰਾਣੀ ਆਪਣੇ ਜੀਵਨ ਦੀਆਂ ਅੰਤਮ ਘੜੀਆਂ ਗਿਣ ਰਹੀ ਹੈ, ਗੋੱਲੀਆਂ ਤੇ ਸੇਵਕ ਅੱਖਾਂ ਭਰੀ ਚੁਪ ਚਾਪ ਏਧਰ ਓਧਰ ਤੁਰੇ ਫਿਰਦੇ ਹਨ। ਸਾਰੇ ਮਹੱਲ ਤੇ ਉਦਾਸੀ ਤੇ ਗ਼ਮ ਦਾ ਪਰਛਾਵਾਂ ਹੈ। ਕੋਈ ਪੰਛੀ ਵੀ ਨਹੀਂ ਬੋਲਦਾ। ਡਾਕਟਰ ਨਿਰਾਸ ਹੋ ਕੇ ਜਾ ਚੁਕੇ ਹਨ। ਜੀਉਣਾ ਹੁਣ ਝੂਠ ਹੈ ਤੇ ਮਰਨਾ ਸੱਚ।

ਅੰਤ ਵੇਲੇ ਜਿੱਥੇ ਸੇਵਕ ਤੇ ਗੋੱਲੀਆਂ ਕੋਲ ਹਨ, ਉਥੇ ਪੁੱਤਰ ਦੂਰ ਹੈ। ਉਸ ਨੂੰ ਸੁਨੇਹੇ ਭੇਜਣ ਤੋਂ ਬਿਨਾਂ ਦੋ ਆਦਮੀ ਵੀ ਸੱਦਣ ਵਾਸਤੇ ਭੇਜੇ ਜਾ ਚੁਕੇ ਹਨ। ਨਾ ਆਦਮੀ ਮੁੜੇ ਤੇ ਨਾ ਮਹਾਰਾਜਾ ਸਾਹਿਬ ਆਏ ਹਨ। ਮਹਾਰਾਣੀ ਦੀ ਜ਼ਬਾਨ ਨੂੰ ਭਾਵੇਂ ਵਲ ਪੈਰ ਰਹੇ ਨੇ, ਫਿਰ ਵੀ ਉਹ ਹੌਲੀ ਹੌਲੀ ਆਖ ਰਹੀ ਹੈ, "ਮੇਰੇ ਲਾਲ ਨੂੰ ਸੱਦੋ ਜਾਂਦੀ ਵਾਰੀ ਤਾਂ ਮਿਲ ਲਵਾਂ। ਇੰਨਾਂ ਹੀ ਆਖ ਦੇਵਾਂ ਪੁੱਤਰਾ...... ਮੈਂ ਚੱਲੀ ਹਾਂ, ਉਥੇ ਜਿਥੋਂ ਜਾ ਕੇ ਕੋਈ ਮੁੜ ਕੇ ਨਹੀਂ ਆਉਂਦਾ ਆਹ! ਮੇਰੇ ਪੁੱਤਰ ਦੀ ਕਿ ..... ਸਮਤ ਦਾ ਫ਼ੈਸਲਾ.... ਮੇਰੇ ਹੁੰਦਿਆਂ ਨਹੀਂ ਹੋਇਆ। ਮੇਰੇ ਪਿਛੋਂ .....ਕੀ....ਪਤਾ.....ਕੋਈ ਗਿਆ?"

"ਸੂਰਤੀ ਗਿਆ ਹੈ, ਸਰਕਾਰ, ਹੌਂਸਲਾ ਕਰੋ, ਹੁਣੇ ਆ ਜਾਂਦਾ ਨੇ।" ਇਉਂ ਆਖ ਕੇ ਸ਼ਾਮੋ ਤੇ ਗੋਮਤੀ ਮਹਾਰਾਣੀ ਨੂੰ ਧੀਰਜ ਦੇ ਰਹੀਆਂ ਸਨ।

ਸਾਰਿਆਂ ਦੀਆਂ ਅੱਖਾਂ ਮਹਾਰਾਜਾ ਦਲੀਪ ਸਿੰਘ ਦਾ ਰਾਹ ਦੇਖ ਰਹੀਆਂ ਸਨ, ਪਰ ਉਹ ਨਾ ਆਏ । ਮਹਾਰਾਣੀ ਪਲ ਪਲ ਪਿਛੋਂ ਪੁਛਦੀ ਰਹੀ। ਗੋੱਲੀਆਂ ਇਹੋ ਆਖਦੀਆਂ ਰਹੀਆਂ, "ਹੁਣੇ ਆ ਜਾਂਦੇ ਨੇ, ਆ ਰਹੇ ਨੇ।"

ਜਿਉਂ ਜਿਉਂ ਰਾਤ ਬੀਤਦੀ ਗਈ, ਤਿਉਂ ਤਿਉਂ ਮਹਾਰਾਣੀ ਦੀ ਹਾਲਤ ਖ਼ਰਾਬ ਹੁੰਦੀ ਗਈ। ਜਦੋਂ ਰਾਤ ਮੁਕੀ, ਸੂਰਜ ਚੜ੍ਹਨ ਲੱਗਾ ਤਾਂ ਬੜੀ ਔਖਿਆਈ ਨਾਲ ਮਹਾਰਾਣੀ ਨੇ ਪੁਛਿਆ, "ਆਇਆ ਨਹੀਂ? ਹੱਛਾ.... ਮੈਂ ਤਾਂ ਚੱਲੀ ਹਾਂ। ਉਸ ਨੂੰ ਆਖ...... ਦਿਓ..... ਉਡੀਕਦੀ ਮਰ ਗਈ।....ਮੇਰੀ ਇੱਛਾ ਹੈ। ਮੈਨੂੰ ਮੇਰੇ ਦੇਸ ਸਾੜੋ। ਜੇ ਨਾ.....ਹੋ .....ਸਕੇ ....ਤਾਂ ਮੇਰੀਆਂ ਹੱਡੀਆਂ ਵਤਨ ਪਹੁੰਚਾਏ। ਇਹ ਮੇਰੀ .....ਅੰਤਿਮ....ਇੱਛਾ ਹੈ।"

ਗੋੱਲੀਆਂ ਨੂੰ ਪ੍ਰਤੀਤ ਹੋ ਗਿਆ ਕਿ ਉਨ੍ਹਾਂ ਦੀ ਪਿਆਰੀ ਮਹਾਰਾਣੀ ਉਨ੍ਹਾਂ ਨੂੰ ਸਦੀਵੀ ਵਿਛੋੜਾ ਦੇ ਰਹੀ ਹੈ। ਉਹ ਰੋ ਰਹੀਆਂ ਸਨ। ਸ਼ਾਮੋ ਨੇ ਮਹਾਰਾਣੀ ਦੀ ਨਬਜ਼ ਨੂੰ ਘੁਟਿਆ ਹੋਇਆ ਹੋਇਆ ਸੀ। ਕਦੀ ਨਬਜ਼ ਹੌਲੀ ਹੋ ਜਾਂਦੀ ਸੀ ਤੇ ਕਦੀ ਤੇਜ਼। ਸ਼ਾਇਦ ਮਾਹਾਰਾਣੀ ਦੀ ਰੂਪ, ਪੁੱਤਰ ਨੂੰ ਮਿਲਕੇ ਜਾਣਾ ਚਾਹੁੰਦੀ ਸੀ। ਥੋੜ੍ਹਾ ਚਿਰ ਰਹਿਣ

ਪਿਛੋਂ ਮੁੜ ਮਹਾਰਾਣੀ ਬੋਲੀ, "ਜਿਸ ਪੰਜਾਬ ਵਿਚ ਜੀਉਂਦੀ ਨਹੀਂ ਜਾ ਸਕੀ.... ਉਥੇ ਮਰ ਕੇ ਹੀ ਪੁੱਜ ਜਾਵਾਂ।.....ਮੇਰੇ ਦਲੀਪ ਜੀ ਨਹੀਂ ਆਏ?"

ਇਸ ਪੁਛ ਦਾ ਕੋਈ ਉੱਤਰ ਦਾਸੀਆਂ ਨੇ ਨਾ ਦਿੱਤਾ।

ਆਹ! 1 ਅਗਸਤ 1863 ਦੀ ਉਹ ਘੜੀ ਆ ਗਈ, ਜੋ ਘੜੀ ਮਾਂ-ਪੇਟੋਂ ਜੰਮੇ ਹਰ ਮਨੁੱਖ ਤੇ ਇਕ ਵਾਰ ਜ਼ਰੂਰ ਆਉਂਦੀ ਹੈ। ਮਹਾਰਾਣੀ ਬੋਲਣ ਤੋਂ ਜੰਮੇ ਹਰ ਮਨੁੱਖ ਤੇ ਇਕ ਵਾਰ ਜ਼ਰੂਰ ਆਉਂਦੀ ਹੈ। ਮਹਾਰਾਣੀ ਬੋਲਣ ਤੋਂ ਅਸਮਰਥ ਹੋ ਗਈ, ਘੋਰੜੂ ਵੱਜਣ ਲੱਗ ਪਿਆ। ਨਬਜ਼ ਹਿਲਣੋਂ ਹਟ ਗਈ ਤੇ ਚਿਹਰੇ ਦਾ ਰੰਗ ਬਦਲ ਗਿਆ। ਬੁਲ੍ਹ ਤੇ ਦੰਦ ਖੁਲ੍ਹੇ ਹੀ ਰਹਿ ਗਏ। ਸ਼ਾਮੋ ਨੇ ਰੋਂਦਿਆਂ ਹੋਇਆਂ ਹੌਲੀ ਜਹੀ ਮਹਾਰਾਣੀ ਦਾ ਹੱਥ ਛੱਡ ਦਿੱਤਾ। ਜਿਉਂ ਹੀ ਹੱਥ ਹੇਠਾਂ ਰੱਖਿਆ ਤਾਂ ਅੰਤਮ ਵਾਰ ਮਹਾਰਾਣੀ ਦਾ ਸਰੀਰ ਜ਼ੋਰ ਨਾਲ ਕੰਬਿਆ ਤੇ ਹਿੱਲਿਆ । ਉਸ ਕਾਂਬੇ ਦੇ ਨਾਲ ਹੀ ਇਕ ਮੱਧਮ ਜੇਹੀ ਹਕ ਅੰਦਰੋਂ ਉਠੀ, ਮੇ.....ਰਾ.....ਦ ....ਲੀ....ਪ!"

## ਕਾਂਡ-30

ਦੁੱਖ ਵਿਚ ਕੌਣ ਸੁਣੇਗਾ ਮੇਰੀ ਪਿੰਜਰ-ਰੂਪੀ ਕਹਾਣੀ?
ਮਿੱਟ ਚੁੱਕੀ ਹੈ ਨਗਰੀ ਮੇਰੀ, ਨਾ ਰਾਜਾ ਨਾ ਰਾਣੀ!

...... ...... ...... ...... ...... ......

ਚੂਸ ਲਈ ਰੱਤ ਨਵੀਆਂ ਜੋਕਾਂ ਗਲ ਵਿਚ ਫਾਹੀਆਂ ਪਾਕੇ।
ਮੇਰੇ ਮੈਨੂੰ ਖਾ ਗਏ ਆਖ਼ਰ ਸੋਹਣਾ ਪਿਆਰ ਵਿਖਾ ਕੇ!

(ਬਾਵਾ ਬਲਵੰਤ)

ਫ਼ਰਾਂਸ ਦੀ ਰਾਜਧਾਨੀ ਪੈਰਸ, ਵਿਸ਼ਵ ਦੇਸਾਂ ਦੀਆਂ ਸਭ ਰਾਜਧਾਨੀਆਂ ਨਾਲੋਂ ਸੁੰਦਰ ਹੈ। ਹਿੰਦੂਗ੍ਰੰਥਾਂ ਦੀ ਕਲਪਤ ਇੰਦਰਪੁਰੀ ਜੇ ਇਸ ਦੁਨੀਆਂ ਵਿਚ ਦੇਖਣੀ ਹੋਵੇ ਤਾਂ ਉਹ ਪੈਰਸ ਹੈ। ਅਰਥ ਅਤੇ ਮਿਸਰ ਦੇ ਤੱਤੇ ਮਾਰੂਥਲ ਦਾ ਰਾਹੀ ਜਿਵੇਂ ਲੰਮਾ ਪੰਧ ਕੱਟਣ ਪਿਛੋਂ ਰੁੱਖਾਂ ਦੀ ਠੰਡੀ ਛਾ ਅਤੇ ਸੀਤਲ ਜਲ ਕੇ ਪੜਾਅ ਤੇ ਪੁੱਜ ਕੇ ਰਾਹ ਦਾ ਥਕੇਵਾਂ ਤੇ ਗਰਮੀ ਭੁੱਲ ਜਾਂਦਾ ਹੈ, ਤਿਵੇਂ ਦੁਨੀਆਂ ਦੇ ਰਾਜੇ ਮਹਾਰਾਜੇ ਅਤੇ ਅਮੀਰ ਲੋਕ ਜਗਤ-ਧੰਦਿਆਂ ਦੇ ਥਕੇਵੇਂ ਨੂੰ ਦੂਰ ਕਰਨ ਵਾਸਤੇ ਪੈਰਸ ਦੀ ਯਾਤਰਾ ਕਰਦੇ ਨੇ। ਯੂਰਪ ਦੀ ਇਸ ਪਰਿਸਤਾਨ ਨੇ ਜਿਥੇ ਭਾਰੀ ਇਨਕਲਾਬ ਤੇ ਅਮਨ ਦੇ ਦਿਨ ਵੀ ਦੇਖੇ ਹਨ, ਉਥੇ ਅਨੇਕਾਂ ਪਰਦੇਸੀ ਜਲਾਵਤਨ ਮਹਾਰਾਜਿਆਂ ਨੂੰ ਸਦਾ ਲਈ ਆਪਣੀ ਗੋਦੀ ਸੁਆ ਛੱਡਿਆ ਹੈ। ਇਹਦੇ ਵਿਸ਼ਾਲ ਮਹੱਲਾਂ ਅਤੇ ਬਾਗਾਂ ਦੇ ਫ਼ੁਹਾਰਿਆਂ ਵਿਚੋਂ ਅਜੇ ਵੀ ਸੋਗੀ ਆਵਾਜ਼ਾਂ ਆਉਂਦੀਆਂ ਨੇ, 'ਹਾਇ! ਮੈਂ ਆਪਣੇ ਵਤਨ ਦੀ ਮਿੱਟੀ ਨੂੰ ਚੁੰਮਣ ਤੋਂ ਬਿਨਾਂ ਹੀ ਕਾਲ ਦੇ ਭਾਰੀ ਹੱਥ ਦਾ ਸ਼ਿਕਾਰ ਹੋ ਰਿਹਾ ਹਾਂ।'

ਆਹ! ਮਹਾਰਾਣੀ ਜਿੰਦਾਂ ਦੀ ਮੌਤ ਦੇ ਤੀਹ ਸਾਲ ਪਿਛੋਂ ਉਸ ਦੇ ਦਿਲ ਦਾ ਟੁਕੜਾ ਅੱਜ ਪੈਰਿਸ ਦੇ ਗ੍ਰਾਂਡ ਹੋਟਲ ਵਿਚ ਮੌਤ ਦੇ ਮੰਜੇ ਉਤੇ ਲੇਟਿਆ ਹੋਇਆ ਹੈ। ਬੇ-ਵਤਨ ਅਤੇ ਬੇ-ਫ਼ੌਜ ਮਹਾਰਾਜਾ ਹੈ। ਇਕ ਵਫ਼ਾਦਾਰ ਤੇ ਬੁੱਢੇ ਸੇਵਾਦਾਰ ਸੁਰਤੀ ਤੋਂ ਬਿਨਾਂ ਕੋਈ ਆਪਣਾ ਕੋਲ ਨਹੀਂ ਉਸ ਦੇ ਸਾਹ ਲੈਣ ਦੇ ਨਾਲ ਇੱਕ ਮਧਮ ਜੇਹੀ ਆਵਾਜ਼ ਲੈਅ ਰੂਪ ਹੋ ਕੇ ਕਮਰੇ ਵਿਚ ਫੈਲ ਰਹੀ ਹੈ-

"ਸੁਖ ਮੈ ਬਹੁ ਸੰਗੀ ਭਏ, ਦੁਖ ਮੈਂ ਸੰਗਿ ਨ ਕੋਇ।"

ਸੁਰਤੀ ਜਦੋਂ ਦਵਾਈ ਦੇ ਚਮਚੇ ਮਹਾਰਾਜੇ ਦੇ ਮੂੰਹ ਵਿਚ ਪਾਉਣ ਲਗਦਾ, ਤਾਂ ਇਕ ਦੂਜੇ ਨੂੰ ਦੇਖ ਕੇ ਦੋਹਾਂ ਦੀਆਂ ਧਾਹੀਂ ਨਿਕਲ ਜਾਂਦੀਆਂ ਹਨ। ਭਰਵੱਟਿਆਂ ਦੇ ਵਾਲਾਂ ਨਾਲ ਲੁਕੀਆਂ ਨਿਰਬਲ ਅੱਖਾਂ ਪੁੱਟ ਕੇ ਮਹਾਰਾਜਾ ਬੜੀ ਮਾਯੂਸੀ ਨਾਲ ਆਪਣੇ ਸੇਵਾਦਾਰ ਨੂੰ ਆਖਣ ਦਾ ਯਤਨ ਕਰਦਾ ਹੈ, "ਬਾਬਾ ਜੀ! ਹੁਣ ਦਵਾਈ ਨਾ ਦਿਓ। ਮੇਰੇ ਦਿਲ ਨੂੰ ਸਾੜਨ ਵਾਲੀ ਅੱਗ ਬਹੁਤ ਪ੍ਰਬਲ ਹੋ ਗਈ ਹੈ, ਇਹ ਦਵਾਈ ਦੇ ਘੁਟ ਨਾਲ ਨਹੀਂ ਬੁਝ ਸਕਦੀ। ਮੈਨੂੰ ਮਰਨ ਦਿਓ ਤਾਂ ਕਿ ਮੈਂ ਅਕ੍ਰਿਤਘਣ ਦੁਨੀਆਂ ਕੋਲੋਂ ਦੂਰ ਹੋ ਜਾਵਾਂ।..... ਬਾਬਾ ਜੀ! ਕੀ ਇਹ ਸੱਚ ਹੈ ਕਿ ਮਰਨ ਪਿਛੋਂ ਰੂਹ ਉਥੇ ਪੁਜਦੀ ਹੈ, ਜਿਥੇ ਜਾਣ ਨੂੰ ਜੀਉਂਦੇ ਜੀ ਚਿਤ ਕਰਦਾ ਰਿਹਾ ਹੋਵੇ?"

"ਹਾਂ ਮਹਾਰਾਜਾ! ਸਿਆਣੇ ਇਉਂ ਹੀ ਆਖਦੇ ਨੇ? ਪਿੱਪਲ ਦੇ ਪੱਤੇ ਵਾਂਗ ਕੰਬਦੀ ਜ਼ਬਾਨੋਂ ਬੁੱਢਾ ਸੁਰਤੀ ਆਪਣੇ ਮਾਲਕ ਨੂੰ ਉੱਤਰ ਦੇਂਦਾ ਹੈ। ਸੇਵਾ ਕਰਦਿਆਂ ਬੁਢੇਪਾ ਆ ਗਿਆ। ਬਲ ਅਤੇ ਪਿਆਰ ਵਫ਼ਾਦਾਰੀ ਉਤੋਂ ਵਾਰ ਦਿੱਤਾ। ਉਸਦੀ ਚਾਹ ਸੀ ਕਿ ਮਾਲਕ ਅਰੋਗ ਹੋ ਜਾਏ ਅਤੇ ਉਹ ਮਾਲਕ ਦੇ ਚਰਨਾਂ ਵਿਚ ਹੀ ਸੇਵਾ ਕਰਦਿਆਂ ਇਸ ਦੁਨੀਆਂ ਤੋਂ ਅੱਖਾਂ ਮੀਟੇ। ਨਿਰਬਲ ਸਰੀਰ ਕੋਲੋਂ ਹੁਣ ਸੇਵਾ ਨਹੀਂ ਹੁੰਦੀ। ਜੇ ਆਪਣੀ ਕਿਰਿਆ ਸੋਧਣ ਜੋਗਾ ਤਨ ਨਾ ਰਿਹਾ ਤਾਂ ਫਿਰ ਕੀ ਬਣੇਗਾ?" ਉਹ ਇਹ ਕੁਝ ਸੋਚਣ ਪਿਛੋਂ ਬੋਲਿਆ, "ਸਰਕਾਰ! ਅਜਿਹੀਆਂ ਗੱਲਾਂ ਨਾ ਕੀਤਾ ਕਰੋ। ਮੇਰੇ ਕਲੇਜੇ ਛੇਕ ਪੈਂਦੇ ਹਨ। ਮੈਂ ਤਾਂ ਅਕਾਲ ਪੁਰਖ ਅਗੇ ਪ੍ਰਾਰਥਨਾ ਕਰਦਾ ਰਹਿੰਦਾ ਹਾਂ ਕਿ ਮੇਰੀ ਰਹਿੰਦੀ ਉਮਰ ਆਪ ਭੋਗੋ, ਆਪ ਦੀ ਬੀਮਾਰੀ ਮੈਨੂੰ ਲੱਗ ਜਾਏ। ਆਪ ਰਾਜ਼ੀ ਹੋ ਜਾਓ ਤੇ ਇਨ੍ਹਾਂ ਅੱਖਾਂ ਨਾਲ ਵਤਨ ਨੂੰ ਦੇਖ ਸਕੋ। ਮਲਕਾ ਵਿਕਟੋਰੀਆ ਹੁਣ ਆਪ ਤੇ ਖ਼ੁਸ਼ ਹੋ ਗਈ ਹੈ, ਸ਼ਾਇਦ ਉਹ ਵਤਨ ਦੇਖਣ ਦੀ ਖੁਲ੍ਹ ਦੇ ਦੇਵੇ। ਮਨੁੱਖ ਆਸਾਂ ਦੇ ਸਹਾਰੇ ਜੀਂਦਾ ਹੈ।"

"ਉਫ਼! ਮੈਂ ਆਸ ਤੋਂ ਨਿਰਾਸ ਹੋ ਚੁਕਾ ਹਾਂ। ਇਹ ਤਨ ਤੁਰ ਕੇ ਵਤਨ ਨਹੀਂ ਜਾ ਸਕਦਾ! ਇਹ ਅੱਖਾਂ ਵਤਨ ਵਾਸੀਆਂ ਨੂੰ ਨਹੀਂ ਵੇਖ ਸਕਦੀਆਂ! ਇਹ ਹੱਥ ਫੁੱਲਾਂ ਦਾ ਹਾਰ ਬਾਪ ਦੀ ਸਮਾਧ ਤੇ ਨਹੀਂ ਰੱਖ ਸਕਦੇ! ਜ਼ਬਾਨੋ ਬੋਲਣੋਂ ਅਸਮਰਥ ਹੋ ਰਹੀ ਹੈ।.... ਜਦੋਂ ਆਪਣੇ ਆਪਣੇ ਨਹੀਂ ਬਣੇ ਤਾਂ ਕਿਸੇ ਓਪਰੇ ਤੇ ਕੀ ਆਸ? ਮਲਕਾ! ਮਲਕਾ!! ਮੈਂ ਜਾਣਦਾ ਹਾਂ! ਮੇਰਾ ਛਾਨਣੀ ਹੋਇਆ ਹਿਰਦਾ ਪੱਕਾ ਯਕੀਨ ਕਰਦਾ ਹੈ, ਉਹ ਮੈਨੂੰ ਵਤਨ ਜਾਣ ਦੀ ਖੁਲ੍ਹ ਨਹੀਂ ਦੇਵੇਗੀ। ਉਹ ਮੇਰੀ ਲੋਥ ਨੂੰ ਵੀ ਸ਼ਾਇਦ ਜਹਾਜ਼ ਤੇ ਨਾ ਰੱਖਣ ਦੇਵੇ। ਉਹ ਪੱਥਰ-ਦਿਲ ਮਲਕਾ ਹੈ। ਤਰਸ ਨਾ ਉਹਦੇ ਦਿਲ ਆਇਆ, ਨਾ ਉਹਦੀ ਸਰਕਾਰ ਦੇ। ਮੇਰੀ ਰਹੂਹੀ ਪੰਜ ਦਰਿਆਵਾਂ ਦੀ ਧਰਤੀ ਵਲ ਉਡਦੇ ਜਾਵੇਗੀ। ਇਹ ਸਰੀਰ ਨਹੀਂ ਪੁਜ ਸਕਦਾ। ਇਉਂ ਉਸ ਦੇ ਟੁਟੇ ਦਿਲ ਦੀਆਂ ਤਰਬਾਂ ਵਿਚੋਂ ਤ੍ਰਸੇਵੇਂ, ਮਾਯੂਸੀ ਅਤੇ

ਦੁਖਦੇ ਅਲਾਪ ਨਿਕਲੇ, "ਆਹ! ਮੇਰਾ ਵਤਨ! ਕਿੰਨੀ ਸੁੰਦਰ ਸੋਨੇ ਦੀ ਚਿੜੀ। ਕਸ਼ਮੀਰ! ਆਖਦੇ ਨੇ ਧਰਤੀ ਤੇ ਸਵਰਗ ਮੇਰੇ ਸਤਿਗੁਰੂਜੀ ਦੀ ਚਰਨ-ਛੋਹੀ ਧਰਤੀ! ਪਰ ਬਦਨਸੀਬ ਦਲੀਪ! ਤੂੰ ਹੁਣ ਚੇਤੇ ਨਾ ਕਰ! ਤੂੰ ਨਹੀਂ ਦੇਖ ਸਕਦਾ....!"

ਉਨ੍ਹੀਵੀਂ ਸਦੀ ਵਿਚ ਅੰਗਰੇਜ਼ੀ ਸਾਮਰਾਜ ਨੇ ਪੂਰਬ ਤੇ ਧੁਰ ਪੂਰਬ ਬਹੁਤ ਸਾਰੇ ਦੇਸਾਂ ਨੂੰ ਗ਼ੁਲਾਮ ਕਰ ਲਿਆ ਸੀ। ਉਨ੍ਹਾਂ ਦੇ ਮਹਾਰਾਜਿਆਂ ਤੇ ਰਾਜਿਆਂ ਨੂੰ ਕੁਝ ਗੁਜ਼ਾਰੇ ਦੇ ਕੇ ਜਲਾਵਤਨ ਕਰ ਦਿੱਤਾ ਸੀ। ਉਨ੍ਹਾਂ ਵਿਚੋਂ ਬਹੁਤ ਰਾਜੇ, ਨਵਾਬ ਤੇ ਮਹਾਰਾਜੇ ਹਿੰਦੁਸਤਾਨ ਦੇ ਸਨ, ਜੋ ਆਪਣੇ ਜੀਵਨ ਦੇ ਰਹਿੰਦੇ ਦਿਨ ਕੱਟਣ ਵਾਸਤੇ ਯੂਰਪ ਦੇ ਦੇਸ਼ਾਂ ਵਿਚ ਮਾਰੇ ਮਾਰੇ ਫਿਰ ਰਹੇ ਸਨ। ਉਨ੍ਹਾਂ ਦੇ ਠਹਿਰਣ ਦੀਆਂ ਥਾਵਾਂ ਹੋਟਲ ਹੁੰਦੇ ਸਨ। ਪੈਰਸ ਦਾ ਗ੍ਰਾਂਡ ਹੋਟਲ ਦੇ ਮਾਲਕਾਂ ਨੇ ਯਾਤਰੂਆਂ ਦੇ ਦਿਲ-ਭੁਲਾਵੇ ਵਾਸਤੇ ਨਾਚ ਗਾਣੇ ਅਤੇ ਖਾਣ ਪੀਣ ਦਾ ਵਧੀਆ ਪ੍ਰਬੰਧ ਕੀਤਾ ਹੋਇਆ ਸੀ। ਕੁਦਰਤੀ ਝਾਕੀ ਵੀ ਡਾਢੀ ਸੁਹਾਵਣੀ ਸੀ। ਇਕ ਪਾਸੇ ਦਰਿਆ ਦਾ ਕੰਢਾ, ਸਾਹਮਣੇ ਵੱਡਾ ਬਾਗ ਅਤੇ ਸੰਘਣਾ ਜੰਗਲ। ਪਰ ਜਿਨ੍ਹਾਂ ਦੇ ਦਿਲ ਦੁਖੀ ਹੁੰਦੇ ਨੇ ਉਨ੍ਹਾਂ ਨੂੰ ਇਹ ਖ਼ੂਬਸੂਰਤੀਆਂ ਵੀ ਫਿੱਕੀਆਂ ਲੱਗਦੀਆਂ ਹਨ। ਉਹ ਹੱਸਦੇ ਪਰ ਆਰਜ਼ੀ, ਉਹ ਸੈਰ ਕਰਦੇ ਪਰ ਵਕਤ ਟਪਾਣ ਲਈ, ਉਹ ਯੂਰਪ ਦੀਆਂ ਸੁੰਦਰੀਆਂ ਨਾਲ ਵਿਚਰਦੇ ਪਰ ਬੇਥਵੇ ਜਿਹੇ। ਗ਼ੁਲਾਮੀ ਦਾ ਕੰਡਾ ਉਨ੍ਹਾਂ ਦੇ ਕਲੇਜੇ ਵਿਚ ਚੱਤੇ-ਪਹਿਰ ਚੁਭਦਾ ਰਹਿੰਦਾ।

ਮਹਾਰਾਜਾ ਦਲੀਪ ਸਿੰਘ ਦੀ ਦੌਲਤ ਘਟ ਗਈ ਸੀ। ਉਹ ਖੁਲ੍ਹਾ ਖ਼ਰਚ ਨਹੀਂ ਸੀ ਕਰ ਸਕਦਾ। ਉਸ ਨੇ ਇਕੋ ਕਮਰਾ ਕਿਰਾਏ ਤੇ ਲਿਆ ਹੋਇਆ ਸੀ। ਮਿੱਤ੍ਰਾਂ ਨੂੰ ਸੱਦਣ ਤੇ ਖਾਣਾ ਖਵਾਉਣ ਦੀ ਥਾਂ ਬੜੀ ਮੁਸ਼ਕਲ ਨਾਲ ਡਾਕਟਰਾਂ ਦੀਆਂ ਫ਼ਾਸੀ ਤੇ ਦਵਾਈਆਂ ਦੀਆਂ ਕੀਮਤਾਂ ਦੇ ਬਿਲ ਤਾਰਦਾ ਸੀ। ਰੋਗ ਪੁਰਾਣਾ ਹੋ ਚੁਕਾ ਸੀ, ਜੋ ਦਿਨ ਬਦਿਨ ਸਰੀਰ ਨੂੰ ਖੋਖਲਾ ਕਰੀ ਜਾਂਦਾ ਸੀ। ਫੇਫੜੇ ਕਮਜ਼ੋਰ ਹੋ ਰਹੇ ਸਨ ਤੇ ਕਿਸੇ ਕਿਸੇ ਵੇਲੇ ਮਾੜਾ ਜਿਹਾ ਖੰਘੂਰਾ ਆ ਕੇ ਸਾਰੇ ਸਰੀਰ ਨੂੰ ਨਿਰਬਲ ਕਰੀ ਜਾਂਦਾ ਸੀ। ਆਹ! ਇਸ ਨਾਮੁਰਾਦ ਰੋਗ ਦਾ ਨਾਂ ਸੁਣ ਕੇ ਮਨੁੱਖ ਕੰਬ ਉਠਦਾ ਹੈ। ਦਿਨਾਂ ਦਾ ਚੱਕਰ, ਸ਼ੇਰੇ ਪੰਜਾਬ ਦਾ ਲਾਡਲਾ ਅੱਜ ਯਤੀਮ ਤੇ ਨਿਥਾਵਾਂ! ਰੋਗ ਪਹਿਲੀ ਤੇ ਦੂਸਰੀ ਮੰਜ਼ਲ ਨੂੰ ਟੱਪ ਗਿਆ। ਜਿਉਂ ਹੀ ਰੋਗ ਨੇ ਤੀਸਰੀ ਮੰਜ਼ਲ ਵਿਚ ਪੈਰ ਰਖਿਆ, ਤਿਉਂ ਹੀ ਮਹਾਰਾਜੇ ਦਾ ਉਠਣਾ ਬੈਠਣਾ ਬੰਦ ਹੋ ਗਿਆ ਰਾਤ ਦਿਨੇ ਮੰਜੇ ਤੇ ਹੀ ਲੇਟੇ ਰਹਿੰਦੇ! ਖ਼ਬਰ-ਸੁਰਤ ਲੈਣ ਕਿਸੇ ਕੀ ਆਣਾ ਸੀ ਕਿਉਂਕਿ ਉਥੇ ਉਸਦਾ ਕੋਈ ਆਪਣਾ ਨਹੀਂ ਸੀ। ਸੱਤਰ ਸਾਲ ਦੀ ਉਮਰ ਦਾ ਇਕੋ ਬੁੱਢਾ ਸੂਰਤੀ ਉਸ ਦਾ ਸੇਵਾਦਾਰ ਖ਼ਜ਼ਾਨਚੀ ਅਤੇ ਮਿੱਤਰ ਸੀ। ਉਹ ਘੁੱਟਦਾ ਨੱਪਦਾ, ਬਾਹਰ ਅੰਦਰ ਖ਼ਰਚ ਕਰਦਾ ਤੇ ਦਿਲ ਹੌਲਾ ਕਰਨ ਵਾਸਤੇ ਕਦੇ ਕਦਾਈਂ ਦੋ ਚਾਰ ਗੱਲਾਂ ਵੀ ਕਰ ਲੈਂਦਾ ਸੀ।

ਮਹਾਰਾਜੇ ਦਾ ਕਮਰਾ ਇਕ ਪਾਸੇ ਕਰਕੇ ਹੀ ਸੀ। ਬਾਰੀਆਂ ਵਲ ਘਣਾ ਜੰਗਲ ਸੀ, ਜਿਸ ਵਿਚੋਂ ਸਾਫ਼ ਤੇ ਸੀਤਲ ਹਵਾ ਆਉਂਦੀ ਸੀ। ਪੰਛੀ ਸਵੇਰੇ ਸ਼ਾਮ ਨੂੰ ਆਪਣੇ ਮਿੱਠੇ ਤੇ ਸੁਰੀਲੇ ਨਗਮੇ ਗਾਉਂਦੇ ਸਨ। ਕਮਰੇ ਵਿਚ ਕੀਮਤੀ ਸਾਮਾਨ ਤੋਂ ਬਿਨਾਂ ਤਿੰਨ ਵੱਡੀਆਂ ਤਸਵੀਰਾਂ ਸਨ। ਇਕ ਫਰਾਂਸ ਦੇ ਇਨਕਲਾਬ ਦੀ ਲੜਾਈ ਦੀ, ਦੂਸਰੀ ਦੇਸ਼ ਭਗਤ ਫ਼ਰਾਂਸੀਸੀ ਪੇਂਡੂਕੁੜੀ ਜੌਹਨ ਆਫ਼ ਆਰਕ ਦੀ, ਤੀਸਰੀ ਇਕ ਨੌਜੁਆਨ ਗੋਰੀ ਦੀ ਤਸਵੀਰ, ਜੋ ਚੜ੍ਹਦੇ

ਸੂਰਜ ਵੱਲ ਤੱਕ ਰਹੀ ਸੀ। ਉਸ ਦੀਆਂ ਮੋਟੀਆਂ ਅੱਖਾਂ ਵਿਚੋਂ ਹੰਝੂਟੱਪ ਕੇ ਉਸ ਦੀਆਂ ਬੇਦਾਗ਼ ਗੱਲ੍ਹਾਂ ਉਤੇ ਡਿੱਗ ਰਹੇ ਸਨ, ਤਸਵੀਰ ਉਪਰ ਲਿਖਿਆ ਸੀ–

## "ਵਿਛੋੜੇ ਦੀ ਸਵੇਰ"

ਉਸ ਦਿਨ ਠੰਡ ਬਹੁਤ ਸੀ। ਬਰਫ਼ ਨਾਲ ਸਾਰਾ ਜੰਗਲ ਕਜਿਆ ਗਿਆ। ਬਰਫ਼ ਕੱਜੇ ਰੁੱਖ ਇੰਜ ਪ੍ਰਤੀਤ ਹੁੰਦੇ ਸਨ ਜਿਵੇਂ ਧੋਬੀਆਂ ਨੇ ਚਿੱਟੇ ਦੁੱਧ ਕੱਪੜੇ ਖਲੇਰੇ ਹੋਏ ਹੋਣ। ਕਮਰੇ ਦੀਆਂ ਬਾਰੀਆਂ ਬੰਦ ਕੀਤੀਆਂ ਗਈਆਂ ਤੇ ਅੰਦਰ ਚੁਲ੍ਹੇ ਭਖਾ ਰਖੇ ਗਏ ਤਾਂ ਕਿ ਕਮਰਾ ਗਰਮ ਰਹੇ। ਡਾਕਟਰ ਆਇਆ ਤੇ ਦਵਾਈ ਦੇ ਕੇ ਤੁਰ ਗਿਆ। ਉਸ ਦਵਾਈ ਦੇ ਨਾਲ ਮਹਾਰਾਜੇ ਦੀ ਤਬੀਅਤ ਤਾਂ ਕੁਝ ਠੀਕ ਹੋਈ, ਪਰ ਨੀਂਦ ਨ ਆਈ। ਦਿਨ ਭਰ ਦੀ ਦੌੜ–ਭੱਜ ਨਾਲ ਚੂਰ ਹੋਇਆ ਹੋਇਆ ਸੂਰਤੀ ਫ਼ਰਸ਼ ਉਤੇ ਬਿਸਤਰਾ ਸੁੱਟ ਕੇ ਸੌਂ ਗਿਆ ਅਤੇ ਕਮਰੇ ਵਿਚ ਸਗੋਂ ਚੁਪ ਦਾ ਰਾਜ ਹੋ ਗਿਆ। ਬਿਜਲੀ ਦੀ ਰੌਸ਼ਨੀ ਨਾਲ ਕਮਰਾ ਜਗ–ਮਗਾ ਰਿਹਾ ਸੀ।

ਨੀਂਦ ਨਾ ਆਉਂਦੀ ਦੇਖ ਸਮੇਂ ਨੂੰ ਤੋਰਨ ਵਾਸਤੇ ਮਹਾਰਾਜੇ ਨੇ ਮੇਜ਼ ਤੋਂ ਤਸਵੀਰਾਂ ਦੀ ਇਕ ਪੁਸਤਕ ਚੁਕੀ। ਉਹ ਮੇਜ਼ ਉਸ ਦੇ ਖੱਬੇ ਹੱਥ ਮੰਜੀ ਦੇ ਨਾਲ ਰਖਿਆ ਹੋਇਆ ਸੀ। ਕੁਝ ਪੁਸਤਕਾਂ ਤੇ ਦਵਾਈਆਂ ਉਸ ਉਤੇ ਪਈਆਂ ਸਨ। ਪੂਰਾ ਅੱਧਾ ਘੰਟਾ ਉਹ ਤਸਵੀਰਾਂ ਦੇਖਦਾ ਰਿਹਾ। ਜਦੋਂ ਪੁਸਤਕ ਦੀ ਅੰਤਮ ਤਸਵੀਰ ਤੇ ਪੁਜਾ ਤਾਂ ਪਤਾ ਨਹੀਂ ਕਿ ਕੀ ਚਿਤ ਆਇਆ, ਇਕ ਦਮ ਪੁਸਤਕ ਨੂੰ ਮੇਜ਼ ਉਤੇ ਰੱਖ ਦਿੱਤਾ, ਪਰ ਅੱਖਾਂ ਕੰਧ ਨਾਲ ਲਟਕ ਰਹੀ "ਵਿਛੋੜੇ ਦੀ ਸਵੇਰ" ਵਾਲੀ ਤਸਵੀਰ ਤੇ ਗੱਡੀਆਂ ਗਈਆਂ।

ਉਸ ਤਸਵੀਰ ਦੇ ਪਿਛੇ ਕੀ ਕਹਾਣੀ ਛੁਪੀ ਪਈ ਸੀ, ਇਹ ਤਾਂ ਮਹਾਰਾਜੇ ਨੂੰ ਪਤਾ ਨਹੀਂ ਸੀ। ਸ਼ਾਇਦ ਚਿਤ੍ਰਕਾਰ ਤੋਂ ਬਿਨਾਂ ਕੋਈ ਨਾ ਜਾਣਦਾ ਹੋਵੇ, ਪਰ ਉਸ ਨੂੰ ਆਪਣੇ ਬੀਤੇ ਜੀਵਨ ਦੀ ਕਹਾਣੀ ਨਾਟਕ–ਰੂਪ ਵਿਚ ਖੇਡੀ ਜਾ ਰਹੀ ਪ੍ਰਤੀਤ ਹੋਈ। ਇਕ ਇਕ ਕਰਕੇ ਜੀਵਨ ਝਾਕੀਆਂ ਉਸ ਦੀਆਂ ਅੱਖਾਂ ਅੱਗੋਂ ਲੰਘਣ ਲੱਗ ਪਈਆਂ।

## ਪਹਿਲੀ ਝਾਕੀ

ਉਸ ਦੀ ਉਮਰ 25 ਸਾਲ ਦੀ ਹੈ। ਸੋਹਣਾ ਤੇ ਮਲੂਕੜਾ ਜਿਹਾ ਲੰਮਾ ਜੁਆਨ ਹੈ। ਚੜ੍ਹਦੀ ਜੁਆਨੀ ਨੇ ਨਸ਼ੇ ਨਾਲ ਉਹ ਮਸਤ ਹੈ। ਬੜੀ ਸੰਜੀਦਗੀ ਨਾਲ ਲੰਡਨ ਬੈਠਾ ਇਕ ਹੋਟਲ ਵਿਚ ਚਾਹ ਪੀ ਰਿਹਾ ਹੈ। ਉਸ ਦੇ ਖੱਬੇ ਹੱਥ ਇਕ ਅੰਗਰੇਜ਼ ਕੁੜੀ ਬੈਠੀ ਹੈ, ਜੋ ਉਹਦੇ ਉਸਤਾਦ ਡਾਕਟਰ ਲਾਜਿਨ ਦੀ ਪੁੱਤਰੀ ਹੈ। ਕੁੜੀ ਸੁੰਦਰ ਕੋਮਲ–ਅੰਗੀ ਤੇ ਮਿਠਬੋਲੜੀ ਹੈ ਜੋ ਆਪਣਾ ਆਪ ਮਹਾਰਾਜੇ ਦੇ ਹਵਾਲੇ ਕਰਨਾ ਲੋਚਦੀ ਹੈ। ਉਹਦੀ ਉਮਰ ਮਸਾਂ ਅਠਾਰ੍ਹਾਂ ਕੁ ਸਾਲ ਹੈ। ਘੜੀ ਮੁੜੀ ਮਹਾਰਾਜੇ ਦੇ ਹੱਥ ਨੂੰ ਘੁਟਦੀ ਹੋਈ ਉਹ ਵਿਆਹ ਦਾ ਪ੍ਰਣ ਲੈਣ ਦਾ ਜਤਨ ਕਰ ਰਹੀ ਹੈ। ਮਹਾਰਾਜਾ ਉਸ ਨੂੰ ਇਕ ਉੱਤਰ ਦੇਈ ਜਾਂਦਾ ਹੈ, "ਤੇਰਾ ਮਿਤ੍ਰ ਹਾਂ, ਪ੍ਰੇਮੀ ਨਹੀਂ। ਇਹ ਠੀਕ ਹੈ ਕਿ ਅਸੀਂ ਬਚਪਨ ਤੋਂ ਇਕ ਦੂਜੇ ਨਾਲ ਇਕੱਠੇ ਖੇਡਦੇ ਕੁਦਦੇ ਜੁਆਨ ਹੋਏ ਹਾਂ, ਪਰ ਮੈਂ ਇਕ ਕਾਲੀ ਨਸਲ ਦਾ ਬੇਵਤਨ ਮਹਾਰਾਜਾ ਹਾਂ। ਮੇਰੇ ਭਵਿੱਖਤ ਜੀਵਨ ਦਾ ਪਤਾ ਨਹੀਂ ਕਿਹੋ ਜਿਹਾ ਹਾਲ ਹੋਵੇਗਾ। ਤੂੰ ਉਸ ਗੋਰੀ ਕੌਮ ਦੀ ਜਾਈ ਹੈਂ, ਜੋ ਅੱਜ ਮੇਰਾ

ਰਾਜ ਭਾਗ ਖੋਹੀ ਬੈਠੀ ਹੈ, ਮੇਰੀ ਕੌਮ ਨੂੰ ਗ਼ੁਲਾਮ ਕਰ ਕੇ ਐਸ਼ ਕਰ ਰਹੀ ਹੈ, ਜਿਸ ਨੇ ਮੇਰੀ ਮਾਂ ਨੂੰ ਦੁਖੀ ਕੀਤਾ ਹੈ....। ਮੈਂ ਤੇਰੇ ਨਾਲ ਵਿਆਹ ਨਹੀਂ ਕਰ ਸਕਦਾ, ਤੇਰਾ ਮਿੱਤਰ ਰਹਿ ਸਕਦਾ ਹਾਂ।"

"ਓ ਭੋਲੇ ਮਹਾਰਾਜਾ! ਪਿਆਰ ਦੀ ਦੁਨੀਆਂ ਨਿਰਾਲੀ ਹੁੰਦੀ ਹੈ। ਉਸ ਵਿਚ ਨਸਲ, ਅਜ਼ਾਦੀ ਜਾਂ ਗੁਲਾਮੀ, ਧਰਮ ਜਾਂ ਦੇਸ਼ ਦੀ ਹਦਬੰਦੀ ਦਾ ਕੋਈ ਪਰਹੇਜ਼ ਨਹੀਂ ਹੁੰਦਾ। ਸਮਾਨਤਾ ਦਾ ਰਾਜ ਹੁੰਦਾ ਹੈ। ਉਥੇ ਦੇਸ਼ਾਂ ਦੀਆਂ ਜਿੱਤਾਂ ਅਤੇ ਰਾਜ-ਪ੍ਰਬੰਧਾਂ ਦੇ ਝਮੇਲੇ ਨਹੀਂ ਹੁੰਦੇ। ਮਿਸ ਲਾਜਿਨ ਨੇ ਮਹਾਰਾਜੇ ਦੇ ਦਿਲ ਨੂੰ ਨਰਮ ਕਰਨ ਲਈ ਆਖਿਆ।

"ਮੈਂ ਅਜੇ ਇਹੋ ਜਿਹੇ ਸੁਪਨਿਆਂ ਦੀ ਦੁਨੀਆਂ ਦਾ ਵਾਸੀ ਨਹੀਂ ਬਣ ਸਕਦਾ, ਮੇਰੇ ਸਿਰ ਫ਼ਰਜ਼ਾਂ ਦੀ ਭਾਰੀ ਪੰਡ ਹੈ। ਮੇਰੀ ਮਾਂ ਦਾ ਬੁਢੇਪਾ, ਉਸ ਦੀ ਕਮਜ਼ੋਰੀ, ਉਸ ਦੇ ਹੌਕੇ ਅਤੇ ਉਸ ਦੇ ਅੱਥਰੂ ਮੈਨੂੰ ਕੁਝ ਕਰਨ ਵਾਸਤੇ ਪ੍ਰੇਰਦੇ ਹਨ।

ਮਹਾਰਾਜਾ ਅਜੇ ਆਪਣੇ ਪੂਰੇ ਵਿਚਾਰ ਵੀ ਪ੍ਰਗਟ ਨਹੀਂ ਕਰਦਾ ਕਿ ਤਾਰ ਘਰ ਦਾ ਚਪੜਾਸੀ ਉਸ ਦੇ ਸਾਹਮਣੇ ਇਕ ਕਾਗਜ਼ ਦਾ ਟੁਕੜਾ ਰਖ ਦੇਂਦਾ ਹੈ। ਉਸ ਨੂੰ ਪੜ੍ਹਦੇ ਸਾਰ ਮਹਾਰਾਜਾ ਧਾਹੀਂ ਮਾਰਨ ਲਗ ਜਾਂਦਾ ਹੈ। ਕਾਗਜ਼ ਦੇ ਟੁਕੜੇ ਉਤੇ ਲਿਖਿਆ ਹੁੰਦਾ ਹੈ, "ਤੇਰੀ ਮਾਤਾ! ਮਹਾਰਾਣੀ ਜਿੰਦਾਂ ਮਰ ਗਈ। ਛੇਤੀ ਪਜੋ।" ਬਸ ਉਸੇ ਵੇਲੇ ਚਾਹ, ਹੋਟਲ ਦਾ ਬਿਲ, ਗੋਰੀ ਕੁੜੀ, ਉਸ ਦੀਆਂ ਪ੍ਰੀਤ-ਕਹਾਣੀਆਂ ਸਭ ਭੁਲ ਜਾਂਦੀਆਂ ਹਨ। ਬੱਚਿਆਂ ਵਾਂਗ ਚਿਚਲਾਂਦਾ ਹੋਇਆ ਮਹਾਰਾਜਾ ਹੋਟਲ ਵਿਚੋਂ ਬਾਹਰ ਆ ਜਾਂਦਾ ਹੈ। ਇਉਂ ਪਹਿਲੀ ਝਾਕੀ ਦਾ ਪਰਦਾ ਡਿਗਦਾ ਹੈ।

## ਦੂਜੀ ਝਾਕੀ

ਮਹਾਰਾਜਾ ਇਕ ਜਹਾਜ਼ ਵਿਚ ਬੈਠਾ ਹਿੰਦੁਸਤਾਨ ਨੂੰ ਜਾ ਰਿਹਾ ਹੈ। ਸੇਵਾਦਾਰ ਤੇ ਦਾਸੀਆਂ ਨਾਲ ਹਨ। ਸਾਰਿਆ ਦੇ ਚਿਹਰੇ ਉਤਰੇ ਹੋਏ ਹਨ। ਅੱਖਾਂ ਦਾ ਪਾਣੀ ਨਹੀਂ ਸੁਕਦਾ। ਕੁਝ ਸਮੇਂ ਵਾਸਤੇ ਜੀਉਂਦੇ ਰਹਿਣ ਲਈ ਥੋੜਾ ਥੋੜਾ ਅੰਨ ਮੂੰਹ ਪਾਉਂਦੇ ਹਨ, ਉਹ ਵੀ ਕਿਸੇ ਨੂੰ ਪੱਚਦਾ ਹੈ ਤੇ ਕਿਸੇ ਨੂੰ ਨਹੀਂ। ਸੋਗ ਦੇ ਕਾਲੇ ਲੀੜੇ ਉਨ੍ਹਾਂ ਦੇ ਉਦਾਲੇ ਹਨ। ਉਹ ਦੁਖੀ ਤੇ ਸੋਗੀ ਇਸ ਵਾਸਤੇ ਹਨ ਕਿ ਮਹਾਰਾਣੀ ਜਿੰਦਾਂ ਦੀ ਲੋਥ ਇਕ ਸੰਦੂਕ ਵਿਚ ਬੰਦ ਕਰਕੇ ਇਕ ਕਮਰੇ ਵਿਚ ਟਿਕਾਈ ਹੋਈ ਹੈ। ਉਸਦੇ ਉਤੇ ਹਾਰ ਪਾਏ ਹਨ, ਜਿਨ੍ਹਾਂ ਦੇ ਫੁੱਲ ਕੁਮਲਾ ਚੁਕੇ ਨੇ। ਜਿਸ ਜਿੰਦਾਂ ਕੋਲੋਂ ਸਾਰਾ ਬਰਤਾਨਵੀਂ ਸਾਮਰਾਜ ਡਰਦਾ ਸੀ, ਅੱਜ ਉਹ ਪਲੰਘ ਦੀ ਥਾਂ ਸੰਦੂਕ ਵਿਚ ਅਹਿਲ ਸਦੀਵੀ ਨੀਂਦ ਸੁਤੀ ਪਈ ਹੈ।

ਮਹਾਰਾਜਾ ਦੋ ਘੜੀਆਂ ਜੇ ਬਾਹਰ ਫਿਰਦਾ ਹੈ ਤਾਂ ਉਸ ਦੇ ਹਿਰਦੇ ਵਿਚ ਸਾਗਰ ਵਾਂਗ ਤੂਫ਼ਾਨ ਉਠਦੇ ਨੇ। ਜੇ ਉਹ ਮਾਤਾ ਦੀ ਲੋਥ ਕੋਲ ਬੈਠਦਾ ਹੈ ਤਾਂ ਰੋਣਾ ਨਹੀਂ ਬੰਦ ਹੁੰਦਾ। ਗਲੇ ਵਿਚੋਂ ਅਵਾਜ਼ ਨਹੀਂ ਨਿਕਲਦੀ, ਪਰ ਦਿਲ ਰੋਂਦਾ ਹੈ। ਕੰਨਾਂ ਵਿਚ ਦਾਸੀ ਰਾਹੀਂ ਸੁਣੇ ਮਾਂ ਦੇ ਅੰਤਮ ਸ਼ਬਦ ਗੂੰਜਣੋਂ ਨਹੀਂ ਹਟਦੇ, "ਮੇਰੇ ਦਲੀਪ ਨੂੰ ਆਖਣਾ! ਮੇਰੇ ਤਨ ਦਾ ਸਸਕਾਰ ਸ਼ੇਰੇ ਪੰਜਾਬ ਦੀ ਸਮਾਧੀ ਦੇ ਨੇੜੇ ਕਰੇ! ਮੇਰੀ ਇਹੋ ਇੱਛਾ ਹੈ। ਮੈਂ ਪਤੀ ਦੇ ਚਰਨਾਂ ਵਿਚ ਰਹਿਣਾ

ਚਾਹੁੰਦੀ ਹਾਂ। ਪਿਆਰੇ ਪੰਜਾਬ ਦੇ ਜੰਗਲਾਂ ਦੀ ਲਕੜੀ ਨਾਲ ਸੜਨਾ ਲੋਚਦੀ ਹਾਂ। ਮੇਰੇ ਫੁੱਲ ਦਰਿਆ ਰਾਵੀ ਦੇ ਭੇਟ ਕੀਤੇ ਜਾਣ, ਤੇ ਭਰੋਸਾ ਨਾ ਕਰੇ! ਸਗੋਂ ਆਪਣਾ ਹੱਕ ਲੈਣ ਵਾਸਤੇ ਹਿੰਮਤ ਕਰੇ। ਉਹ ਉਸ ਸ਼ੇਰ ਪੰਜਾਬ ਦਾ ਪੁੱਤਰ ਹੈ, ਜਿਸ ਦੇ ਹੱਥ ਸਦਾ ਤਲਵਾਰ ਰਹੀ। ਬਸ ਇਹੀ ਮੇਰਾ ਸੁਨੇਹਾ ਹੈ।"

ਜਹਾਜ਼ ਬੰਬਈ ਦੀ ਬੰਦਰਗਾਹ ਤੇ ਲਗਦਾ ਹੈ। ਅੰਗਰੇਜ਼ ਦਿਖਾਵਾ ਕਰਨ ਤੇ ਲੋਕਾਂ ਦੀਆਂ ਅੱਖੀਂ ਘੱਟਾ ਪਾਉਣ ਵਾਸਤੇ ਬੈਂਡ ਮੰਗਵਾਉਂਦੇ ਹਨ ਸੰਗੀ ਤੇ ਫ਼ੌਜੀ ਢੰਗ ਨਾਲ ਬੈਂਡ ਦੀ ਧੁਨ ਵਿਚ ਮਹਾਰਾਣੀ ਜੀ ਦੀ ਅਰਥੀ ਨੂੰ ਜਹਾਜ਼ ਤੋਂ ਉਤਾਰ ਕੇ ਭਾਰਤ ਦੀ ਮਿੱਟੀ ਉਤੇ ਰਖਿਆ ਜਾਂਦਾ ਹੈ। ਮਹਾਰਾਜੇ ਨਾਲ ਅਫ਼ਸੋਸ ਕੀਤਾ ਜਾਂਦਾ ਹੈ, ਪਰ ਸਭ ਦਿਖਾਵੇ ਦੇ ਰੂਪ ਵਿਚ।

ਈਸਟ ਇੰਡੀਆ ਕੰਭਨੀ ਵਲੋਂ ਮੁਕੱਰਰ ਹੋਇਆ ਬੰਬਈ ਦਾ ਅੰਗਰੇਜ਼ ਗਵਰਨਰ ਆਉਂਦਾ ਹੈ। ਆਉਂਦਿਆਂ ਹੀ ਮਹਾਰਾਜੇ ਨੂੰ ਸਰਕਾਰ ਵਲੋਂ ਇਹ ਹੁਕਮ ਸੁਣਾਉਂਦਾ ਹੈ, "ਮਹਾਰਾਜੇ ਦੀ ਜੋ ਇੱਛਾ ਆਪਣੀ ਮਾਤਾ ਦੀ ਦੇਹ ਪੰਜਾਬ ਲਿਜਾ ਕੇ ਸਸਕਾਰਨ ਦੀ ਹੈ, ਉਹ ਪੂਰੀ ਨਹੀਂ ਕੀਤੀ ਜਾ ਸਕਦੀ। ਹਕੂਮਤ ਬਰਤਾਨੀਆਂ ਅਤੇ ਕੰਪਨੀ ਦੇ ਕਰਮਚਾਰੀਆਂ ਨੂੰ ਖ਼ਤਰਾ ਹੈ ਕਿ ਪੰਜਾਬ ਵਿਚ ਮਹਾਰਾਣੀ ਦੀ ਦੀ ਦੇਹ ਦਾ ਸਸਕਾਰ ਕਰਨ ਅਤੇ ਮਹਾਰਾਜਾ ਦਲੀਪ ਸਿੰਘ ਦੀ ਹਾਜ਼ਰੀ ਕਿਤੇ ਬਗ਼ਾਵਤ ਦਾ ਕਾ+ਨ ਨਾ ਬਣੇ। ਇਸ ਵਾਸਤੇ ਮੈਂ ਕੰਪਨੀ ਤੇ ਬਰਤਾਨਵੀਂ ਹਕੂਮਤ ਵਲੋਂ ਬੜੇ ਅਫ਼ਸੋਸ ਨਾਲ ਬੇਨਤੀ ਕਰਦਾ ਹਾਂ ਕਿ ਮਹਾਰਾਣੀ ਦਾ ਸਸਕਾਰ ਬੰਬਈ ਪ੍ਰਾਂਤ ਵਿਚ ਹੀ ਕੀਤਾ ਜਾਏ ਅਰ ਜਿੰਨੀ ਛੇਤੀ ਹੋਵੇ ਮਹਾਰਾਜਾ ਸਾਹਿਬ ਵਾਪਸ ਇੰਗਲਿਸਤਾਨ ਤਸ਼ਰੀਫ ਲੈ ਜਾਣ।"

ਇਹ ਨਿਰਾਦਰੀ ਭਰਿਆ ਹੁਕਮ ਸੁਣਦੇ ਸਾਰ ਮਹਾਰਾਜਾ ਦਲੀਪ ਸਿੰਘ ਗੁਸੇ ਨਾਲ ਕੰਬ ਉਲਦਾ ਹੈ। ਉਸ ਦਾ ਹੱਥ ਉਸ ਦੀ ਤਲਵਾਰ ਦੀ ਮੁੱਠ ਤੇ ਜਾ ਟਿਕਦਾ ਹੈ। ਅਜੇ ਤਲਵਾਰ ਬਾਹਰ ਨਹੀਂ ਆਉਂਦੀ ਕਿ ਗਵਰਨਰ ਹੱਸ ਕੇ ਆਖਦਾ ਹੈ, " ਮਹਾਰਾਜਾ ਜੀ! ਇਹ ਤਲਵਾਰ ਮਿਆਨੋਂ ਖਿੱਚਣ ਦਾ ਕੁਝ ਲਾਭ ਨਹੀਂ। ਆਪਣੀ ਵਰਤਮਾਨ ਹਾਲਤ ਵਿਚਾਰੋਂ! ਅੱਜ ਤੋਂ ਪੰਦਰਾਂ ਸਾਲ ਪਹਿਲਾਂ ਇਹ ਤਲਵਾਰ ਅੰਗਰੇਜ਼ ਦੇ ਪੈਰਾਂ ਤੇ ਡਿਗ ਚੁਕੀ ਹੈ।..... ਮਹਾਰਾਜੇ ਨੂੰ ਭੁਲੇਖਾ ਨਾ ਰਹੇ। ਉਹ ਅੰਗਰੇਜ਼ ਸਾਮਰਾਜ ਦਾ ਗ਼ੁਲਾਮ ਅਤੇ ਜਲਾਵਤਨ ਹੈ।"

ਮਹਾਰਾਜਾ ਚੁਪ ਹੋ ਗਿਆ। "ਗ਼ੁਲਾਮ..... ਤਲਵਾਰ ਗੁਜਰਾਤ ਡਿੱਗ ਪਈ.... ਮੇਰੇ ਬਹਾਦਰ ਸਿਪਾਹੀਆਂ ਦੇ ਹਥੋਂ..... ਮੈਂ ਆਪਣੇ ਦੇਸ਼ ਨਹੀਂ ਜਾ ਸਕਦਾ।" ਮਨ ਹੀ ਮਨ ਉਸ ਨੇ ਸੋਚਿਆ। ਅੰਗਰੇਜ਼ ਦੀ ਫ਼ੌਜ, ਬੰਦੂਕ ਤੇ ਤਲਵਾਰ ਨੇ ਇਕੱਲੇ ਨੌਜਵਾਨ ਦੇ ਜਜ਼ਬੇ ਨੂੰ ਨੱਪਣ ਦਾ ਜਤਨ ਕੀਤਾ। ਸਿਰ ਨਿਵਾ ਕੇ ਮਹਾਰਾਜਾ ਜ਼ਬਾਨੋਂ ਆਖ ਦੇਂਦਾ ਹੈ, "ਜਿਵੇਂ ਤੁਸਾਂ ਦੀ ਮਰਜ਼ੀ!" ਸੀਨ ਬਦਲ ਜਾਂਦਾ ਹੈ।

## ਤੀਜੀ ਝਾਕੀ

ਸ਼ਾਮ ਦਾ ਵੇਲਾ ਹੈ। ਇਕ ਪਾਸੇ ਪੱਛਮ ਵੱਲ ਸੂਰਜ ਲਾਲ ਭਖ ਰਿਹਾ ਹੈ, ਦੂਜੇ ਪਾਸੇ ਮਹਾਰਾਣੀ ਜਿੰਦਾਂ ਦੀ ਲਾਲ ਸੁਰਖ ਚਿਖਾ ਜਲ ਰਹੀ ਹੈ। ਇਹ ਚਿਖਾ ਦਰਿਆ ਰਾਵੀ ਦੇ ਕਿਨਾਰੇ ਨਹੀਂ ਬਲ ਰਹੀ, ਸਗੋਂ ਬੰਬਈ ਪ੍ਰਾਂਤ ਦੇ ਸ਼ਹਿਰ ਨਾਸਿਕ ਦੇ ਨੇੜੇ ਅਤੇ ਨਰਬਦਾ ਨਦੀ ਦੇ ਕਿਨਾਰੇ ਚਲ ਰਹੀ ਹੈ। ਇਹ ਉਹੋ ਥਾਂ ਹੈ, ਜਿਥੇ ਸੀਤਾ ਰਾਮ ਨੇ

ਬਨਵਾਸ ਦੇ ਲੰਮੇ ਚੌਦ੍ਹਾਂ ਸਾਲ ਕਟੇ ਹਨ ਅਤੇ ਜਿਸ ਨੂੰ ਪੰਚਬਟੀ ਦਾ ਜੰਗਲ ਆਖਿਆ ਜਾਂਦਾ ਹੈ। ਚਿਖਾ ਚੰਦਨ ਦੀਆਂ ਲਕੜਾਂ ਨਾਲ ਚਿਣੀ ਗਈ ਸੀ। ਭੁੱਖੀ ਜੁਆਲਾ ਉਨ੍ਹਾਂ ਨੂੰ ਸਾੜਨ ਦੇ ਨਾਲ ਨਾਲ ਮਹਾਰਾਣੀ ਦੇ ਦੁੱਖਾਂ ਭੰਨੇ ਤੇ ਗ਼ਮਾਂ ਪੀਤੇ ਤਨ ਨੂੰ ਵੀ ਸਾੜ ਸੁਆਹ ਕਰੀ ਜਾਂਦੀ ਹੈ।

ਮਹਾਰਾਜਾ ਦਲੀਪ ਸਿੰਘ ਦੀਆਂ ਅੱਖਾਂ ਵਿਚ ਹੁਣ ਅੱਥਰੂ ਨਹੀਂ। ਉਹ ਗੁੱਸੇ ਤੇ ਗ਼ਮ ਨਾਲ ਪਥਰਾ ਗਈਆਂ ਹਨ। ਉਨ੍ਹਾਂ ਦਾ ਰੰਗ ਲਾਲ ਸੁਰਖ ਹੈ। ਚਿਖਾ ਨੂੰ ਲੰਬੂ ਲਾਉਣ ਵੇਲੇ ਉਸ ਨੇ ਧਾਹੀਂ ਮਾਰਦਿਆਂ ਹੋਇਆਂ ਆਪਣੀ ਮਾਤਾ ਕੋਲੋਂ ਮੁਆਫ਼ੀ ਮੰਗੀ, "ਓ ਮਾਤਾ ਜੀ! ਪਿਆਰੀ ਮਾਤਾ ਜੀ! ਮੈਨੂੰ ਮੁਆਫ਼ ਕਰਨਾ, ਮੇਰਾ ਕੋਈ ਦੋਸ਼ ਨਹੀਂ! ਫ਼ਰੰਗੀ ਦਾ ਰਾਜਸੀ ਬਲ ਮੈਨੂੰ ਪੰਜਾਬ ਜਾਣੋਂ ਰੋਕਦਾ ਹੈ।.... ਬਿਗਾਨੀ ਜੂਹ ਵਿਚ ਤੇਰੀ ਮੜ੍ਹੀ ਰਹੀ ਹੈ।"

ਇਹ ਵਾਕ ਚੇਤੇ ਆਉਂਦੀਆਂ ਹੀ ਤੀਹ ਸਾਲ ਪਿਛੋਂ ਬਿਸਤਰੇ ਮਰਗ ਉਤੇ ਪਿਆ ਦਲੀਪ ਸਿੰਘ ਘਬਰਾ ਉਠਿਆ। ਛਾਨਣੀ ਹੋਇਆ ਉਸ ਦਾ ਦਿਲ ਰੋ ਕੇ ਆਖਣ ਲੱਗਾ, "ਮਾਤਾ ਜੀ! ਅੱਜ ਮੈਂ ਆ ਰਿਹਾ ਹਾਂ।" ਇਹ ਸ਼ਬਦ ਉਸ ਦੀ ਜ਼ਬਾਨੋਂ ਉਚੇ ਨਿਕਲ ਗਏ, ਜੋ ਬੁੱਢੇ ਸੂਰਤੀ ਦੇ ਕੰਨੀਂ ਜਾ ਪਏ ਤੇ ਉਸ ਨੇ ਕਾਹਲੀ ਨਾਲ ਪੁਛਿਆ, "ਸਰਕਾਰ! ਕਿਸ ਨਾਲ ਗੱਲਾਂ ਕਰਦੇ ਓ? ਕਿਥੇ ਜਾ ਰਹੇ ਓ! ਰੱਬ ਦੇ ਵਾਸਤੇ ਮੰਜੇ ਤੋਂ ਨਾ ਉਠਣਾ।"

"ਬਾਬਾ ਜੀ! ਭਖਲਾ ਜਿਹਾ ਆ ਗਿਆ ਸੀ। ਮਾਤਾ ਜੀ ਯਾਦ ਆ ਗਏ!" ਮਹਾਰਾਜੇ ਦਾ ਹੌਲੀ ਜਹੀ ਉੱਤਰ ਸੀ, "ਮੈਨੂੰ ਪਾਣੀ ਦਿਓ! ਮੇਰਾ ਦਿਲ ਸੜ ਰਿਹਾ ਹੈ।"

"ਸਰਕਾਰ ਨੂੰ ਕਿੰਨੀ ਵਾਰ ਆਖਿਆ ਹੈ, ਬੀਤੇ ਸਮੇਂ ਨੂੰ ਯਾਦ ਨਾ ਕਰੋ! ਇਸ ਤਰ੍ਹਾਂ ਰੋਗ ਵਧ ਜਾਂਦਾ ਹੈ।" ਇਹ ਆਖਦਾ ਹੋਇਆ ਸੂਰਤੀ ਉਠਿਆ ਤੇ ਪਾਣੀ ਲੈਣ ਵਾਸਤੇ ਚਲਾ ਗਿਆ।

ਪਰ ਮਹਾਰਾਜੇ ਦੀਆਂ ਅੱਖਾਂ ਅਗੋਂ ਬਲਦੀ ਚਿਖਾ ਦੂਰ ਨਾ ਹੋਈ। ਉਸ ਨੇ ਤੱਕਿਆ, ਹੌਲੀ ਹੌਲੀ ਚਿਖਾ ਠੰਡੀ ਹੋ ਰਹੀ ਹੈ। ਮਹਾਰਾਣੀ ਦਾ ਤਨ ਰਾਖ ਤੇ ਅੱਡੀਆਂ ਢੇਰੀ ਹੋ ਚਲਿਆ ਹੈ। ਪੰਜਾਬ ਦੇ ਸਮਰਾਟ ਦੀ ਪਿਆਰੀ ਜਿੰਦਾਂ ਅਤੇ ਜਲਾਵਤਨ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਦੀ ਜੀਵਨ ਕਹਾਣੀ ਮੁਕ ਗਈ ਹੈ। ਅੱਜ ਉਸ ਕੋਲੋਂ ਕਿਸੇ ਨੂੰ ਡਰ ਨਹੀਂ ਰਿਹਾ। ਉਹ ਅਜ਼ਾਦ ਹੋ ਗਈ ਹੈ।

ਨਰਬਦਾ ਦੇ ਜਲ ਨਾਲ ਭਸਮ ਨੂੰ ਠੰਡਾ ਕੀਤਾ ਗਿਆ। ਮੁੜ ਭਸਮ ਅਤੇ ਅਸਤੀਆਂ ਇੱਕਠੀਆਂ ਕਰ ਕੇ ਨਰਬਦਾ ਵਿਚ ਜਲ-ਪ੍ਰਵਾਹ ਕੀਤੀਆਂ ਗਈਆਂ।

ਆਪਣੀ ਮਾਤਾ ਦਾ ਮ੍ਰਿਤਕ ਸੰਸਕਾਰ ਕਰਕੇ ਉਹ ਵਿਹਲਾ ਹੋਇਆ ਤਾਂ ਹਕੂਮਤ ਨੇ ਵਲੈਤ ਵਾਪਸ ਜਾਣ ਦਾ ਹੁਕਮ ਦੇ ਦਿੱਤਾ। ਮਹਾਰਾਜੇ ਨੇ ਦਿਲ ਤੇ ਪੱਥਰ ਰੱਖ ਕੇ ਇਸ ਹੁਕਮ ਨੂੰ ਸੁਣਿਆ। ਸੂਰਤੀ ਤੋਂ ਬਿਨਾਂ ਸਭ ਦਾਸੀਆਂ ਅਤੇ ਸੇਵਕਾਂ ਨੂੰ ਸਦਾ ਵਾਸਤੇ ਵਿਦਾ ਕਰ ਦਿੱਤਾ, ਉਹ ਰੋ ਰੋ ਕੇ ਵਿਛੜੇ।

ਮਣਾਂ ਮੂੰਹੀਂ ਪਾਣੀ ਦੀਆਂ ਛੱਲਾਂ ਨੂੰ ਚੀਰਦਾ ਹੋਇਆ ਬੇੜਾ ਵਲੈਤ ਨੂੰ ਜਾ ਰਿਹਾ ਸੀ। ਮਹਾਰਾਜਾ ਦਲੀਪ ਸਿੰਘ ਤੋਂ ਬਿਨਾਂ ਉਸ ਵਿਚ ਐਸੇ ਸੱਤ ਹੋਰ ਰਾਜੇ ਵਲੈਤ ਨੂੰ ਜਾ ਰਹੇ ਸਨ, ਜਿਨ੍ਹਾਂ ਦੇ ਰਾਜ ਭਾਗ ਤੇ ਈਸਟ ਇੰਡੀਆ ਕੰਪਨੀ ਕਾਬਜ਼ ਹੋ ਗਈ ਸੀ। ਉਹਨਾਂ ਨੂੰ ਉਮਰ ਦੇ ਗੁਜ਼ਾਰੇ ਵਾਸਤੇ ਪੈਨਸ਼ਨਾਂ ਦਿੱਤੀਆਂ ਗਈਆਂ ਸਨ। ਉਸ ਬੇੜੇ

ਵਿਚ ਖ਼ੁਸ਼ੀ ਨਹੀਂ ਸੀ, ਸਗੋਂ ਮਸਿਆਂ ਦੇ ਹਨੇਰੇ ਵਰਗਾ ਕਾਲਾ ਸੋਗ ਵਰਤਿਆ ਪਿਆ ਸੀ। ਜ਼ਿੰਦਗੀ ਸੁੰਗੜੀ ਤੇ ਚਿੰਤਾਤੁਰ ਹੋਈ ਬੈਠੀ ਸੀ। ਵਿਛੋੜੇ ਦੇ ਅਣਿਆਲੇ ਤੀਰਾਂ ਨਾਲ ਹਿਰਦੇ ਵਿੰਨ੍ਹੇ ਗਏ ਸਨ।

ਮਾਂ ਬੱਚੇ ਦਾ ਵਿਆਹ ਹੁੰਦਾ ਵੀ ਨਾ ਦੇਖ ਸਕੀ ਤੇ ਦਲੀਪ ਸਿੰਘ ਯਤੀਮ ਹੋ ਗਿਆ। ਜਹਾਜ਼ ਵਿਚ ਬੈਠੇ ਨੂੰ ਖਾਣ ਪੀਣ ਵੀ ਭੁਲ ਗਿਆ ਸੁਰਤੀ ਮੱਲੋ-ਮੱਲੀ ਕੁਝ ਖੁਆਂਦਾ ਪਿਆਂਦਾ ਤੇ ਕੱਪੜੇ ਬਦਲਾਂਦਾ ਰਿਹਾ। ਉਸ ਨੇ ਇਕੱਲਤਾ ਨੂੰ ਮਹਿਸੂਸ ਕੀਤਾ ਤੇ ਲੰਮੇ ਹੌਕੇ ਨਾਲ ਸੁਰਤੀ ਨੂੰ ਪੁਛਿਆ, "ਹੁਣ ਮੇਰਾ ਜੀਣਾ ਕਿਸ ਅਰਥ?"

"ਜ਼ਿੰਦਗੀ ਕਦੀ ਬੇ-ਅਰਥ ਨਹੀਂ ਗਈ। ਜੋ ਜੀਂਦਾ ਹੈ, ਉਹ ਜ਼ਰੂਰ ਕਿਸੇ ਦੇ ਕੰਮ ਆਉਂਦਾ ਹੈ। ਮਾਂ ਬਾਪ ਸਦਾ ਕਿਸੇ ਦੇ ਸਾਥ ਨਹੀਂ ਰਹੇ। ਇਹ ਜਗਤ ਦੀ ਚਾਲ ਹੈ। ਤੁਸੀਂ ਮਰਦ ਓ, ਮਰਦ ਵੀ ਜੁਆਨ ਜਿਨ੍ਹਾਂ ਕੋਲ ਜੁਆਨੀ, ਸੁੰਦਰਤਾ ਅਤੇ ਦੌਲਤ ਹੈ। ਤੁਸੀਂ ਅੱਜ ਜ਼ਿੰਦਗੀ ਨੂੰ ਹਸਾ, ਖਿੜਾ ਅਤੇ ਅਰਥ ਵਾਲੀ ਬਣਾ ਸਕਦੇ ਓ। ਬੱਸ ਹਿੰਮਤ ਦੀ ਲੋੜ ਹੈ।" ਸੁਰਤੀ ਦਾ ਉੱਤਰ ਸੀ।

ਪਰ ਭੋਲਾ ਮਹਾਰਾਜਾ ਨਾ ਸਮਝਿਆ ਕਿ ਉਸ ਦਾ ਵਫ਼ਾਦਾਰ ਸੇਵਕ ਕਿਧਰ ਇਸ਼ਾਰੇ ਕਰ ਰਿਹਾ ਹੈ।

"ਮਤਲਬ?" ਮਹਾਰਾਜੇ ਨੇ ਫਿਰ ਪੁਛਿਆ।

ਈਸ਼ਵਰ ਦਾ ਅਟੱਲ ਅਸੂਲ ਹੈ: ਮਾਂ ਬਾਪ ਸਦਾ ਸਾਥ ਨਹੀਂ ਦੇਂਦੇ। ਉਹ ਜਦੋਂ ਸਾਥ ਛੱਡ ਜਾਣ ਤਾਂ ਜਗਤ ਚਾਲ ਅਨੁਸਾਰ ਉਨ੍ਹਾਂ ਦੀ ਅਣਹੋਂਦ ਨਵਿਆਂ ਹਮਦਰਦੀਆਂ ਨਾਲ ਪੂਰੀ ਕੀਤੀ ਜਾਂਦੀ ਹੈ।"

"ਨਵੇਂ ਹਮਦਰਦੀ ਕਿੱਥੋਂ ਲੱਭਾਂ। ਸਾਰੇ ਸੰਬੰਧੀ ਵਤਨ ਵਿਚ ਹਨ, ਮੈਨੂੰ ਵਤਨ ਜਾਣ ਨਹੀਂ ਦਿੱਤਾ ਜਾਂਦਾ। ਪਰਦੇਸਾਂ ਵਿਚ ਮੇਰਾ ਕੌਣ ਹੈ?"

"ਵਤਨ ਜਾਣ ਦਾ ਤਾਂ ਹੁਣ ਸੁਪਨਾ ਨਾ ਲਓ। ਉਸ ਫ਼ਰੰਗੀ ਲਾਟ ਦੀਆਂ ਗੱਲਾਂ ਤੋਂ ਮੈਂ ਸਮਝ ਗਿਆ ਹਾਂ। ਫ਼ਰੰਗੀ ਦੀ ਵਤੀਰੇ ਤੋਂ ਇਸ ਜਨਮ ਤਾਂ ਵਤਨ ਜਾਣ ਦੀ ਆਸ ਨਹੀਂ ਹੋ ਸਕਦੀ। ਬੱਸ ਹੁਣ ਕਿਸੇ ਕੁੜੀ ਨਾਲ ਵਿਆਹ ਕਰਵਾ ਲਵੋ।"

"ਵਿਆਹ! ਵਿਆਹ!! ਇਹ ਔਖੀ ਗੱਲ ਹੈ।" ਮਹਾਰਾਜੇ ਨੇ ਤ੍ਰਬਕ ਕੇ ਉੱਤਰ ਦਿੱਤਾ, "ਕਿਸੇ ਅੰਗਰੇਜ਼ ਕੁੜੀ ਨਾਲ ਮੈਂ ਸ਼ਾਦੀ ਨਹੀਂ ਕਰਨੀ।

ਇਹ ਬੜੇ ਖ਼ੁਦਗ਼ਰਜ਼ ਲੋਕ ਹਨ।"

"ਹੋਰ ਵੀ ਤਾਂ ਲੋਕ ਏਧਰ ਵੱਸਦੇ ਈ ਨੇ!"

"ਹੱਛਾ ਸੋਚਾਂਗਾ; ਆਖ਼ਰ ਜੀਉਣ ਵਾਸਤੇ ਕੁਝ ਨਾ ਕੁਝ ਕਰਨਾ ਹੀ ਪਵੇਗਾ।"

ਹੌਲੀ ਹੌਲੀ ਤੁਰਿਆ ਜਹਾਜ਼ ਕਈਆਂ ਦਿਨਾਂ ਪਿਛੋਂ ਮਿਸਰ ਦੀ ਜਗਤ ਪ੍ਰਸਿੱਧ ਬੰਦਰਗਾਹ ਸਕੰਦਰੀਆ ਤੇ ਪੁੱਜ ਗਿਆ। ਏਥੇ ਜਹਾਜ਼ ਨੇ ਪੂਰਾ ਹਫ਼ਤਾ ਅਟਕਣਾ ਸੀ। ਸਾਰੇ ਯਾਤਰੀ ਜਹਾਜ਼ ਤੋਂ ਉਤਰੇ ਤੇ ਸ਼ਹਿਰ ਦੀ ਸੈਰ ਵਾਸਤੇ ਚਲੇ ਗਏ। ਮਹਾਰਾਜਾ ਦਲੀਪ ਸਿੰਘ ਵੀ ਸੁਰਤੀ ਨੂੰ ਨਾਲ ਲੈ ਕੇ ਉਦਾਸ ਚਿਤ ਉਸੇ ਤਰ੍ਹਾਂ ਸ਼ਹਿਰ ਵਿਚ ਫਿਰਨ ਗਿਆ, ਜਿਵੇਂ ਕਦੀ ਮਿਸਰ ਦੇ ਏਸੇ ਸ਼ਹਿਰ ਵਿਚ ਬਾਪ ਤੋਂ ਵਿਛੜ ਕੇ ਯੂਸਫ਼ ਗ਼ੁਲਾਮ ਹੋਇਆ ਫਿਰਦਾ ਸੀ।

ਪਰ ਮਿਸਰ ਪ੍ਰੀਤਾਂ ਦਾ ਦੇਸ਼ ਹੈ। ਇਹ ਪਰਦੇਸੀਆਂ ਨੂੰ ਜੀ ਆਇਆ ਆਖ ਕੇ ਪਿਆਰ ਦੇ ਐਸੇ ਨਾਟਕ ਰਚਦਾ ਹੈ, ਜਿਨ੍ਹਾਂ ਵਿਚ ਭੁੱਲ ਕੇ ਉਨ੍ਹਾਂ ਦੀਆਂ ਉਦਾਸੀਆਂ ਦੂਰ ਹੋ ਜਾਂਦੀਆਂ ਹਨ। ਯੂਸਫ਼ ਨੂੰ ਜ਼ਿੰਦਗੀ, ਪਿਆਰ ਤੇ ਰਾਜ ਭਾਗ ਮਿਸਰ ਵਿਚੋਂ ਮਿਲਿਆ ਸੀ। ਯਸੂਮਸੀਹ ਨੂੰ ਏਥੇ ਆਇਆ ਲੰਮੀ ਉਮਰ ਮਿਲੀ ਸੀ। ਨੀਲ ਦਰਿਆ ਵਿਚ ਰੁੜੇ ਜਾਂਦੇ ਮੂਸੇ ਨੂੰ ਕੱਢ ਕੇ ਮਿਸਰ ਦੀਆਂ ਮੁਟਿਆਰਾਂ ਨੇ ਹੀ ਪਿਆਰ ਭਰੇ ਨਾਜ਼ਕ ਧੜਕਦੇ ਸੀਨੇ ਨਾਲ ਲਾ ਕੇ ਪਾਲਿਸਾ ਸੀ। ਅੱਜ ਫ਼ਰੰਗੀ ਦਾ ਸਤਾਇਆ ਹੋਇਆ ਉਦਾਸ, ਦੁਖੀ ਤੇ ਇਕੱਲਾ ਮਹਾਰਾਜਾ ਦਲੀਪ ਸਿੰਘ ਇਹ ਸੁਹਾਵਣੀ ਧਰਤੀ ਤੇ ਉੱਤਰਿਆ।

...... ...... ......

ਆਹ ! ਅੱਜ ਤੀਹ ਸਾਲ ਪਿਛੋਂ ਜੁਆਨੀ ਦੀ ਝਾਕੀ ਅੱਖਾਂ ਅੱਗੋਂ ਲੰਘ ਰਹੀ ਹੈ, ਜਦੋਂ ਮੰਜੇ ਉਤੋਂ ਉਠਿਆ ਤੇ ਤੁਰਿਆ ਨਹੀਂ ਜਾਂਦਾ-

ਫਰੀਦਾ ਇਨੀ ਨਿਕੀ ਜੰਘੀਐ, ਥਲ ਡੂੰਗਰ ਭਵਿਓਮ੍ਹਿ ।
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ।

ਵਾਲੀ ਗੱਲ ਹੈ। ਸਰੀਰ ਸੁਕ ਕੇ ਹੱਡੀਆਂ ਦਾ ਪਿੰਜਰ ਰਹਿ ਗਿਆ ਹੈ। ਸਿਰ ਅਤੇ ਦਾੜ੍ਹੇ ਦੇ ਵਾਲ ਦੁੱਧ-ਚਿੱਟੇ ਹੋ ਗਏ ਹਨ। ਹਰਨ ਵਰਗੀਆਂ ਅੱਖਾਂ ਅੰਦਰ ਚਲੀਆਂ ਗਈਆਂ ਹਨ। ਹੜਬਾਂ ਦੀਆਂ ਹੱਡੀਆਂ ਗਿਣੀਆਂ ਜਾ ਸਕਦੀਆਂ ਨੇ। ਦਵਾਈਆਂ ਦੇ ਭਾੜੇ ਤੇ ਨਬਜ਼ ਚੱਲ ਰਹੀ ਹੈ। ਦੋਵੇਂ ਫੇਫੜੇ ਛਾਨਣੀ ਹੋ ਚੁਕੇ ਹਨ।

ਇਕ ਸ਼ਾਮ ਨੂੰ ਮਹਾਰਾਜਾ ਬਜ਼ਾਰ ਦੀ ਸੈਰ ਕਰਨ ਵਾਸਤੇ ਗਿਆ। ਫਿਰਦਿਆਂ ਤੇ ਵੇਖਦਿਆਂ ਹੋਇਆਂ ਵਿਚਾਰ ਫੁਰਿਆ ਕਿ ਲੰਡਨ ਦੇ ਮਿਤਰਾਂ ਵਾਸਤੇ ਕੋਈ ਮਿਸਰ ਦੀ ਸੁਗਾਤ ਲੈ ਚੱਲੀਏ । ਇਕ ਜਰਮਨ ਸੁਦਾਗਰ ਮੂਲਰ ਦੀ ਹੀਰੇ ਜਵਾਹਰਾਤ ਦੇ ਗਹਿਣਿਆਂ ਦੀ ਦੁਕਾਨ ਸੀ। ਉਸ ਦੁਕਾਨ ਦੇ ਅੰਦਰ ਲੰਘ ਗਏ। ਗਹਿਣਿਆਂ ਦੀ ਦੁਕਾਨ ਸੀ। ਉਸ ਦੁਕਾਨ ਦੇ ਅੰਦਰ ਲੰਘ ਗਏ। ਗਾਹਕਾਂ ਨੂੰ ਪਛਾਨਣ ਵਾਲਾ ਮੂਲਰ, ਆਪਣੇ ਆਸਣ ਤੋਂ ਉਠਿਆ ਤੇ ਬੜਾ ਸਤਿਕਾਰ ਕੀਤਾ। ਨਾਲ ਹੀ ਪੁਛਿਆ, "ਸਰਕਾਰ ਕਿਸ ਚੀਜ਼ ਨੂੰ ਦੇਖਣਾ ਚਾਹੁੰਦੀ ਹੈ।"

"ਕੋਈ ਮੁੰਦਰੀ !" ਆਖ ਕੇ ਮਹਾਰਾਜਾ ਜੀ ਗਦੇਲੇਦਾਰ ਕੁਰਸੀ ਉਤੇ ਬੈਠ ਗਏ।

ਮਿਸਟਰ ਮੂਲਰ ਨੇ ਅਜੇ ਦੋ ਚਾਰ ਹੀ ਕੀਮਤੀ ਮੁੰਦਰੀਆਂ ਦਿਖਾਈਆਂ ਹੋਣਗੀਆਂ ਕਿ ਸੋਲ੍ਹਾਂ ਕੁ ਸਾਲ ਦੀ ਸੁੰਦਰ ਤੇ ਨਾਜ਼ਕ ਬਦਨੀ ਮੁਟਿਆਰ ਨੇ ਦੁਕਾਨ ਵਿਚ ਪੈਰ ਪਾਇਆ। ਉਹ ਜਰਮਨ ਬੋਲੀ ਦਾ ਇਕ ਗੀਤ ਵੀ ਗਾ ਰਹੀ ਸੀ। ਗਾਹਕ ਨੂੰ ਦੇਖ ਕੇ ਗਾਉਣਾ ਤਾਂ ਉਸ ਨੇ ਬੰਦ ਕਰ ਦਿੱਤਾ, ਪਰ ਮਿਸਟਰ ਮੂਲਰ ਦੇ ਕੋਲ ਜਾ ਖਲੋਤੀ।

"ਜੀ ਇਹ ਮੇਰੀ ਲੜਕੀ ਬੰਬਾ ਹੈ।" ਮੂਲਰ ਨੇ ਮਹਾਰਾਜਾ ਜੀ ਨੂੰ ਲੜਕੀ ਦੀ ਜਾਣ ਪਛਾਣ ਕਰਾਉਣੀ ਸ਼ੁਰੂਕੀਤੀ। ਕੈਰੋ ਦੀ ਮਿਸ਼ਨ ਸਕੂਲ ਵਿਚੋਂ ਪੜ੍ਹ ਕੇ ਆਈ ਹੈ, ਜਰਮਨ, ਮਿਸਰੀ ਤੇ ਅਰਬੀ ਬੋਲੀ ਜਾਣਦੀ ਹੈ। ਅੰਗਰੇਜ਼ੀ ਨਹੀਂ ਬੋਲ ਸਕਦੀ।

ਜਿੰਨਾ ਚਿਰ ਮੂਲਰ ਬੋਲਦਾ ਰਿਹਾ, ਉਨ੍ਹਾਂ ਚਿਰ ਮਹਾਰਾਜਾ ਬੰਬਾ ਵੱਲ ਤੱਕਦਾ ਰਿਹਾ, ਉਹ ਇਹਦੇ ਵੱਲ ਦੇਖਦੀ ਰਹੀ। ਇਕ ਦੂਜੇ ਦੇ ਦੇਖਣ ਵਿਚ ਖਿੱਚ ਸੀ। ਖਿੱਚ ਵੀ ਉਹ ਜੋ ਜੀਵਨ ਪਲਟਾਉਣ ਦਾ ਕਾਰਨ ਹੁੰਦੀ ਹੈ।

ਪ੍ਰੀਤਾਂ ਰਾਹ ਜਾਂਦਿਆਂ ਹੀ ਪੈ ਜਾਂਦੀਆਂ ਹਨ। ਡਾਕਟਰ ਲਾਜਿਨ ਦੀ ਸੁੰਦਰ ਕੁੜੀ ਨੂੰ ਜਵਾਬ ਦੇਣ ਵਾਲਾ ਮਹਾਰਾਜਾ ਅੱਜ ਬੰਬਾ ਤੇ ਲੂੱਟ ਹੋ ਗਿਆ। ਪਲ ਭਰ ਦੀ ਤੱਕਣੀ ਵਿਚ ਹੀ ਅਜ਼ਲੀ ਸਾਂਝਾਂ ਪੈ ਗਈਆਂ ਹੀਰੇ ਦੀ ਅੰਗੂਠੀ ਇਕ ਨਹੀਂ, ਸਗੋਂ ਤਿੰਨ ਖ਼ਰੀਦੀਆਂ। ਇਕ ਆਪਣੇ ਹੱਥ ਪਾ ਲਈ। ਇਕ ਬੰਬਾ ਦੀ ਕੋਮਲ ਤੇ ਫਲੀ ਸਮਾਨ ਉੱਗਲੀ ਵਿਚ ਪਾ ਦਿੱਤੀ। ਉਹ ਖ਼ੁਸ਼ੀ ਵਿਚ ਮੁਸਕ੍ਰਾਣੀ ! ਮੂਲਰ ਹੈਰਾਨ ਹੋ ਗਿਆ, ਧੀ ਨੇ ਪਿਤਾ ਦੀ ਹੈਰਾਨੀ ਨੂੰ ਦੂਰ ਕਰਨ ਲਈ ਅਰਬੀ ਵਿਚ ਆਖਿਆ, "ਮੈਂ ਪ੍ਰੇਮ-ਯਾਦ ਕਬੂਲ ਕਰਦੀ ਹਾਂ।"

ਪੰਜਾਂ ਦਿਨਾਂ ਪਿਛੋਂ 7 ਜੂਨ 1864 ਨੂੰ ਉਸੇ ਸੁਦਾਗਰ ਦੇ ਘਰ ਹੀ ਮਹਾਰਾਜਾ ਦਲੀਪ ਸਿੰਘ ਤੇ ਬੰਬਾ ਮੂਲਰ ਦੀ ਸ਼ਾਦੀ ਕੀਤੀ ਗਈ ਅੱਜ ਕੇ ਖ਼ੁਸ਼ੀਆਂ ਹੋਈਆਂ। ਉਨ੍ਹਾਂ ਖ਼ੁਸ਼ੀਆਂ ਦੀ ਮਸਤੀ ਵਿਚ ਮਾਂ ਦੀ ਬਲਦੀ ਚਿਖਾ ਅੱਖਾਂ ਅਗੋਂ ਦੂਰ ਹੋ ਗਈ ਉਸੇ ਦਿਨ ਤੋਂ ਬੰਬਾ ਦੀ ਤਸਵੀਰ ਅੱਖਾਂ ਅਤੇ ਦਿਲ ਤੇ ਉੱਕਰ ਗਈ। ਨਾ ਭੁੱਲਣ ਵਾਲੀ ਜੀਵਨ ਸਾਥਣ ਉਸੇ ਤਰ੍ਹਾਂ ਹੀ ਮਿਲੀ ਜਿਵੇਂ ਯੂਸਫ਼ ਨੂੰ ਜ਼ੁਲੈਖਾਂ ਪ੍ਰਾਪਤ ਹੋਈ ਸੀ, ਦੋਵੇਂ ਇੱਕਠੇ ਲੰਡਨ ਚਲੇ ਗਏ।

ਆਹ ! ਕਿੰਨਾ ਅਨੰਦਮਈ ਸੀ ਉਹ ਸਮਾਂ ਜਦੋਂ ਦੋਵੇਂ ਇਕ ਦੂਜੇ ਦੇ ਜੀਵਨ ਸਾਥੀ ਬਣ ਰਹੇ ਸਨ, ਇਕ ਦੂਜੇ ਦੇ ਨੇੜੇ ਹੋ ਰਹੇ ਸਨ, ਇਕ ਰੂਪ ਤੇ ਇਕ ਖ਼ਿਆਲ ਦੇ ਹੋ ਜਾਣਾ ਲੋਚ ਰਹੇ ਸਨ, ਪਰ ਜ਼ਬਾਨ ਇਨ੍ਹਾਂ ਸਾਂਝਾਂ ਦਾ ਸਾਥ ਨਹੀਂ ਸੀ ਦੇ ਰਹੀ। ਜੋ ਕੁਝ ਦਲੀਪ ਸਿੰਘ ਬੋਲਦਾ ਉਹ ਕੁਝ ਬੰਬਾ ਨਾ ਸਮਝ ਸਕਦੀ, ਜੋ ਕੁਝ ਬੰਬਾ ਆਖਦੀ ਉਸਦਾ ਪਤਾ ਦਲੀਪ ਸਿੰਘ ਨੂੰ ਨਾ ਲਗਦਾ। ਕੋਈ ਸਮਝਾਉਣ ਵਾਲਾ ਕੋਲ ਨਾ ਆਉਂਦਾ।

ਉਹ ਸਮਾਂ ਵੀ ਕਿੰਨਾ ਖ਼ੁਸ਼ੀ ਦਾ ਸੀ, ਜਦੋਂ ਮਹਾਰਾਜਾ ਉਸ ਨੂੰ ਅੰਗਰੇਜ਼ੀ ਪੜ੍ਹਾਉਂਦਾ ਰਿਹਾ।

ਇਹ ਜੀਵਨ ਦੀਆਂ ਸੁਨਹਿਰੀ ਘੜੀਆਂ ਤੇ ਯਾਦਾਂ ਇਕ ਫ਼ਿਲਮ ਬਣ ਕੇ ਮਹਾਰਾਜੇ ਦੀਆਂ ਅੱਖਾਂ ਅਗੋਂ ਲੰਘ ਗਈਆਂ।

ਹਾਂ, ਉਹ ਵਕਤ ਵੀ ਚੇਤੇ ਆਇਆ ਜਦੋਂ ਸਮੇਂ ਸਮੇਂ ਸਿਰ ਬੰਬਾ ਦੀ ਕੁਖੋਂ ਛੇ ਪੈਦਾ ਹੋਏ, ਜਿਨ੍ਹਾਂ ਨੂੰ ਮਹਾਰਾਜਾ ਬੜੇ ਮਲ੍ਹਾਰਾਂ ਨਾਲ ਖਿਡਾਉਂਦਾ ਤੇ ਪਾਲਦਾ ਸੀ।

...... ...... ......

ਮਹਾਰਾਜੇ ਨੇ ਆਪਣੇ ਜੀਵਨ ਪੂਰੀ ਫਿਲਮ ਅਜੇ ਦੇਖੀ ਵੀ ਨਹੀਂ ਸੀ ਕਿ ਸੂਰਤੀ ਨੇ ਆ ਕੇ ਸੁਨੇਹਾ ਦਿੱਤਾ, "ਸਰਕਾਰ ! ਕੰਵਰ ਫੈਡਰਿਕ ਜੀ ਆਏ ਹਨ।"

"ਹੱਛਾ ! ਮੇਰਾ ਬੇਟਾ ਆ ਗਿਆ । ਚੰਗਾ ਹੋਇਆ। ਉਸਨੂੰ ਅੰਦਰ ਲੈ ਆ। ਉਸਨੂੰ ਮੇਰੇ ਕੋਲ ਆਉਣਾ ਹੀ ਚਾਹੀਦਾ ਸੀ।" ਮਹਾਰਾਜੇ ਨੇ ਮੁਸਕ੍ਰਾਂਦਿਆਂ ਹੋਇਆਂ ਕਾਹਲੀ ਨਾਲ ਉੱਤਰ ਦਿੱਤਾ।

ਛੱਬੀ ਸਤਾਈ ਸਾਲ ਦਾ ਸੋਹਣਾ ਗਭਰੂ ਫ਼ੌਜੀ ਲਿਬਾਸ ਵਿਚ ਮਹਾਰਾਜੇ ਦੇ ਕਮਰੇ ਵਿਚ ਦਾਖ਼ਲ ਹੋਇਆ। ਉਸ ਨੂੰ ਦੇਖ ਕੇ ਮਹਾਰਾਜਾ ਉਠਣ ਹੀ ਲੱਗਾ ਸੀ ਕਿ ਉਹ ਅੱਗੇ ਹੋ ਗਿਆ । ਉਸ ਨੂੰਦੇਖ ਕੇ ਮਹਾਰਾਜਾ ਉਠਣ ਹੀ

ਲੱਗਾ ਸੀ ਕਿ ਉਹ ਅੱਗੇ ਹੋ ਗਿਆ ਤੇ ਉਸਦੀ ਛਾਤੀ ਤੇ ਸਿਰ ਰੱਖ ਕੇ ਰੋਣ ਲੱਗ ਪਿਆ। ਰੋਂਦਿਆਂ ਹੋਇਆਂ ਗਭਰੂਦੀ ਜ਼ਬਾਨੋਂ ਇਹ ਨਿਕਲਦਾ ਸੀ, "ਪਿਤਾ ਜੀ ! ਓ ਪਿਤਾ ਜੀ ! ਤੁਸਾਂ ਦੀ ਇਹ ਕੀ ਹਾਲਤ?"

ਪਿਉ ਪੁੱਤ ਮਿਲੇ, ਖ਼ੂਬ ਮਿਲੇ, ਰੋ ਰੋ ਕੇ ਮਿਲੇ, ਦੋਵੇਂ ਚਿਰਾਂ ਦੇ ਵਿਛੜੇ ਸਨ।

"ਮੈਂ ਆਪ ਦੀ ਸੇਵਾ ਕਰਨ ਆਇਆ ਹਾਂ ! ਕੋਲ ਰਹਾਂਗਾ !" ਕੰਵਰ ਫ਼ੈਡਰਿਕ ਦਾ ਤਰਲਾ ਸੀ।

"ਪੁੱਤਰ ! ਮੇਰੀ ਸੇਵਾ ਦਾ ਸਮਾਂ ਲੰਘ ਗਿਆ, ਹੁਣ ਮੈਂ ਸੇਵਾ ਕਰਾਉਣਾ ਵੀ ਨਹੀਂ ਚਾਹੁੰਦਾ। ਮੈਂ ਤਾਂ ਮੌਤ ਨੂੰ ਸੱਦਦਾ ਹਾਂ, ਉਹ ਛੇਤੀ ਆਵੇ ਤਾਂ ਦੁੱਖ ਪਿੱਛਾ ਛੱਡਣ।" ਮਹਾਰਾਜੇ ਦਾ ਉੱਤਰ ਸੀ।

"ਨਹੀਂ ਪਿਤਾ ਜੀ ਅਜੇ ਆਪ ਦੀ ਬਹੁਤ ਲੋੜ ਹੈ।"

"ਕੋਈ ਲੋੜ ਨਹੀਂ ! ਇਸ ਦੁਨੀਆਂ ਨੂੰ ਕੋਈ ਲੋੜ ਨਹੀਂ ਰਹੀ ਮੇਰੀ।"

ਕੰਵਰ ਫ਼ੈਡਰਿਕ ਨੂੰ ਕੋਲ ਰਹਿੰਦਿਆਂ ਮਸਾਂ ਚਾਰ ਦਿਨ ਹੀ ਹੋਏ ਤਾਂ ਮਹਾਰਾਜਾ ਜੀ ਦੀ ਹਾਲਤ ਖ਼ਰਾਬ ਹੋਣੀ ਸ਼ੁਰੂਹੋ ਗਈ। ਡਾਕਟਰ ਵੀ ਕੰਨੀ ਕਤਰਾਉਣ ਲੱਗ ਪਿਆ। ਮਹਾਰਾਜੇ ਨੂੰ ਆਪ ਵੀ ਪਤਾ ਲੱਗ ਗਿਆ ਕਿ ਉਹ ਹੁਣ ਇੱਕ ਅੱਧੇ ਦਿਨ ਦਾ ਪ੍ਰਾਹੁਣਾ ਹੈ। ਉਸਨੇ ਆਪਣੇ ਪੁੱਤਰ ਨੂੰ ਕੋਲ ਸੱਦਿਆ। ਬਹੁਤ ਨੇੜੇ ਕਰਕੇ ਬੈਠਾ ਲਿਆ ਤੇ ਹੌਲੀ ਹੌਲੀ ਆਖਣ ਲੱਗਾ-

"ਪੁੱਤਰ ! ਅੰਗਰੇਜ਼ ਕੌਮ ਨੇ ਜੋ ਮੇਰੇ ਨਾਲ ਧ੍ਰੋਹ ਕੀਤਾ ਹੈ ਉਹ ਤੂੰ ਸੁਣ ਲਿਆ। ਜਿਸ ਸੰਧੀਨਾਮੇ ਤੇ ਯਾਰਾਂ ਸਾਲ ਦੀ ਉਮਰ ਵਿਚ ਮੇਰੇ ਕੋਲ ਮੱਲੋ ਮੱਲੀ ਦਸਖ਼ਤ ਕਰਾਏ ਗਏ ਸਨ ਉਸੇ ਦੀਆਂ ਸਤਰਾਂ ਦੇ ਵਿਰੁਧ ਇਹ ਕੌਮ ਹੋਈ.... ਅੰਗਰੇਜ਼ੀ ਸਰਕਾਰ...... ਮਲਕਾ ਬਾਦਸ਼ਾਹ..... ਆਹ ਸਭ ਅਕ੍ਰਿਤਘਣ ਨਿਕਲੇ। ਮੇਰੇ ਹੀਰੇ, ਮੋਤੀ.... ਲਾਲ....ਸੋਨਾ, ਘਰ ਘਾਟ ਜੋ ਮੇਰੇ ਜ਼ਾਤੀ ਸਨ, ਤੇ ਜਿਨ੍ਹਾਂ ਦੇ ਇਹ ਰਾਖੇ ਬਣੇ ਸਨ, ਹੌਲੀ ਹੌਲੀ ਸਭ ਡਕਾਰ ਗਏ। ਇਨ੍ਹਾਂ ਜੋ ਮੇਰੇ ਨਾਲ ਪੈਨਸ਼ਨ ਕੀਤੀ ਉਹ ਵੀ ਪੂਰੀ ਨਹੀਂ ਦਿੱਤੀ। ਜੇ ਮੈਂ ਹਿਸਾਬ ਕਿਤਾਬ ਮੰਗਿਆ ਤਾਂ ਉਸ ਅਹਿਦਨਾਮੇ ਦੇ ਉਲਟ ਪੁਲਟ ਅਰਥ ਕਰ ਕੇ ਮੈਨੂੰ ਜੁਆਬ ਦੇ ਦਿੱਤਾ ! ਮੇਰੀ ਆਪਣੀ ਕਰੋੜਾਂ ਦੀ ਜਾਇਦਾਦ ਇਨ੍ਹਾਂ ਦੇ ਖ਼ਜ਼ਾਨੇ ਪੈ ਗਈ...।" ਇੰਨਾਂ ਆਖਦਿਆਂ ਹੋਇਆਂ ਮਹਾਰਾਜੇ ਦਾ ਸਾਹ ਸੁਕ ਗਿਆ।

ਕੰਵਰ ਨੇ ਉਸ ਵੇਲੇ ਦਵਾਈ ਦੀਆਂ ਦੋ ਚਾਰ ਬੂੰਦਾਂ ਮਹਾਰਾਜੇ ਦੇ ਮੂੰਹ ਪਾਈਆਂ ਤਾਂ ਕੁਝ ਹੋਸ਼ ਆਈ।

"ਮੈਨੂੰ ਗਸ਼ਾਂ ਪੈਣੀਆਂ ਸ਼ੁਰੂਹੋ ਗਈਆਂ ਹਨ। ਜ਼ਬਾਨ ਸਿੱਧੀ ਨਹੀਂ ਰਹੀ, ਪਰ ਮੈਂ ਕੁਝ ਬੋਲਣਾ ਜ਼ਰੂਰ ਚਾਹੁੰਦਾ ਹਾਂ।" ਮਹਾਰਾਜਾ ਚੁਪ ਨਾ ਰਿਹਾ, "ਇੰਗਲਿਸਤਾਨ ਵਿਚੋਂ ਸਭ ਕੁਝ ਸਮੇਟ ਕੇ ਮੈਂ ਆਪਣੇ ਵਤਨ ਨੂੰ ਚਲਿਆ, ਪਰ ਅਦਨ ਤੋਂ ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ...।"

"ਗ੍ਰਿਫ਼ਤਾਰ ਕਿਉਂ ਕਰ ਲਿਆ?" ਕੰਵਰ ਫ਼ੈਡਰਿਕ ਨੇ ਪੁਛਿਆ।

"ਜਦੋਂ ਮੈਂ ਗੌਰਮਿੰਟ ਨਾਲ ਮੁਕੱਦਮੇ ਲੜ ਕੇ, ਬੇਨਤੀਆਂ ਕਰ ਕੇ ਤੇ ਹੋਰ ਸਾਰੇ ਹੀਲੇ ਵਰਤ ਕੇ ਵੀ ਇਨ੍ਹਾਂ ਕੁਟਲ-ਨੀਤੀਆਂ ਤੋਂ ਆਪਣੇ ਹੱਕ ਨਾ ਪ੍ਰਾਪਤ ਕਰ ਸਕਿਆ ਤਾਂ ਮੈਂ ਨਿਰਾਸ਼ ਹੋ ਕੇ ਇੰਡੀਆਂ ਨੂੰ ਚੱਲ ਪਿਆ। ਨਾਲੇ ਮੈਂ ਜਦੋਂ ਅੰਞਾਣ ਸਾਂ, ਉਦੋਂ ਮੈਨੂੰ ਈਸਾਈ ਬਣਾ ਲਿਆ ਗਿਆ ਸੀ ਅਤੇ ਇਸ ਤਰ੍ਹਾਂ ਮੈਨੂੰ ਮੇਰੇ ਪਿਆਰੇ ਗੁਰੂਨਾਨਕ

ਤੇ ਗੁਰੂਗੋਬਿੰਦ ਸਿੰਘ ਜੀ ਤੋਂ ਵਿਛੋੜ ਲਿਆ ਗਿਆ ਸੀ। ਵੱਡੇ ਹੋਣ ਤੇ ਮੈਨੂੰ ਸਮਝ ਆਈ ਕਿ ਮੈਂ ਕਿਸ ਅੰਮ੍ਰਿਤ ਦੇ ਸੋਮੇਂ ਨਾਲੋਂ ਨਿਖੇੜ ਦਿੱਤਾ ਗਿਆ ਹਾਂ। ਮੈਂ ਫਿਰ ਉਸੇ ਸੋਮੇ ਨਾਲ ਜੁੜ ਜਾਣਾ ਚਾਹੁੰਦਾ ਸਾਂ। ਮੈਂ ਭਾਰਤ ਵਿਚ ਜਾ ਕੇ ਗੁਰੂਦਾ ਅੰਮ੍ਰਿਤ ਛਕਣ ਦਾ ਫ਼ੈਸਲਾ ਕਰ ਲਿਆ ਅਤੇ ਬਾਕੀ ਜ਼ਿੰਦਗੀ ਵੀ ਆਪਣੇ ਸਾਥੀ ਸਿੰਘਾਂ ਨਾਲ ਉਥੇ ਹੀ ਬਿਤਾਉਣ ਦਾ ਇਰਾਦਾ ਬਣਾ ਲਿਆ। ਇਹ ਮੇਰੀ ਤੀਬਰ ਇੱਛਾ ਸੀ.....।"

"ਜੇ ਤੁਹਾਡੇ ਮਨ ਦੀ ਇੰਨੀ ਜ਼ੋਰਦਾਰ ਖ਼ਾਹਿਸ਼ ਸੀ ਤਾਂ ਤੁਸੀਂ ਉਥੇ ਚਲੇ ਜਾਣਾ ਸੀ, ਇਥੇ ਰਹਿ ਕੇ ਕਿਉਂ ਦੁਖੀ ਹੁੰਦੇ ਰਹੇ?" ਕੰਵਰ ਫ਼ੈਡਰਿਕ ਨੇ ਵਿਚੋਂ ਹੀ ਟੋਕ ਕੇ ਕਿਹਾ।

"ਕੋਈ ਜਾਣ ਵੀ ਦਿੰਦਾ ਤਾਂ। ਮੈਨੂੰ ਇਨ੍ਹਾਂ ਭਾਰਤ ਨੂੰ ਜਾਣ ਦੀ ਆਗਿਆ ਤਾਂ ਦੇ ਦਿੱਤੀ ਪਰ ਬੇਦਿਲਿਆਂ ਜਹੀ, ਮਤੇ ਭਾਰਤ ਵਿਚ ਮੇਰੇ ਪੁੱਜਣ ਨਾਲ ਸਿੱਖ ਭੜਕ ਉੱਠਣ। ਛੇਕੜ ਮੈਂ ਜਹਾਜ਼ੇ ਸਵਾਰ ਹੋ ਗਿਆ। ਮੇਰੇ ਅੰਦਰ ਕਾਹਲਾਂ ਉਠ ਰਹੀਆਂ ਸਨ ਕਿ ਕਦੋਂ ਆਪਣੇ ਵਿਛੜੇ ਗੁਰੂਨੂੰ ਮੁੜ ਗਲਵੱਕੜੀਆਂ ਪਾਵਾਂਗਾ ਅਤੇ ਉਹ ਮੈਨੂੰ ਆਪਣੇ ਸਿੱਖ ਸਿੱਖ ਬਣਾ ਕੇ ਨਿਵਾਜਣਗੇ ਸਾਡਾ ਜਹਾਜ਼ ਅਦਨ ਪੁੱਜਾ ਮੈਂ ਇਥੇ ਹੀ ਪੰਜ ਸਿੰਘਾਂ ਤੋਂ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ। ਇਸ ਗੱਲ ਨਾਲ ਅੰਗਰੇਜ਼ੀ ਸਰਕਾਰ ਹੋਰ ਘਬਰਾਈ। ਛੇਕੜ ਉਨ੍ਹਾਂ ਮੈਨੂੰ ਉਥੋਂ ਹੀ ਗ੍ਰਿਫ਼ਤਾਰ ਕਰ ਕੇ ਵਾਪਸ ਮੋੜ ਲਿਆ।"

"ਅੱਛਾ, ਇਹ ਗੱਲ ਹੈ! ਤੁਹਾਡਾ ਆਪਣੇ ਦੇਸ਼ ਜਾਣ ਤੇ ਆਪਣਾ ਮਜ਼ਹਬ ਧਾਰਨ ਕਰਨ ਤੋਂ ਇਨ੍ਹਾਂ ਨੂੰ ਡਰ ਲਗ ਗਿਆ ਤੇ ਗ੍ਰਿਫ਼ਤਾਰ ਕਰ ਲਿਆ ਨੇ? ਕਿਤਨਾ ਜ਼ੁਲਮ ਤੇ ਅਨਿਆਏ ਹੈ!! ਫਿਰ ਉਸ ਤੋਂ ਬਾਅਦ ਕੀ ਹੋਇਆ ਪਿਤਾ ਸੀ?"

"ਮੇਰੇ ਵਾਸਤੇ ਨਾ ਹਿੰਦੁਸਤਾਨ ਰਿਹਾ ਨਾ ਇੰਗਲਿਸਤਾਨ! ਤੇਰੀ ਮਾਤਾ ਨੇ ....ਗਲਤੀ ਕੀਤੀ! ਉਹ ਮਲੋ ਮਲੀ ਮੈਨੂੰ ਤੇ ਤੁਹਾਨੂੰ ਮੁੜ ਇੰਗਲਿਸਤਾਨ ਲੈ ਗਈ। ਜਿਸ ਕੌਮ ਦੇ ਬੱਚੇ ਬੱਚੇ ਕੋਲੋਂ ਮੈਨੂੰ ਨਫ਼ਰਤ ਹੈ, ਜਿਸ ਨੇ ਮੇਰਾ ਰਾਜ-ਭਾਗ ਤੇ ਧਰਮ ਨਹੀਂ ਛੱਡਿਆ, ਉਸ ਕੌਮ ਦੇ ਮੈਨੂੰ ਸਵੇਰੇ ਉਠ ਕੇ ਮੱਥੇ ਲਗਣਾ ਪਿਆ। ਲੋਕ ਸਭਾ ਤੇ ਲੋਕ ਰਾਏ ਮੇਰੀ ਮਦਦ ਨਹੀਂ ਕਰ ਸਕੀ.... ਮੈਂ ਤੁਸਾਂ ਕੋਲੋਂ ਚੋਰੀ ਨੱਸ ਕੇ ਫ਼ਰਾਂਸ ਆ ਗਿਆ, ਕਿਉਂਕਿ ਲੰਡਨ ਦੇ ਚੌਗਿਰਦੇ ਨਿਰਾਦਰੀ ਦਾ ਜੀਵਨ ਮੈਂ ਨਹੀਂ ਸਾਂ ਜੀਉਣਾ ਚਾਹੁੰਦਾ.....।"

"ਇੰਗਲਿਸਤਾਨ ਤੋਂ ਵਾਪਿਸ ਆ ਕੇ ਮੈਂ ਜਰਮਨੀ ਤੇ ਰੂਸ ਦੇ ਬਾਦਸ਼ਾਹਾਂ ਕੋਲ ਗਿਆ। ਥਾਂ ਥਾਂ ਫਿਰਿਆ, ਪਰ ਅੰਗਰੇਜ਼ ਕੋਲੋਂ ਬਦਲਾ ਲੈਣ ਵਾਸਤੇ ਮੈਨੂੰ ਕਿਸੇ ਨਾ ਮਦਦ ਦਿੱਤੀ।..... ਰੂਸ ਦੀਆਂ ਅਖ਼ਬਾਰਾਂ ਵਿਚ ਮੇਰੀ ਦਰਦ ਭਰੀ ਕਹਾਣੀ ਛਪੀ, ਪਰ ਜ਼ਾਰ ਦੇ ਦਿਲ ਤੇ ਕੋਈ ਅਸਰ ਨਾ ਹੋਇਆ। ਨਾਲ ਹੀ ਮੈਂ ਭਾਰਤ ਦੀਆਂ ਅਖ਼ਬਾਰਾਂ ਵਿਚ ਇਹ ਚਿੱਠੀ ਛਪਪਾਈ-"ਯਾਰਾਂ ਸਾਲ ਦੀ ਉਮਰ ਵਿਚ ਅੰਗਰੇਜ਼ਾਂ ਨੇ ਮੈਥੋਂ ਪੰਜਾਬ ਖੋਹ ਲਿਆ, ਤੇ ਧੱਕੇ ਨਾਲ ਅਹਿਦਨਾਮੇ ਉਤੇ ਮੈਥੋਂ ਦਸਤਖ਼ਤ ਕਰਾ ਲਏ ਸਨ। ਹੁਣ ਉਹ ਸੰਧੀਨਾਮਾਂ ਮੈਨੂੰ ਪਰਵਾਨ ਨਹੀਂ। ਮੈਂ ਸੁਤੰਤਰ ਬਾਦਸ਼ਾਹ ਵਾਂਗ ਰੂਸ ਦੀਆਂ ਫ਼ੌਜਾਂ ਦੀ ਮਦਦ ਲੈ ਕੇ ਆਪਣਾ ਰਾਜ ਵਾਪਸ ਲੈਣ ਵਾਸਤੇ ਹਿੰਦੁਸਤਾਨ ਆ ਰਿਹਾ ਹਾਂ। ਤੁਸੀਂ ਇਕ ਆਨਾ ਰਾਜ ਵਾਪਸ ਲੈਣ ਵਾਸਤੇ ਹਿੰਦੁਸਤਾਨ ਆ ਰਿਹਾ ਹਾਂ। ਤੁਸੀਂ ਇਕ ਆਨਾ ਜੀਅ ਪ੍ਰਤੀ

ਪੰਜਾਬੀ ਤੇ ਇਕ ਪੈਸਾ ਜੀਅ ਪ੍ਰਤੀ ਹਿੰਦੁਸਤਾਨੀ ਇੱਕਠਾ ਕਰ ਕੇ ਮੇਰੀ ਸਹਾਇਤਾ ਕਰੋ।.... ਇਹ ਚਿੱਠੀ ਛਪੀ। ਸਾਰੇ ਭਾਰਤ ਦੀਆਂ ਅਖ਼ਬਾਰਾਂ ਵਿਚ ਛਪੀ । ਪਰ ਆਹ! ਮੇਰੀ ਕਿਸਮਤ ਫੁੱਟ ਗਈ....!" ਏਨਾ ਆਖ ਕੇ ਦਲੀਪ ਸਿੰਘ ਚੁੱਪ ਕਰ ਗਿਆ।

"ਕਿਉਂ? ਅੱਗੇ ਕੀ ਹੋਇਆ ਪਿਤਾ ਜੀ?" ਕੰਵਰ ਨੇ ਪੁਛਿਆ।

"ਮੈਂ ਰੂਸ ਪੁੱਜਾ ਹੀ ਸਾਂ ਕਿ ਮੈਨੂੰ ਖ਼ਬਰ ਮਿਲ ਗਈ ਕਿ ਮੇਰੀ ਜੀਵਨ ਸਾਥਣ ਮੇਰਾ ਸਾਥ ਛੱਡ ਗਈ। ਆਹ! ਪਿਆਰੀ ਬੰਬਾ! ਪੁੱਤਰ ਤੇਰੀ ਮਾਂ ਬੜੀ ਚੰਗੀ ਸੀ.... ਉਸ ਦੇ ਨਾਲ ਇਹ ਵੀ ਸੁਣਿਆ ਸੀ ਕਿ ਡਾਕਟਰ ਲਾਜਿਨ ਵੀ ਇਸ ਦੁਨੀਆਂ ਨੂੰ ਛੱਡ ਗਿਆ। ਇਨ੍ਹਾਂ ਦੋਹਾਂ ਸਦਮਿਆਂ ਦੀ ਸੱਟ ਸ਼ਾਇਦ ਮੈਂ ਸਹਿ ਜਾਂਦਾ। ਸ਼ਾਹਿਦ ਮੇਰੀ ਉਮਰ ਅਜੇ ਦੱਸ ਸਾਲ ਹੋਰ ਵੱਧ ਜਾਂਦੀ ਪਰ ਇਸ ਤੋਂ ਭੀ ਭਾਰੀ ਸੱਟ ਮੇਰਾ ਲੱਕ ਤੋੜ ਗਈ।"

"ਉਹ ਕਿਹੜੀ ਸੱਟ ਪਿਤਾ ਜੀ?" ਕੰਵਰ ਨੇ ਪੁਛਿਆ।

"ਮੇਰੇ ਵਤਨ ਵਾਸੀਆਂ ਦਾ ਧਰੋਹ! ਮੇਰੇ ਗੁਰ ਭਾਈਆਂ ਦੀ ਗ਼ੱਦਾਰੀ.... ਅਕ੍ਰਿਤਘਣਤਾ!" ਬੜੇ ਗੁੱਸੇ ਨਾਲ ਮਹਾਰਾਜਾ ਬੋਲਿਆ! ਪਰ ਆਵਾਜ਼ ਉੱਚੀ ਨਹੀਂ ਸੀ ਜ਼ਬਾਨ ਤੇ ਆਂਦਰਾਂ ਬਲ-ਹੀਨ ਸਨ।

"ਉਹ ਕਿਵੇਂ।"

3● ਨਵੰਬਰ 1889 ਦੀ ਲਿਖੀ ਚਿੱਠੀ ਹੈ। ਜੋ ਉਸ ਸ਼ਹਿਰ ਦੇ ਸਿੰਘਾਂ ਵਲੋਂ ਆਈ, ਜਿਹੜਾ ਤੇਰੇ ਬਾਬੇ ਦੀ ਜਨਮ ਭੂਮੀ ਹੈ!..... ਜਿਸ ਜ਼ਿਲ੍ਹੇ ਤੇ ਮੈਨੂੰ ਮਾਣ ਸੀ।"

"ਕਿਹੜਾ ਜ਼ਿਲ੍ਹਾ?"

"ਗੁਜਰਾਂ ਵਾਲਾ।"

"ਕੀ ਲਿਖਿਆ ਨੇ?"

"ਪੜ੍ਹ ਲੈ!" ਇੰਨਾਂ ਆਖ ਕੇ ਮਹਾਰਾਜੇ ਨੇ ਦੋ ਚਿੱਠੀਆਂ ਕੰਵਰ ਨੂੰ ਫੜਾ ਦਿੱਤੀਆਂ।

ਚਿੱਠੀਆਂ ਬੜੀਆਂ ਲੰਮੀਆਂ ਸਨ। ਉਨ੍ਹਾਂ ਵਿਚ ਰਣਜੀਤ ਸਿੰਘ ਦੇ ਰਾਜ ਦੀ ਨਿਖੇਧੀ ਕੀਤੀ ਗਈ ਸੀ ਤੇ ਅੰਤ ਵਿਚ ਲਿਖਿਆ ਸੀ, "ਜਿਹੜਾ ਤੂੰ ਸਰਕਾਰ ਅੰਗਰੇਜ਼ੀ ਤੋਂ ਬਾਗ਼ੀ ਹੋਇਆ ਹੈ, ਇਹ ਤੂੰ ਅਕਲ ਦਾ ਕੰਮ ਨਹੀਂ ਕੀਤਾ। ਸਾਡੇ ਵਿਚੋਂ ਕੋਈ ਤੇਰੀ ਸਹਾਇਤਾ ਦਾ ਨਾਂ ਨਹੀਂ ਲਵੇਗਾ। ਤੂੰ ਸਾਥੋਂ ਕੋਈ ਆਸ ਨਾ ਰੱਖੀਂ। ਬੁਰੇ ਖ਼ਿਆਲ ਛੱਡ ਕੇ ਲੰਡਨ ਨੂੰ ਮੁੜ ਜਾਹ। ਅੰਗਰੇਜ਼ਾਂ ਤੋਂ ਮਾਫ਼ੀ ਮੰਗ ਲੈ।"

ਦੂਸਰੀ ਚਿੱਠੀ ਨਹੀਂ ਸੀ, ਸਗੋਂ ਲਾਰਡ ਡਫਰਿਨ ਵਾਇਸਰਾਏ ਹਿੰਦ ਦੇ ਸਿੱਖਾਂ ਵਲੋਂ ਪੇਸ਼ ਕੀਤੇ ਐਡਰੈਸ ਦੀ ਕਾਪੀ ਸੀ, ਜੋ 1 ਨਵੰਬਰ 1888 ਈ: ਨੂੰ ਪੇਸ਼ ਕੀਤਾ ਗਿਆ ਸੀ। ਇਹ ਕਾਪੀ ਚਿੱਠੀ ਦੇ ਨਾਲ ਹੀ ਨੱਥੀ ਕੀਤੀ ਹੋਈ ਸੀ। ਕੰਵਰ ਨੇ ਹੇਠ ਲਿਖੇ ਵਾਕ ਬੜੇ ਜ਼ੋਰ ਨਾਲ ਪੜ੍ਹੇ-"ਇਨ੍ਹਾਂ (ਸਿਖਾਂ) ਨੇ (ਮਹਾਰਾਜਾ) ਦਲੀਪ ਸਿੰਘ ਦੇ ਹੱਕਾਂ ਨੂੰ ਮੰਨਣ ਤੋਂ ਇਨਕਾਰ ਕਰ ਕੇ ਚੰਗੀ ਤਰ੍ਹਾਂ ਦੱਸ ਦਿੱਤਾ ਹੈ ਕਿ ਉਹ ਕਿਵੇਂ ਬ੍ਰਿਟਿਸ਼ ਰਾਜ ਹੇਠ ਬੜੇ ਸੁਖੀ ਹਨ।

...... ...... ......

(ਮਹਾਰਾਜਾ) ਦਲੀਪ ਸਿੰਘ ਰੂਸੀ ਸਾਜ਼ਸ ਦੀ ਚੁੱਕ ਨਾਲ ਖੁਲ੍ਹੇ ਤੌਰ ਤੇ ਸਿੱਖਾਂ ਨੂੰ ਆਪਣੀ ਵਲ ਖਿੱਚ ਰਿਹਾ ਹੈ। ਸਿੱਖ ਉਸਨੂੰ (ਮਹਾਰਾਜਾ ਦਲੀਪ ਸਿੰਘ ਨੂੰ) ਦਗ਼ੇਬਾਜ਼ ਤੇ ਝੂਠਾ ਦਾਹਵੇਦਾਰ ਸਮਝਦੇ ਹਨ । ਉਹ (ਸਿੱਖ) ਆਪਣੀ ਸਰਵ ਅਧਿਕਾਰੀ ਮਲਕਾ (ਵਿਕਟੋਰੀਆ) ਲਈ ਮਰ ਮਿਟਣਗੇ, ਪਰ ਉਸ (ਦਲੀਪ ਸਿੰਘ) ਨੂੰ ਕਦੀ ਵੀ ਆਪਣਾ ਮਹਾਰਾਜਾ ਨਹੀਂ ਮੰਨਣਗੇ।

ਜਿਉਂ ਜਿਉਂ ਉਪਰੋਕਤ ਲਿਖਤਾਂ ਨੂੰ ਕੰਵਰ ਪੜ੍ਹਦਾ ਗਿਆ ਤਿਉਂ ਤਿਉਂ ਗੁੱਸੇ ਨਾਲ ਉਸ ਦਾ ਸਰੀਰ ਕਾਂਬੇ ਵਿਚ ਆਉਂਦਾ ਗਿਆ। ਉਸ ਕਾਂਬੇ ਦੇ ਅਸਰ ਨਾਲ ਉਸਦੀ ਆਵਾਜ਼ ਉੱਚੀ ਹੁੰਦੀ ਗਈ । ਅੰਤ ਤੇ ਪੁੱਜ ਕੇ ਐਨੀ ਉੱਚੀ ਹੋ ਗਈ ਕਿ ਕਮਰਾ ਗੂੰਜ ਉੱਠਿਆ। ਉਨ੍ਹਾਂ ਕਾਗਜ਼ਾਂ ਨੂੰ ਬੜੇ ਗੁੱਸੇ ਨਾਲ ਹੱਥ ਵਿਚ ਮਿਧਦਾ ਹੋਇਆ ਬੋਲਿਆ, ਗੱਦਾਰੀ ! ਭਾਰੀ ਗੱਦਾਰੀ !! ਲੱਖ ਲਾਹਨਤ ਗ਼ੁਲਾਮਾਂ ਉੱਤੇ ! ਪਰਦੇਸ ਰਾਜ ਦੀਆਂ ਸਿਫ਼ਤਾਂ, ਆਪਣੇ ਦੀ ਨਿਖੇਧੀ ! ਧ੍ਰਿਕਾਰ !!" ਇੰਨਾਂ ਆਖਦਿਆਂ ਉਹ ਕਾਗਜ਼ ਹੱਥ ਵਿਚੋਂ ਪਰ ਸੁੱਟ ਦਿਤੇ? ਪਰ ਜਿਉਂ ਹੀ ਹੇਠਾਂ ਧਿਆਨ ਕੀਤਾ ਤਾਂ ਮਹਾਰਾਜਾ ਦਲੀਪ ਸਿੰਘ ਦੀ ਰੂਹ ਉੱਡ ਕੇ ਕਿਤੇ ਜਾ ਚੁੱਕੀ ਸੀ।

"ਪਿਤਾ ਜੀ ! ਪਿਤਾ ਜੀ ! ਹਾਇ ! ਤੁਸੀਂ ਚਲੇ ਗਏ। ਹੋਰ ਕੁਝ ਨਾ ਦੱਸ ਗਏ ! ਮੈਨੂੰ ਕੋਈ ਹੁਕਮ ਨਾ ਦੇ ਗਏ !" ਇਉਂ ਕੁਰਲਾਂਦਾ ਹੋਇਆ ਕੰਵਰ ਫ਼ੈਡਰਿਕ ਮਹਾਰਾਜਾ ਦੀ ਲੋਥ ਉਤੇ ਡਿੱਗ ਪਿਆ।

ਸੁਰਤੀ ਬਾਹਰ ਸੀ ਉਸਨੇ ਜਦੋਂ ਕੰਵਰ ਦੀਆਂ ਧਾਹੀਂ ਸੁਣੀਆਂ ਤਾਂ ਛੇਤੀ ਨਾਲ ਅੰਦਰ ਆਇਆ। ਉਸਦੀ ਜ਼ਬਾਨੋਂ ਸਿਰਫ਼ ਇਹੋ ਨਿਕਲਿਆ, "ਕੀ ਸਰਕਾਰ ਤੁਰ ਗਈ !" ਬਸ ਗਸ਼ ਖਾ ਕੇ ਫ਼ਰਸ਼ ਤੇ ਦੁਫਾੜ ਡਿਗ ਪਿਆ। ਅਜਿਹਾ ਡਿਗਿਆ ਕਿ ਫਿਰ ਨਾ ਉਠ ਸਕਿਆ। ਮਾਲਕ ਤੇ ਸੇਵਕ ਇੱਕਠੇ ਹੀ ਇਸ ਅਕ੍ਰਿਤਘਣ ਦੁਨੀਆਂ ਤੋਂ ਦੂਰ ਚਲੇ ਗਏ।

ਮਹਾਰਾਜਾ ਦੀ ਅਰਥੀ ਨੂੰ ਬਰਤਾਨੀਆਂ ਵਿਚ ਲਿਜਾ ਕੇ ਬੜੀ ਸ਼ਾਹੀ ਸ਼ਾਨ ਨਾਲ 25 ਅਕਤੂਬਰ ਨੂੰ ਅੰਤਮ ਸੰਸਕਾਰ ਕਰ ਦਿੱਤਾ ਗਿਆ ਅਤੇ ਮਲਕਾ ਵਿਕਟੋਰਿਆ ਤੇ ਹੋਰ ਅਮੀਰਾਂ ਵਜ਼ੀਰਾਂ ਨੇ ਅਫ਼ਸੋਸ ਤੇ ਹਮਦਰਦੀ ਦੇ ਦਿਖਲਾਵੇ ਕਰ ਭੇਜੇ।

ਇਉਂ ਜਿੰਦਾਂ ਦੀ ਕੁਰਲਾਂਦੀ ਤੇ ਤੜਫਦੀ ਰੂਹ ਨੂੰ ਉਸ ਦੇ ਬਚੜੇ ਦਲੀਪ ਦੀ ਰੂਹ ਜਾ ਮਿਲੀ।


## ਲੇਖਕ: ਜਸਬੀਰ ਸਿੰਘ

**Ph. : (0172-2696891), 09988160484**



**Type Setting :**
**Radheshyam Choudhary**
**Mob. : 098149- 66882**